# ਐਲੀਮੈਂਟਰੀ ਸਿੱਖਿਆ ਵਿੱਚ ਡਿਪਲੋਮਾ

## (ਡੀ.ਐੱਲਐੱਡ.)

## ਐਲੀਮੈਂਟਰੀ ਸਕੂਲਾਂ ਵਿੱਚ ਸਿੱਖਿਆ ਪ੍ਰਕਿਰਿਆ

## ਬਲਾਕ–4

## ਸਿਖਲਾਈ ਮੁਲਾਂਕਣ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ

ਏ–24/25, ਇੰਡਸਟਰੀਅਲ ਏਰੀਆ, ਸੈਕਟਰ–62,

ਨੋਇਡਾ ਗੌਤਮ ਬੁੱਧ ਨਗਰ, ਯੂਪੀ–201309

ਵੈਬਸਾਈਟ: www.nios.ac.in

# ਚੇਅਰਮੈਨ ਦਾ ਸੰਦੇਸ਼...

ਪਿਆਰੇ ਵਿਦਿਆਰਥੀਓ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਭਾਰਤ ਸਰਕਾਰ ਦੇ ਮਨੁੱਖੀ ਵਸੀਲੇ ਵਿਭਾਗ (ਐੱਮਐੱਚਆਰਡੀ) ਅਧੀਨ ਇੱਕ ਖ਼ੁਦਮੁਖਤਿਆਰ ਸੰਸਥਾ ਹੈ। ਮੌਜੂਦਾ ਸਮੇਂ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ 'ਤੇ 2.02 ਮਿਲੀਅਨ ਵਿਦਿਆਰਥੀਆਂ ਦੇ ਪੰਜੀਕਰਨ ਨਾਲ ਇਹ ਵਿਸ਼ਵ ਦੀ ਸਭ ਤੋਂ ਵੱਡੀ ਸਕੂਲ ਪ੍ਰਣਾਲੀ ਹੈ। ਐੱਨਆਈਓਐੱਸ ਦੇ ਦੇਸ਼ ਦੇ ਅੰਦਰ ਅਤੇ ਬਾਹਰ ਆਪਣੇ ਅਕਾਦਮਿਕ ਅਤੇ ਵੋਕੇਸ਼ਨਲ ਪ੍ਰੋਗਰਾਮਾਂ ਲਈ 15 ਤੋਂ ਜ਼ਿਆਦਾ ਖੇਤਰੀ ਕੇਂਦਰਾਂ, 2 ਉਪ ਕੇਂਦਰਾਂ ਅਤੇ ਲਗਪਗ 5,000 ਅਧਿਐਨ ਕੇਂਦਰਾਂ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੈੱਟਵਰਕ ਹੈ। ਇਹ ਓਪਨ ਅਤੇ ਡਿਸਟੈਂਸ ਸਿੱਖਿਆ ਪ੍ਰਣਾਲੀ ਰਾਹੀਂ ਵਿਦਿਆਰਥੀ ਕੇਂਦਰਿਤ ਗੁਣਵੱਤਾ ਸਿੱਖਿਆ, ਹੁਨਰ ਅਪ-ਗ੍ਰੇਡੇਸ਼ਨ ਅਤੇ ਸਿਖਲਾਈ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਇਹ ਆਪਣੇ ਪ੍ਰੋਗਰਾਮਾਂ ਦਾ ਆਦਾਨ ਪ੍ਰਦਾਨ ਪ੍ਰਿੰਟਿਡ ਸਮੱਗਰੀ ਦੇ ਜ਼ਰੀਏ ਕਰਦਾ ਹੈ ਜਿਸ ਵਿੱਚ ਆਹਮੋ ਸਾਹਮਣੇ ਪੜ੍ਹਾਈ (ਵਿਅਕਤੀਗਤ ਸੰਪਰਕ ਪ੍ਰੋਗਰਾਮ), ਸੂਚਨਾ ਅਤੇ ਸੰਚਾਰ ਤਕਨਾਲੋਜੀ ਆਡਿਓ/ ਵੀਡਿਓ ਕੈਸੇਟ, ਰੇਡਿਓ ਪ੍ਰਸਾਰਣ ਅਤੇ ਟੈਲੀਕਾਸਟ ਆਦਿ ਨਾਲ ਇਨ੍ਹਾਂ ਦੇ ਉਪਯੋਗ ਦੀ ਪੂਰਤੀ ਕਰਦਾ ਹੈ।

ਐੱਨਆਈਓਐੱਸ ਨੂੰ ਐਲੀਮੈਂਟਰੀ ਪੱਧਰ ਦੇ ਅਣਟਰੇਂਡ ਅਧਿਆਪਕਾਂ ਨੂੰ ਸਿਖਲਾਈ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਐੱਨਆਈਓਐੱਸ ਵੱਲੋਂ ਖੇਤਰ ਦੀਆਂ ਵਿਭਿੰਨ ਏਜੰਸੀਆਂ ਦੇ ਸਹਿਯੋਗ ਨਾਲ ਡੀ.ਈਐੱਲ.ਈਡੀ. ਪ੍ਰੋਗਰਾਮ ਲਈ ਸਿਖਲਾਈ ਪੈਕੇਜ ਵਿਕਸਤ ਕੀਤਾ ਗਿਆ ਹੈ। ਸੰਸਥਾ ਆਰਟੀਈ 2009 ਮੁਤਾਬਿਕ ਵੱਖ ਵੱਖ ਰਾਜਾਂ ਵਿੱਚ ਇਨ-ਸਰਵਿਸ ਅਣਟਰੇਂਡ ਅਧਿਆਪਕਾਂ ਨੂੰ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਵਿੱਚ ਦੋ ਸਾਲ ਦਾ ਨਵੀਨਤਮ ਅਤੇ ਚੁਣੌਤੀਪੂਰਨ ਡਿਪਲੋਮੇ ਦੀ ਪੇਸ਼ਕਸ਼ ਦਿੰਦੀ ਹੈ।

ਮੈਂ ਤੁਹਾਡਾ ਸਾਰਿਆਂ ਦਾ ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਦੇ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਦੇ ਡਿਪਲੋਮਾ ਕੋਰਸ ਵਿੱਚ ਸਵਾਗਤ ਕਰਦੇ ਹੋਏ ਮਾਣ ਮਹਿਸੂਸ ਕਰਦਾ ਹਾਂ। ਮੈਂ ਤੁਹਾਡੇ ਰਾਜਾਂ ਦੀ ਐਲੀਮੈਂਟਰੀ ਸਿੱਖਿਆ ਵਿੱਚ ਤੁਹਾਡੇ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕਰਦਾ ਹਾਂ। ਆਰਟੀਈ 2009 ਕਾਨੂੰਨ ਅਨੁਸਾਰ ਸਾਰੇ ਸਕੂਲ ਅਧਿਆਪਕਾਂ ਦਾ ਪੇਸ਼ੇਵਰ ਸਿੱਖਿਅਤ ਹੋਣਾ ਲਾਜ਼ਮੀ ਬਣ ਗਿਆ ਹੈ। ਅਸੀਂ ਸਮਝਦੇ ਹਾਂ ਕਿ ਅਧਿਆਪਕ ਦੇ ਰੂਪ ਵਿੱਚ ਤੁਹਾਡੇ ਅਨੁਭਵ ਨੇ ਤੁਹਾਨੂੰ ਪਹਿਲਾਂ ਤੋਂ ਹੀ ਇੱਕ ਚੰਗਾ ਅਧਿਆਪਕ ਬਣਨ ਲਈ ਜ਼ਰੂਰੀ ਹੁਨਰ ਪ੍ਰਦਾਨ ਕਰ ਦਿੱਤਾ ਹੈ। ਤੁਹਾਨੂੰ ਇਹ ਕੋਰਸ ਮੁਕੰਮਲ ਕਰਨ ਲਈ ਹੁਣ ਇਹ ਕਾਨੂੰਨ ਰਾਹੀਂ ਲਾਜ਼ਮੀ ਕਰ ਦਿੱਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਹੁਣ ਤੱਕ ਤੁਹਾਡੇ ਵੱਲੋਂ ਹਾਸਲ ਕੀਤਾ ਗਿਆ ਗਿਆਨ ਅਤੇ ਅਨੁਭਵ ਨਿਸ਼ਚਿਤ ਰੂਪ ਨਾਲ ਇਸ ਪ੍ਰੋਗਰਾਮ ਵਿੱਚ ਤੁਹਾਡੀ ਮਦਦ ਕਰਨਗੇ।

ਇਹ ਡੀ.ਈਐੱਲ.ਈਡੀ. ਪ੍ਰੋਗਰਾਮ ਓਪਨ ਅਤੇ ਡਿਸਟੈਂਸ ਸਿੱਖਿਆ (ਓਡੀਐੱਲ) ਮੋਡ ਰਾਹੀਂ ਹੁੰਦਾ ਹੈ ਅਤੇ ਤੁਹਾਨੂੰ ਅਧਿਆਪਕ ਦੇ ਰੂਪ ਵਿੱਚ ਨਿਯਮਤ ਰੂਪ ਨਾਲ ਕਾਰਜ ਕਰਨ ਤੋਂ ਪ੍ਰੇਸ਼ਾਨ ਕੀਤੇ ਬਿਨਾਂ ਪੇਸ਼ੇਵਰ ਰੂਪ ਵਿੱਚ ਸਿੱਖਿਅਤ ਹੋਣ ਦਾ ਢੁਕਵਾਂ ਮੌਕਾ ਪ੍ਰਦਾਨ ਕਰਦਾ ਹੈ।

ਤੁਹਾਡੀ ਵਰਤੋਂ ਲਈ ਵਿਸ਼ੇਸ਼ ਰੂਪ ਤੋਂ ਵਿਕਸਤ ਸਵੈ ਸਿੱਖਿਆ ਸਮੱਗਰੀ ਸਮਝਣ ਵਿੱਚ ਸਹਾਇਕ ਹੋਏਗੀ ਅਤੇ ਤੁਹਾਨੂੰ ਨੌਕਰੀ ਦੇ ਯੋਗ ਬਣਾਉਣ ਤੋਂ ਇਲਾਵਾ ਚੰਗਾ ਅਧਿਆਪਕ ਬਣਨ ਵਿੱਚ ਤੁਹਾਡੀ ਮਦਦ ਕਰੇਗੀ।

ਇਸ ਮਹਾਨ ਕਾਰਜ ਲਈ ਸ਼ੁਭਕਾਮਨਾਵਾਂ!!

**ਚੇਅਰਮੈਨ**

**(ਐੱਨਆਈਓਐੱਸ)**

**ਕਰੈਡਿਟ ਅੰਕ** (8=6+2)

| ਬਲਾਕ | ਇਕਾਈ | ਇਕਾਈ ਦਾ ਨਾਂ | ਸਿਧਾਂਤਕ ਅਧਿਐਨ ਘੰਟੇ | | ਪ੍ਰਯੋਗਾਤਮਕ ਅਧਿਐਨ |
|---|---|---|---|---|---|
| | | | ਵਿਸ਼ਾ ਗਤੀਵਿਧੀ | ਵਸਤ | |
| ਬਲਾਕ–1 ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ | ਇਕਾਈ 1 | ਸਕੂਲ ਦੇ ਸ਼ੁਰੂਆਤੀ ਸਮੇਂ ਦੌਰਾਨ ਸਿਖਲਾਈ ਅਤੇ ਅਧਿਆਪਨ | 6 | 4 | ਆਪਣੇ ਅਨੁਭਵਾਂ ਨਾਲ 'ਸਹਾਇਕ ਦੇ ਰੂਪ ਵਿੱਚ ਅਧਿਆਪਕ ਦੀ ਭੂਮਿਕਾ' ਦੀ ਪਛਾਣ |
| | ਇਕਾਈ 2 | ਸਿਖਲਾਈ ਅਤੇ ਅਧਿਆਪਨ ਦੇ ਦ੍ਰਿਸ਼ਟੀਕੋਣ | 8 | 5 | ਆਪਣੇ ਸਹਿਕਰਮੀ ਦੇ ਵਿਵਹਾਰ ਨਾਲ ਬਾਲ ਕੇਂਦਰਿਤ ਦ੍ਰਿਸ਼ਟੀਕੋਣ ਦੇ ਗੁਣਾਂ ਦੀ ਪਛਾਣ ਕਰਨੀ |
| | ਇਕਾਈ 3 | ਅਧਿਆਪਨ ਅਤੇ ਸਿਖਲਾਈ ਦੀਆਂ ਵਿਧੀਆਂ | 7 | 4 | ਅਧਿਆਪਨ ਅਤੇ ਸਿਖਲਾਈ ਦੀ ਪ੍ਰਕਿਰਿਆ ਦੀਆਂ ਵਿਭਿੰਨ ਵਿਧੀਆਂ ਦੇ ਵਿਚਕਾਰ ਅੰਤਰ ਕਰਨਾ |
| | ਇਕਾਈ 4 | ਸਿਖਿਆਰਥੀ ਅਤੇ ਸਿਖਲਾਈ ਕੇਂਦਰਿਤ ਦ੍ਰਿਸ਼ਟੀਕੋਣ | 9 | 7 | 'ਇਕਾਈ ਵਿੱਚ ਦਿੱਤੇ ਗਏ ਵਿਭਿੰਨ ਦ੍ਰਿਸ਼ਟੀਕੋਣਾਂ ਦਾ ਕਲਾਸਰੂਮ ਪ੍ਰਬੰਧ ਸਮੱਸਿਆਵਾਂ ਵਿੱਚ ਉਪਯੋਗ" ਸੈਮੀਨਾਰ |
| ਬਲਾਕ–2 ਸਿਖਲਾਈ ਅਧਿਆਪਨ ਪ੍ਰਕਿਰਿਆ ਦਾ ਪ੍ਰਬੰਧਨ | ਇਕਾਈ 5 | ਕਲਾਸਰੂਮ ਪ੍ਰਕਿਰਿਆ ਦਾ ਪ੍ਰਬੰਧਨ | 6 | 3 | ਅਧਿਆਪਕ ਸਹਿਕਰਮੀ ਵੱਲੋਂ ਕਲਾਸਰੂਮ ਵਿੱਚ ਕੀਤੀਆਂ ਜਾਣ ਵਾਲੀਆਂ ਅਣਉਤਸ਼ਾਹਿਤ ਕਰਨ ਵਾਲੀਆਂ ਕਿਰਿਆਵਾਂ ਦੀ ਪਛਾਣ |
| | ਇਕਾਈ 6 | ਅਧਿਆਪਨ ਅਤੇ ਸਿਖਲਾਈ ਸਮੱਗਰੀ | 7 | 3 | ਵਿਭਿੰਨ ਵਿਸ਼ਾ ਖੇਤਰਾਂ ਨਾਲ ਵੱਖ ਵੱਖ ਧਾਰਨਾਵਾਂ ਲਈ ਅਧਿਆਪਨ ਸਿਖਲਾਈ ਸਮੱਗਰੀ ਨੂੰ ਅਲੱਗ ਅਲੱਗ ਕਰਨਾ |
| | ਇਕਾਈ 7 | ਬਹੁਕ੍ਰਮ ਅਤੇ ਬਹੁਪੱਧਰੀ ਸਥਿਤੀਆਂ ਦਾ ਪ੍ਰਬੰਧਨ | 8 | 5 | ਬਹੁਪੱਧਰੀ ਕਲਾਸਾਂ ਵਿੱਚ ਵਿਭਿੰਨ ਵਿਸ਼ਾ ਖੇਤਰਾਂ ਵਿੱਚ ਗਤੀਵਿਧੀਆਂ ਦਾ ਵਿਕਾਸ |
| | ਇਕਾਈ 8 | ਸਿਖਲਾਈ ਗਤੀਵਿਧੀਆਂ ਦੀ ਯੋਜਨਾ | 5 | 3 | ਸਿੱਖਿਆ ਅਤੇ ਸਹਿ ਸਿੱਖਿਆ ਕਿਰਿਆਵਾਂ, ਪਾਠ ਅਤੇ ਪਾਠ ਵਿਵਰਣ ਦੇ ਸਾਲਾਨਾ ਕੈਲੰਡਰ ਦਾ ਵਿਕਾਸ |

| | | | | | |
|---|---|---|---|---|---|
| | ਇਕਾਈ 9 | ਏਕੀਕ੍ਰਿਤ ਸਿਖਲਾਈ ਅਧਿਆਪਨ ਪ੍ਰਕਿਰਿਆ | 5 | 2 | ਵਿਭਿੰਨ ਵਿਸ਼ਾ ਖੇਤਰਾਂ ਦੀਆਂ ਧਾਰਨਾਵਾਂ ਦੇ ਏਕੀਕਰਨ ਲਈ ਗਤੀਵਿਧੀਆਂ ਦਾ ਵਿਕਾਸ |
| | ਇਕਾਈ 10 | ਸਿਖਲਾਈ ਪ੍ਰਕਿਰਿਆਵਾਂ ਅਤੇ ਸਾਧਨਾਂ ਦੇ ਸੰਦਰਭ | 5 | 2 | ਲੋਕ ਪਰੰਪਰਿਕ ਸਾਧਨਾਂ ਦਾ ਸੰਗ੍ਰਹਿ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਉਪਯੋਗ |
| ਬਲਾਕ-3 ਕਲਾਸ ਰੂਮ ਸਿਖਲਾਈ ਵਿੱਚ ਉੱਭਰਦੇ ਮੁੱਦੇ | ਇਕਾਈ 11 | ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ | 6 | 3 | ਪਾਠਾਂ ਦੇ ਸੰਪਾਦਨ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਾਧਨਾਂ ਦਾ ਵਿਕਾਸ |
| | ਇਕਾਈ 12 | ਕੰਪਿਊਟਰ ਸਹਿ ਸਿਖਲਾਈ | 6 | 3 | ਵਿਭਿੰਨ ਵਿਸ਼ਿਆਂ ਵਿੱਚ ਸਿਖਲਾਈਕਰਤਾ ਦੀ ਉਪਲੱਬਧੀ ਦਾ ਕੰਪਿਊਟਰੀਕ੍ਰਿਤ ਵਿਸ਼ਲੇਸ਼ਣ |
| ਬਲਾਕ-4 ਸਿਖਲਾਈ ਮੁਲਾਂਕਣ | ਇਕਾਈ 13 | ਮੁਲਾਂਕਣ ਅਤੇ ਮੁਲਾਂਕਣ ਦੇ ਆਧਾਰ | 7 | 3 | ਟਿਕਾਊ ਅਤੇ ਵਿਆਪਕ ਮੁਲਾਂਕਣ ਦਾ ਕਿਸੇ ਇੱਕ ਵਿਸ਼ਾ ਖੇਤਰ ਵਿੱਚ ਸੰਚਾਲਨ/ਆਯੋਜਨ |
| | ਇਕਾਈ 14 | ਮੁਲਾਂਕਣ ਦੇ ਸਾਧਨ ਅਤੇ ਚੁਣੌਤੀਆਂ | 8 | 5 | |
| | ਇਕਾਈ 15 | ਸਿਖਲਾਈ ਵਿੱਚ ਸੁਧਾਰ ਲਈ ਮੁਲਾਂਕਣ ਦੇ ਨਤੀਜਿਆਂ ਦਾ ਉਪਯੋਗ | 7 | 3 | ਵਿਭਿੰਨ ਵਿਸ਼ਾ ਖੇਤਰਾਂ ਵਿੱਚ ਇਕਾਈ ਟੈਸਟ ਦਾ ਵਿਕਾਸ |
| | ਇਕਾਈ 16 | ਸਿਖਲਾਈ ਅਤੇ ਮੁਲਾਂਕਣ | 7 | 3 | ਵਿਭਿੰਨ ਵਿਸ਼ਾ ਖੇਤਰਾਂ ਦੇ ਪ੍ਰਸ਼ਨ ਪੱਤਰਾਂ ਦਾ ਵਿਸ਼ਲੇਸ਼ਣ, ਸਿਖਿਆਰਥੀਆਂ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਅਤੇ ਸਬੰਧਿਤ ਪ੍ਰਸ਼ਨਾਂ ਦੇ ਨਾਲ ਚਰਚਾ ਦੇ ਵਿਭਿੰਨ ਤਰੀਕੇ |
| | | ਟਿਊਸ਼ਨ | 15 | | |
| | | ਕੁੱਲ | 122 | 58 | 60 |
| | | ਕੁੱਲ ਜੋੜ=122+58+60=240 ਘੰਟੇ | | | |
| | | | | | |

**Declaration/ Disclaimer**

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/ meaning the source version i.e material in English medium shall prevail.

**ਘੋਸ਼ਣਾ**

ਇਹ D.El.Ed. ਲਈ www. Dled.nios.ac.in ਤੇ ਉਪਲਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ. ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿਚ ਅੰਗ੍ਰਜੀ ਸੰਸਕਰਣ ਪ੍ਰਬਲ ਹੋਵੇਗਾ

ਬਲਾਕ 4

ਸਿਖਲਾਈ ਮੁਲਾਂਕਣ

ਇਕਾਈ 13 : ਨਿਰਧਾਰਨ ਅਤੇ ਮੁਲਾਂਕਣ

ਇਕਾਈ 14: ਨਿਰਧਾਰਨ ਦੇ ਸਾਧਨ ਅਤੇ ਰਣਨੀਤੀਆਂ

ਇਕਾਈ 15: ਸਿਖਲਾਈ ਵਿੱਚ ਸੁਧਾਰ ਲਈ ਨਿਰਧਾਰਨ ਦੇ ਨਤੀਜਿਆਂ ਦਾ ਉਪਯੋਗ

ਇਕਾਈ 16: ਸਿਖਲਾਈ ਅਤੇ ਨਿਰਧਾਰਨ

ਬਲਾਕ ਜਾਣ ਪਛਾਣ

ਬਲਾਕ ਜਾਣ ਪਛਾਣ-4

ਸਿਖਿਆਰਥੀ ਦੇ ਰੂਪ ਵਿੱਚ ਤੁਸੀਂ ਬਲਾਕ 4: ਸਿਖਲਾਈ ਨਿਰਧਾਰਨ ਦਾ ਅਧਿਐਨ ਕਰੋਗੇ। ਇਸ ਬਲਾਕ ਵਿੱਚ ਨਿਰਧਾਰਨ ਨਾਲ ਸਬੰਧਿਤ ਚਾਰ ਇਕਾਈਆਂ ਹਨ। ਹਰੇਕ ਇਕਾਈ ਖੰਡਾਂ ਅਤੇ ਉਪਖੰਡਾਂ ਵਿੱਚ ਵੰਡੀ ਹੋਈ ਹੈ। ਬਲਾਕ 1 ਵਿੱਚ ਤੁਸੀਂ ਪਹਿਲਾਂ ਹੀ ਸਿਖਲਾਈ ਅਤੇ ਅਧਿਆਪਨ ਪ੍ਰਕਿਰਿਆ ਅਤੇ ਇਸ ਨਾਲ ਸਬੰਧਿਤ ਵਿਭਿੰਨ ਪਹਿਲੂਆਂ ਦਾ ਅਧਿਐਨ ਕਰ ਚੁੱਕੇ ਹੋ। ਬਲਾਕ 2 ਵਿੱਚ ਤੁਸੀਂ ਸਿਖਲਾਈ ਅਤੇ ਅਧਿਆਪਨ ਦੇ ਪ੍ਰਬੰਧਨ ਦੇ ਬਾਰੇ ਵਿੱਚ ਅਤੇ ਬਲਾਕ 3 ਵਿੱਚ ਕਲਾਸ ਰੂਮ ਸਿਖਲਾਈ ਦੇ ਵਿਭਿੰਨ ਉੱਭਰਦੇ ਮੁੱਦਿਆਂ ਜਿਵੇਂ ਏਕੀਕ੍ਰਿਤ ਸਿਖਲਾਈ, ਵੰਚਿਤ ਵਰਗਾਂ ਦੀ ਸਿੱਖਿਆ ਅਤੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਅਤੇ ਕੰਪਿ↔ੂਟਰ ਦਾ ਸਿਖਲਾਈ ਵਿੱਚ ਪ੍ਰਯੋਗ ਦੇ ਬਾਰੇ ਵਿੱਚ ਅਧਿਐਨ ਕਰ ਚੁੱਕੇ ਹੋ।

ਇਕਾਈ-13

ਇਸ ਇਕਾਈ ਦੀ ਸਿਖਲਾਈ ਨਾਲ ਤੁਸੀਂ ਨਿਰਧਾਰਨ ਦੀਆਂ ਪ੍ਰਕਿਰਿਆਵਾਂ ਨਾਲ ਜੁੜੀਆਂ ਵਿਭਿੰਨ ਧਾਰਨਾਵਾਂ ਦੀ ਜਾਣਕਾਰੀ ਹਾਸਲ ਕਰ ਸਕੋਗੇ। ਨਿਰਧਾਰਨ ਇੱਕ ਨਵੀਂ ਧਾਰਨਾ ਹੈ ਪਰ ਤੁਸੀਂ ਵਿਭਿੰਨ ਸ਼ਬਦਾਂ ਜਿਵੇਂ ਮੁਲਾਂਕਣ, ਮਾਪਣ, ਪ੍ਰੀਖਿਆ ਆਦਿ ਤੋਂ ਚੰਗੀ ਤਰ੍ਹਾਂ ਜਾਣੂ ਹੋ। ਯੂਨਿਟ ਟੈਸਟ, ਛਿਮਾਹੀ ਪ੍ਰੀਖਿਆ ਅਤੇ ਸਾਲਾਨਾ ਪ੍ਰੀਖਿਆ ਆਦਿ ਵਿਦਿਆਰਥੀਆਂ ਦੀ ਉਪਲੱਬਧੀ/ਪ੍ਰਗਤੀ ਨੂੰ ਨਿਰਧਾਰਣ ਲਈ ਪ੍ਰਯੋਗ ਕੀਤੇ ਜਾਂਦੇ ਹਨ, ਪਰ ਇਸ ਪ੍ਰਕਿਰਿਆ ਵਿੱਚ ਨਿਰੰਤਰ  ਅਤੇ ਵਿਆਪਕਤਾ ਦੀ ਅਣਹੋਂਦ ਹੈ। ਇਸ ਲਈ ਨਿਰੰਤਰ  ਅਤੇ ਵਿਆਪਕ ਮੁਲਾਂਕਣ ਅਤੇ ਇਸ ਲਈ ਗੁਣਵੱਤਾ ਅਤੇ ਨਤੀਜਾ ਮੁਖੀ ਦੋਨੋਂ ਪ੍ਰਕਾਰ ਦੇ ਅੰਕੜਿਆਂ ਦੀ ਲੋੜ ਹੈ।

ਇਕਾਈ -14

ਇਸ ਇਕਾਈ ਦੇ ਅਧਿਐਨ ਤੋਂ ਤੁਸੀਂ ਉਪਲੱਬਧੀ ਪ੍ਰੀਖਿਆ ਦੇ ਨਿਰਮਾਣ ਅਤੇ ਉਸ ਦੇ ਉਪਯੋਗ ਦੇ ਕੌਸ਼ਲ ਨੂੰ ਹਾਸਲ ਕਰ ਸਕੋਗੇ। ਇਸ ਇਕਾਈ ਨਾਲ ਵਿਭਿੰਨ ਪ੍ਰਕਾਰ ਦੀ ਨਿਰਧਾਰਨ ਜਿਵੇਂ ਵਿਸਥਾਰਤ ਉੱਤਰ, ਛੋਟੇ ਉੱਤਰ, ਬਹੁਵਿਕਲਪੀ ਉੱਤਰ ਅਤੇ ਖੁੱਲ੍ਹੇ ਪਹਿਰੇ ਆਦਿ ਦੇ ਬਾਰੇ ਵਿੱਚ ਜਾਣਕਾਰੀ ਹਾਸਲ ਕਰ ਸਕੋਗੇ। ਵਿਦਿਆਰਥੀਆਂ ਦੀ ਉਪਲੱਬਧੀ/ਪ੍ਰਗਤੀ ਦੀ ਨਿਰਧਾਰਨ ਲਈ ਵਿਭਿੰਨ ਗੁਣਾਤਮਕ ਉਪਕਰਨ ਅਤੇ ਵਿਧੀਆਂ ਜਿਵੇਂ ਪ੍ਰੇਖਣ/ਨਿਰਧਾਰਨ, ਚੈੱਕਲਿਸਟ, ਦਰਜਾਬੰਦੀ, ਪੋਰਟਫੋਲਿਓ, ਇੰਟਰਵਿ↔ੂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਇਕਾਈ -15

ਇਸ ਇਕਾਈ ਦੇ ਅਧਿਐਨ ਨਾਲ ਤੁਸੀਂ ਨਿਰਧਾਰਨ ਦੇ ਨਤੀਜਿਆਂ ਦੀ ਰਿਪੋਰਟਿੰਗ ਅਤੇ ਰਿਕਾਰਡਿੰਗ ਦੀ ਲੋੜ ਅਤੇ ਪ੍ਰਕਿਰਿਆ ਨੂੰ ਸਮਝਣ ਵਿੱਚ ਸਮਰੱਥ ਹੋ ਸਕੋਗੇ। ਮੁਲਾਂਕਣ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਸਿਖਿਆਰਥੀਆਂ ਦੇ ਮਜ਼ਬੂਤ ਅਤੇ ਕਮਜ਼ੋਰ ਪੱਖਾਂ ਦੀ ਪਛਾਣ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਇਕਾਈ ਇਸ ਯੋਗ ਬਣਾ ਸਕੇਗੀ ਕਿ ਸਿਖਿਆਰਥੀ ਦੀ ਸਿਖਲਾਈ ਵਿੱਚ ਵਾਧਾ ਨਿਰਧਾਰਨ ਦੀ ਰਿਪੋਰਟ ਦਾ ਵਿਸ਼ਲੇਸ਼ਣ 'ਤੇ ਆਧਾਰਿਤ ਅਨੁਸਰਣ ਪ੍ਰੋਗਰਾਮ ਦੀ ਯੋਜਨਾ ਕਿਸ ਪ੍ਰਕਾਰ ਬਣਾਈ ਜਾਏ ?

ਇਕਾਈ-16

ਇਸ ਇਕਾਈ ਰਾਹੀਂ ਤੁਸੀਂ ਸਿਖਲਾਈ ਅਤੇ ਨਿਰਧਾਰਨ ਦੇ ਸਬੰਧ ਬਾਰੇ ਜਾਣਕਾਰੀ ਹਾਸਲ ਕਰ ਸਕੋਗੇ। ਸਿਖਲਾਈ ਅਤੇ ਨਿਰਧਾਰਨ ਨਾਲ ਸਬੰਧਿਤ ਤਿੰਨ ਪਹਿਲੂ ਹਨ, ਇੱਕ ਨਿਰਧਾਰਨ ਲਈ ਸਿਖਲਾਈ, ਦੂਜਾ ਸਿਖਲਾਈ ਦੀ ਨਿਰਧਾਰਨ ਅਤੇ ਤੀਜਾ ਨਿਰਧਾਰਨ ਦੀ ਤਰ੍ਹਾਂ ਸਿਖਲਾਈ। ਇਹ ਨਿਰਧਾਰਨ ਯੋਜਨਾ ਦੇ ਨਿਰਮਾਣ ਦੇ ਹੁਨਰ ਨੂੰ ਵਿਕਸਤ ਕਰ ਸਕੇਗਾ।

ਵਿਸ਼ਾ ਸੂਚੀ


| ਲੜੀ ਨੰਬਰ | ਪਾਠ ਦਾ ਨਾਂ | ਪੇਜ ਸੰਖਿਆ |
|---|---|---|
| 1 | ਇਕਾਈ 13: ਨਿਰਧਾਰਨ ਅਤੇ ਮੁਲਾਂਕਣ ਦੇ ਆਧਾਰ | 1 |
| 2 | ਇਕਾਈ 14 : ਨਿਰਧਾਰਨ ਦੇ ਸਾਧਨ ਅਤੇ ਰਣਨੀਤੀਆਂ | 30 |
| 3 | ਇਕਾਈ 15 : ਸਿਖਲਾਈ ਵਿੱਚ ਸੁਧਾਰ ਲਈ ਨਿਰਧਾਰਨ ਦੇ ਨਤੀਜਿਆਂ ਦਾ ਉਪਯੋਗ | 50 |
| 4 | ਇਕਾਈ 16 : ਸਿਖਲਾਈ ਅਤੇ ਨਿਰਧਾਰਨ ਨਿਰਧਾਰਨ | 88 |

# ਇਕਾਈ- 13 ਨਿਰਧਾਰਨ ਅਤੇ ਮੁਲਾਂਕਣ ਦੇ ਆਧਾਰ

ਸੰਰਚਨਾ

13.0 ਜਾਣ ਪਛਾਣ

13.1 ਸਿਖਲਾਈ ਉਦੇਸ਼

13.2 ਸਿੱਖਿਆਰਥੀਆਂ ਦੀ ਪ੍ਰਗਤੀ ਦਾ ਨਿਰਧਾਰਨ

13.2.1 ਮਾਪਣ, ਨਿਰਧਾਰਨ ਅਤੇ ਮੁਲਾਂਕਣ

13.3 ਨਿਰਧਾਰਨ ਦੀ ਪ੍ਰਕਿਰਿਆ

13.3.1 ਇਛੁੱਕ ਸਿਖਲਾਈ ਨਤੀਜੇ, ਕਲਾਸ ਪ੍ਰਕਿਰਿਆਵਾਂ ਅਤੇ ਨਿਰਧਾਰਨ

13.3.2 ਸਿਰਜਣਾਤਮਕ ਅਤੇ ਸੰਖੇਪ ਨਿਰਧਾਰਨ

13.4 ਨਿਰੰਤਰ ਅਤੇ ਵਿਆਪਕ ਮੁਲਾਂਕਣ (ਸੀ.ਸੀ.ਈ.)

13.4.1 ਧਾਰਨਾ, ਪ੍ਰਕਿਰਿਆ ਅਤੇ ਲੋੜ

13.5 ਸਾਰਾਂਸ਼

13.6 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

13.7 ਇਕਾਈ ਅੰਤ ਅਭਿਆਸ

## 13.0 ਜਾਣ ਪਛਾਣ

ਪਿਛਲੇ ਬਲਾਕਾਂ ਵਿੱਚ ਤੁਹਾਨੂੰ ਸਿਖਲਾਈ ਦੀ ਪ੍ਰਕਿਰਿਆ, ਬੱਚਿਆਂ ਦੀ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਪਾਠ ਯੋਜਨਾਵਾਂ ਦੀਆਂ ਵਿਭਿੰਨ ਵਿਧੀਆਂ ਅਤੇ ਪੱਧਤੀਆਂ ਤੋਂ ਜਾਣੂ ਕਰਾਇਆ ਗਿਆ ਹੈ। ਤੁਹਾਡੀ ਹੀ ਤਰ੍ਹਾਂ ਇੱਕ ਯੋਗ ਅਧਿਆਪਕਾ ਸ਼ੀਲਾ ਨੇ ਉਪਰੋਕਤ ਵਿਧੀਆਂ ਨੂੰ ਚੁਣਿਆ, ਬਹੁਤ ਮਿਹਨਤ ਨਾਲ ਆਪਣੇ ਪਾਠਾਂ ਦੀ ਯੋਜਨਾ ਬਣਾਈ ਅਤੇ ਆਪਣੀ ਕਲਾਸ ਵਿੱਚ ਅਧਿਆਪਨ ਦਾ ਇੰਨੇ ਵਧੀਆ ਤਰੀਕੇ ਨਾਲ ਪ੍ਰਬੰਧਨ ਕੀਤਾ ਕਿ ਉਸ ਦੇ ਵਿਦਿਆਰਥੀਆਂ ਨੇ ਉਸ ਰਾਹੀਂ ਅਧਿਆਪਨ ਲਈ ਆਯੋਜਿਤ ਕੀਤੀ ਗਈ ਹਰ ਕਿਰਿਆ ਵਿੱਚ ਭਾਗ ਲਿਆ। ਇੱਕ ਵਿਸ਼ੇ ਨੂੰ ਪੜ੍ਹਾਉਣ ਦੇ ਅੰਤ ਵਿੱਚ ਸ਼ੀਲਾ ਨੂੰ ਕੀ ਕਰਨਾ ਚਾਹੀਦਾ ਹੈ ? ਕੀ ਉਸ ਨੂੰ ਅਲੱਗ ਵਿਸ਼ਾ ਪੜ੍ਹਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਇਹ ਸੁਨਿਸ਼ਚਤ ਕਰਨਾ ਚਾਹੀਦਾ ਹੈ ਕਿ ਜੋ ਧਾਰਨਾਵਾਂ ਉਸ ਨੇ ਪੜ੍ਹਾਈਆਂ ਹਨ ਉਹ ਹਰੇਕ ਬੱਚੇ ਨੂੰ ਸਮਝ ਆ ਗਈਆਂ ਹਨ ਅਤੇ ਉਹ ਉਸ ਨੂੰ ਸਮੱਸਿਆਵਾਂ ਦੇ ਸਮਾਧਾਨ ਵਿੱਚ ਪ੍ਰਯੋਗ ਕਰਨ ਦੇ ਵਾਸਤਵਿਕ ਜੀਵਨ ਦੀਆਂ ਪ੍ਰਸਥਿਤੀਆਂ ਸਮੇਤ, ਯੋਗ ਹੋ ਗਿਆ ਹੈ ? ਉਹ ਕਿਵੇਂ ਸੁਨਿਸ਼ਚਤ ਕਰ ਸਕਦੀ ਹੈ ਕਿ ਜਦੋਂ ਉਹ ਪੜ੍ਹਾ ਰਹੀ ਸੀ ਤਾਂ ਸਹੀ ਦਿਸ਼ਾ ਵਿੱਚ ਜਾ ਰਹੀ ਸੀ ? ਕੀ ਬੱਚਿਆਂ ਨੂੰ ਸਿਖਲਾਈ ਸਬੰਧੀ ਕੁਝ ਸਮੱਸਿਆਵਾਂ ਆਈਆਂ ? ਅਧਿਆਪਨ ਅਤੇ ਸਿਖਲਾਈ ਦੇ ਨਤੀਜਿਆਂ ਦੀ ਕੁਸ਼ਲਤਾ ਨਾਲ ਸਬੰਧਿਤ ਅਜਿਹੇ ਕਈ ਪ੍ਰਸ਼ਨ ਉੱਠਣਗੇ। ਸ਼ੀਲਾ ਨੂੰ ਇਨ੍ਹਾਂ ਦੇ ਉੱਤਰ ਜਾਣਨ ਦੀ ਅਤੇ ਅਗਲੇ ਵਿਸ਼ੇ ਨੂੰ ਪੜ੍ਹਾਉਣ ਤੋਂ ਪਹਿਲਾਂ ਜ਼ਰੂਰੀ ਕਦਮ ਉਠਾਉਣ ਦੀ ਲੋੜ ਹੈ। ਪਰ ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਨਾਲ ਸਬੰਧਿਤ ਅੰਕੜੇ ਉਹ ਕਿਵੇਂ ਇਕੱਠੇ ਕਰ ਸਕਦੀ ਹੈ ? ਉਹ ਬੱਚਿਆਂ ਦੀ ਸਮਝ ਨੂੰ ਪਰਖਣ ਲਈ ਉਨ੍ਹਾਂ ਨੂੰ ਪ੍ਰਸ਼ਨ ਕਰ ਸਕਦੀ ਹੈ, ਕਲਾਸ ਦੇ ਅੰਦਰ ਅਤੇ ਬਾਹਰ ਬੱਚਿਆਂ ਦੀਆਂ ਕਿਰਿਆਵਾਂ ਦਾ ਇਹ ਜਾਣਨ ਲਈ ਪ੍ਰੇਖਣ ਕਰ ਸਕਦੀ ਹੈ ਕਿ ਆਪਣੇ ਪ੍ਰਾਪਤ ਗਿਆਨ ਨੂੰ ਬੱਚੇ ਅਸਲ ਜੀਵਨ ਦੀਆਂ ਪ੍ਰਸਥਿਤੀਆਂ ਵਿੱਚ ਕਿਵੇਂ ਪ੍ਰਯੋਗ ਕਰ ਰਹੇ ਹਨ, ਹੋਰ ਅਧਿਆਪਕਾਂ ਅਤੇ ਮਾਪਿਆਂ ਤੋਂ ਉਨ੍ਹਾਂ ਦੇ ਪ੍ਰਦਰਸ਼ਨ ਦੇ ਬਾਰੇ ਵਿੱਚ ਪੁੱਛ ਸਕਦੀ ਹੈ। ਉਹ ਹਰ ਬੱਚੇ ਦਾ ਪੜ੍ਹਾਈਆਂ ਗਈਆਂ ਧਾਰਨਾਵਾਂ ਦੀ ਸਿਖਲਾਈ ਨਾਲ ਸਬੰਧਿਤ ਪੱਧਰ ਦਾ ਸੰਪੂਰਨ ਚਿੱਤਰਣ ਹੋਰ ਵਿਧੀਆਂ ਦਾ ਪ੍ਰਯੋਗ ਕਰਕੇ ਵੀ ਕਰ ਸਕਦੀ ਹੈ। ਸੰਖੇਪ ਵਿੱਚ ਉਹ ਹਰ ਵਿਦਿਆਰਥੀ ਦੇ ਪ੍ਰਦਰਸ਼ਨ ਦਾ ਨਿਰਧਾਰਨ ਜਾਂ ਮੁਲਾਂਕਣ ਕਰ ਸਕਦੀ ਹੈ।

ਸ਼ੀਲਾ ਵਿਦਿਆਰਥੀਆਂ ਦੀ ਸਿਖਲਾਈ ਦੇ ਇੱਕ ਜਾਂ ਕੁਝ ਪੱਖਾਂ ਦਾ ਨਿਰਧਾਰਨ ਕਰ ਸਕਦੀ ਹੈ ਜੋ ਉਸ ਨੂੰ ਲੱਗਦਾ ਹੈ ਕਿ ਅੱਗੇ ਦਾ ਕਾਰਜ ਕਰਨ ਲਈ ਮਹੱਤਵਪੂਰਨ ਹਨ ਜਾਂ ਉਹ ਵਿਦਿਆਰਥੀਆਂ ਦੀ ਸਿਖਲਾਈ ਦੇ ਸਾਰੇ ਪੱਖਾਂ ਦਾ ਨਿਰਧਾਰਨ ਕਰ ਸਕਦੀ ਹੈ (ਵਿਆਪਕ ਨਿਰਧਾਰਨ ਮੁਲਾਂਕਣ) ਅਤੇ ਇੱਕ ਰਿਪੋਰਟ ਤਿਆਰ ਕਰ ਸਕਦੀ ਹੈ ਜਿਸ ਵਿੱਚ ਹਰੇਕ ਬੱਚੇ ਦੇ ਸਾਰੇ ਪੱਖਾਂ ਦਾ ਕਥਨ ਹੋਏਗਾ ਜਿਵੇਂ ਕਿ ਨਿਰਧਾਰਨ ਅਭਿਆਸਾਂ ਤੋਂ ਪ੍ਰਾਪਤ ਕੀਤਾ ਗਿਆ ਹੈ ਤਾਂ ਕਿ ਕੋਈ ਵੀ ਜਿਵੇਂ ਮਾਪੇ, ਮੁੱਖ ਅਧਿਆਪਕ, ਸਕੂਲ ਪ੍ਰਬੰਧਨ ਦੇ ਮੈਂਬਰ ਜਾਂ ਨਿਗਰਾਨ ਬੱਚਿਆਂ ਦੇ ਪ੍ਰਦਰਸ਼ਨ ਦਾ ਪੂਰਨ ਚਿੱਤਰਣ ਕਰ ਸਕਣ।

ਹੁਣ ਤੁਸੀਂ ਦੇਖਿਆ ਹੋਏਗਾ ਕਿ ਸਕੂਲ ਪੱਧਰ 'ਤੇ ਬੱਚਿਆਂ ਦੀ ਸਿਖਲਾਈ ਪ੍ਰਗਤੀ ਦੀ ਜਾਂਚ ਲਈ ਇਕਾਈ ਪ੍ਰੀਖਿਆ, ਛਿਮਾਹੀ ਅਤੇ ਸਾਲਾਨਾ ਪ੍ਰੀਖਿਆਵਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਬੱਚਿਆਂ ਦੇ ਪ੍ਰਦਰਸ਼ਨ ਨੂੰ ਅੰਕ ਜਾਂ ਗਰੇਡ ਦਿੱਤੇ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਸਮੱਗਰਤਾ ਦੀ ਘਾਟ ਹੈ ਕਿਉਂਕਿ ਬੱਚਿਆਂ ਦੇ ਪੂਰਨ ਵਿਕਾਸ ਨੂੰ ਜਾਂਚਣ ਦੀ ਇਸ ਵਿੱਚ ਸੰਭਾਵਨਾ ਬਹੁਤ ਘੱਟ ਹੈ, ਪਰ ਜਿਵੇਂ ਕਿ ਰਾਸ਼ਟਰੀ ਸਿੱਖਿਆ ਨੀਤੀ (1986) ਅਤੇ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ (2006) ਰਾਹੀਂ ਜ਼ੋਰ ਦਿੱਤਾ ਗਿਆ ਹੈ। ਨਿਰੰਤਰ ਅਤੇ ਵਿਆਪਕ ਮੁਲਾਂਕਣ 'ਤੇ ਜ਼ਿਆਦਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਇਕਾਈ ਵਿੱਚ ਤੁਸੀਂ ਸਿਖਲਾਈ ਦੇ ਨਿਰਧਾਰਨ ਦੀ ਜਾਂਚ ਨਾਲ ਸਬੰਧਿਤ ਵਿਭਿੰਨ ਧਾਰਨਾਵਾਂ ਦੇ ਬਾਰੇ ਵਿੱਚ ਜਾਣੋਗੇ ਅਤੇ ਇਸ ਨਾਲ ਕਿਸ ਪ੍ਰਕਾਰ ਅਧਿਆਪਨ ਨੂੰ ਬਿਹਤਰ ਬਣਾਉਣ ਅਤੇ ਅਧਿਆਪਕ ਦੀਆਂ ਵਿਧੀਆਂ ਨੂੰ ਬਦਲਣ ਲਈ ਉਪਯੋਗ ਕੀਤਾ ਜਾ ਸਕਦਾ ਹੈ ਤਾਂ ਕਿ ਬੱਚਿਆਂ ਨਾਲ

ਸਿਖਲਾਈ ਨੂੰ ਪ੍ਰੋਤਸਾਹਨ ਮਿਲੇ। ਇਸ ਇਕਾਈ ਨੂੰ ਪੂਰਾ ਕਰਨ ਲਈ ਤੁਹਾਨੂੰ ਲਗਪਗ 10 ਅਧਿਐਨ ਘੰਟੇ ਪੜ੍ਹਨ ਦੀ ਲੋੜ ਹੈ।

## 13.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਪੜ੍ਹਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ ਕਿ:

- ਮਾਪਣ, ਨਿਰਧਾਰਨ ਅਤੇ ਮੁਲਾਂਕਣ ਦੀਆਂ ਧਾਰਨਾਵਾਂ ਦਾ ਵਰਣਨ ਕਰ ਸਕੋਗੇ।
- ਮਾਪਣ, ਨਿਰਧਾਰਨ ਅਤੇ ਮੁਲਾਂਕਣ ਵਿੱਚ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਨੂੰ ਪਛਾਣ ਸਕੋਗੇ।
- ਨਿਰਧਾਰਨ ਨੂੰ ਇਛੁੱਕ ਸਿਖਲਾਈ ਨਤੀਜੇ ਅਤੇ ਕਲਾਸ ਵਿੱਚ ਪੜ੍ਹਾਉਣ ਦੀ ਪ੍ਰਕਿਰਿਆ ਨਾਲ ਜੋੜ ਸਕੋਗੇ।
- ਬੱਚਿਆਂ ਦੀ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਰਚਨਾਤਮਕ ਅਤੇ ਸੰਖੇਪ ਦੋਨੋਂ ਪ੍ਰਕਾਰ ਦੇ ਨਿਰਧਾਰਨ ਦਾ ਪ੍ਰਯੋਗ ਕਰ ਸਕੋਗੇ।
- ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਅਰਥ, ਲੋੜ ਅਤੇ ਵਿਧੀ ਦਾ ਵਰਣਨ ਕਰ ਸਕੋਗੇ।
- ਨਿਰੰਤਰ ਅਤੇ ਵਿਆਪਕ ਮੁਲਾਂਕਣ ਤੋਂ ਪ੍ਰਾਪਤ ਮਾਤਰਾਤਮਕ ਅਤੇ ਗੁਣਾਤਮਕ ਦੋਨੋਂ ਪ੍ਰਕਾਰ ਦੇ ਅੰਕੜਿਆਂ ਨੂੰ ਉਪਯੋਗੀ ਬਣਾ ਸਕੋਗੇ।
- ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਨਤੀਜਿਆਂ ਨੂੰ ਆਪਣੀਆਂ ਅਧਿਆਪਨ ਵਿਧੀਆਂ ਵਿੱਚ ਸੁਧਾਰ ਲਈ ਪ੍ਰਯੋਗ ਕਰਨਾ।

## 13.2 ਵਿਦਿਆਰਥੀ ਦੀ ਪ੍ਰਗਤੀ ਦਾ ਨਿਰਧਾਰਨ

ਇਹ ਕੁਦਰਤੀ ਗੱਲ ਹੈ ਕਿ ਹਰ ਇੱਕ ਵਿਦਿਆਰਥੀ ਦੇ ਅੰਦਰ ਕੁਝ ਯੋਗਤਾਵਾਂ ਅਤੇ ਹੁਨਰਾਂ ਦੀ ਸਮਰੱਥਾ ਹੁੰਦੀ ਹੈ। ਜਿਨ੍ਹਾਂ ਦਾ ਪੋਸ਼ਣ ਸਾਵਧਾਨੀ ਪੂਰਬਕ ਹੋਣਾ ਚਾਹੀਦਾ ਹੈ। ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਡੀ ਜ਼ਿੰਮੇਵਾਰੀ ਹਰ ਵਿਦਿਆਰਥੀ ਨੂੰ ਉਸ ਦੀ ਯੋਗਤਾ ਦੇ ਅਨੁਸਾਰ ਬਿਹਤਰੀਨ ਕਾਰਗੁਜ਼ਾਰੀ ਕਰਨ ਵਿੱਚ ਸਹਾਇਤਾ ਕਰਨਾ ਹੈ। ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਇਹ ਜਾਣਨਾ ਮਹੱਤਵਪੂਰਨ ਹੈ ਕਿ ਬੱਚਿਆਂ ਨੇ ਇਹ ਸਿੱਖ ਲਿਆ ਹੈ ਜੋ ਉਨ੍ਹਾਂ ਨੂੰ ਸਿੱਖਣਾ ਚਾਹੀਦਾ ਸੀ ਅਤੇ ਸਮੇਂ ਦੇ ਨਾਲ ਉਨ੍ਹਾਂ ਦੀ ਸਿਖਲਾਈ ਦੀ ਪ੍ਰਗਤੀ ਸੰਤੁਸ਼ਟੀਜਨਕ ਹੈ, ਪਰ ਦੂਜਾ ਕਾਰਨ ਵੀ ਹੈ, ਕੇਵਲ ਅਧਿਆਪਕ ਦੀ ਨਹੀਂ, ਮਾਪਿਆਂ ਅਤੇ ਸਿੱਖਿਆ ਪ੍ਰਬੰਧਕ ਜਿਸ ਦੀ ਰੁਚੀ ਇਹ ਜਾਣਨ ਵਿੱਚ ਹੈ ਕਿ ਬੱਚਿਆਂ ਦੀਆਂ ਦੀਆਂ ਵਿਭਿੰਨ ਵਿਸ਼ਿਆਂ ਅਤੇ ਸਹਿ ਪਾਠਕ੍ਰਮ ਵਿਧੀਆਂ ਵਿੱਚ ਕੀ ਉਪਲੱਬਧੀਆਂ ਹਨ, ਇਹ ਜਾਣਕਾਰੀ ਚਾਹੁੰਦੇ ਹਨ। ਇਸ ਦਾ ਇੱਕ ਮਾਰਗ ਤਾਂ ਇਹ ਹੈ ਕਿ ਬੱਚਿਆਂ ਦੀ ਉਪਲੱਬਧੀ ਦਾ ਮੁਲਾਂਕਣ, ਜੋ ਵਿਸ਼ੇ ਉਨ੍ਹਾਂ ਨੂੰ ਪੜ੍ਹਾਏ ਜਾ ਰਹੇ ਹਨ, ਵਿੱਚ ਪ੍ਰੀਖਿਆ ਅਤੇ ਪ੍ਰੀਖਿਆਵਾਂ ਨਾਲ ਹੋਣ ਅਤੇ ਉਨ੍ਹਾਂ ਦੀ ਕਾਰਜਕੁਸ਼ਲਤਾ ਨੂੰ ਅੰਕ/ਗ੍ਰੇਡ ਦਿੱਤੇ ਜਾਣ। ਇੱਕ ਅਧਿਆਪਕ ਹੋਣ ਦੇ ਨਾਤੇ ਤੁਸੀਂ ਇਸ ਤੋਂ ਚੰਗੀ ਤਰ੍ਹਾਂ ਜਾਣੂ ਹੋ। ਪਰ ਜੇਕਰ ਤੁਸੀਂ ਅਸਲ ਵਿੱਚ ਬੱਚਿਆਂ ਨੂੰ ਬਿਹਤਰ ਸਿੱਖਣ ਲਈ ਸਹਾਇਤਾ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਸਮਝਣ ਦੀ ਲੋੜ ਹੋਏਗੀ ਕਿ ਬੱਚਿਆਂ ਵੱਲੋਂ ਪ੍ਰਾਪਤ ਕੀਤੇ ਗਏ ਅੰਕ ਜਾਂ ਗ੍ਰੇਡ ਅਸਲ ਵਿੱਚ ਉਨ੍ਹਾਂ ਦੀ ਸਿਖਲਾਈ ਪ੍ਰਗਤੀ ਦੇ ਬਾਰੇ ਵਿੱਚ ਕੀ ਦੱਸਦੇ ਹਨ। ਅੰਕਾਂ ਜਾਂ ਗ੍ਰੇਡਾਂ ਦੇ ਬਾਰੇ ਵਿੱਚ ਸੋਚਦੇ ਹੋਏ ਤੁਹਾਡੇ ਦਿਮਾਗ ਵਿੱਚ ਕਈ ਪ੍ਰਸ਼ਨ ਉੱਠ ਸਕਦੇ ਹਨ ਜਿਵੇਂ ਕਿ:

- ਕੀ ਵਿਭਿੰਨ ਵਿਸ਼ਿਆਂ ਵਿੱਚ ਪਾਏ ਗਏ ਅੰਕ ਜਾਂ ਗ੍ਰੇਡ ਬੱਚੇ ਦੀ ਅਸਲ ਕਾਰਜਕੁਸ਼ਲਤਾ ਨੂੰ ਦਰਸਾਉਂਦੇ ਹਨ।

- ਕੀ ਉਹ ਸਿਖਲਾਈ ਸ਼ੈਲੀ ਜਾਂ ਬੱਚੇ ਦੇ ਸਿੱਖਣ ਦੀ ਵਿਧੀ ਦੇ ਬਾਰੇ ਵਿੱਚ ਕੁਝ ਦੱਸਦੇ ਹਨ ?
- ਕੀ ਉਹ ਬੱਚੇ ਦੀ ਸਿਖਲਾਈ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਦੇ ਬਾਰੇ ਵਿੱਚ ਸੰਕੇਤ ਦਿੰਦੇ ਹਨ ?
- ਕੀ ਉਹ ਬੱਚੇ ਦੀ ਸਿਖਲਾਈ ਦੇ ਮਜ਼ਬੂਤ ਅਤੇ ਕਮਜ਼ੋਰ ਖੇਤਰਾਂ ਦੇ ਬਾਰੇ ਵਿੱਚ ਕੁਝ ਸੂਚਨਾ ਪ੍ਰਦਾਨ ਕਰਦੇ ਹਨ ?
- ਕੀ ਉਹ ਸਿਖਲਾਈ ਦੀ ਮਾਤਰਾ ਅਤੇ ਗਤੀ ਦੇ ਬਾਰੇ ਵਿੱਚ ਕੁਝ ਦੱਸਦੇ ਹਨ ?
- ਕੀ ਸਾਰੇ ਵਿਸ਼ਾ ਵਸਤੂਆਂ ਵਿੱਚ ਸਿਖਲਾਈ ਦੇ ਸਾਰੇ ਪੱਖਾਂ/ਖੇਤਰਾਂ ਅਤੇ ਸਹਿ ਸਿੱਖਿਆ ਸਮਰੱਥਾਵਾਂ ਨੂੰ ਅੰਕ ਜਾਂ ਗ੍ਰੇਡ ਦਿੱਤੇ ਜਾ ਸਕਦੇ ਹਨ ?
- ਕੀ ਸਿਖਲਾਈ ਨੂੰ ਬਿਹਤਰ ਤਰੀਕੇ ਨਾਲ ਨਿਰਧਾਰਤ ਕਰਨ ਲਈ ਕੁਝ ਵਿਕਲਪ ਜਾਂ ਹੋਰ ਤਰੀਕੇ ਹਨ ?

ਜੇਕਰ ਤੁਸੀਂ ਉੱਪਰ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕਰੋਗੇ ਤਾਂ ਸੰਭਵ ਹੈ ਕਿ ਤੁਹਾਨੂੰ ਅੰਕਾਂ ਅਤੇ ਗ੍ਰੇਡਾਂ ਜਿਨ੍ਹਾਂ ਨਾਲ ਅਸੀਂ ਸਾਰੇ ਚੰਗੀ ਤਰ੍ਹਾਂ ਜਾਣੂ ਹਾਂ, ਦੀਆਂ ਸੀਮਾਵਾਂ ਦਾ ਅਹਿਸਾਸ ਹੋ ਜਾਏਗਾ। ਵਿਦਿਆਰਥੀ ਦੀ ਸਿਖਲਾਈ ਦੀ ਪ੍ਰਕਿਰਤੀ ਪ੍ਰਤੀ ਆਸ਼ਾਵਾਦੀ ਹੋਣ ਦੇ ਹੋਰ ਬਹੁਤ ਸਾਰੇ ਮਾਰਗ ਹਨ। ਉਨ੍ਹਾਂ ਵਿਧੀਆਂ ਨੂੰ ਸਮਝਣ ਲਈ ਤੁਹਾਨੂੰ ਮਾਪਣ, ਮੁਲਾਂਕਣ ਅਤੇ ਨਿਰਧਾਰਨ ਦੀਆਂ ਧਾਰਨਾਵਾਂ ਦੀ ਸਪੱਸ਼ਟ ਰੂਪ ਨਾਲ ਸਮਝ ਹੋਣੀ ਚਾਹੀਦੀ ਹੈ।

13.2.1 ਮਾਪਣ, ਨਿਰਧਾਰਨ ਅਤੇ ਮੁਲਾਂਕਣ

ਮਾਪਣ: ਤੁਹਾਨੂੰ ਰੋਜ਼ਾਨਾ ਜੀਵਨ ਅਤੇ ਕਲਾਸ ਸਥਿਤੀਆਂ ਵਿੱਚ ਵੀ ਮਾਪਣ ਦੀ ਢੁੱਕਵੀਂ ਜਾਣਕਾਰੀ ਹੈ। ਅਕਸਰ ਤੁਸੀਂ ਅਜਿਹੇ ਪ੍ਰਸ਼ਨ ਪੁੱਛਦੇ ਹੋ, 'ਸੋਭਿਤ ਦੀ ਉਮਰ ਕੀ ਹੈ ?', 'ਸੀਮਾ ਕਿੰਨੀ ਲੰਬੀ ਹੈ ?', 'ਰਹੀਮ ਦਾ ਵਜ਼ਨ ਕਿੰਨਾ ਹੈ ?', 'ਕਲਾਸ ਦਾ ਖੇਤਰਫਲ ਕਿੰਨਾ ਹੈ ?', 'ਤੁਹਾਡੇ ਪੈੱਨ ਦੀ ਕਿੰਨੀ ਕੀਮਤ ਹੈ ?', 'ਤੁਹਾਡੇ ਖੇਤਰ ਵਿੱਚ ਅੱਜ ਤਾਪਮਾਨ ਕਿੰਨਾ ਹੈ ?' ਆਦਿ। ਇਨ੍ਹਾਂ ਪ੍ਰਸ਼ਨਾਂ ਵਿੱਚ ਤੁਸੀਂ ਉਮਰ, ਉੱਚਾਈ, ਖੇਤਰਫਲ, ਮੁੱਲ ਅਤੇ ਦਰਜੇ ਨੂੰ ਕੁਝ ਮਾਤਰਾ ਵਿੱਚ ਪ੍ਰਗਟ ਕੀਤਾ ਹੋਇਆ ਜਾਣਨਾ ਚਾਹੁੰਦੇ ਹੋ। ਉਦਾਹਰਨ ਲਈ ਸੋਭਿਤ ਦੀ ਉਮਰ 15 ਸਾਲ ਹੈ, ਸੀਮਾ ਦੀ ਉੱਚਾਈ 1.8 ਮੀਟਰ ਹੈ, ਰਹੀਮ ਦਾ ਵਜ਼ਨ 35 ਕਿਲੋ ਹੈ, 35 ਕਿਲੋਗ੍ਰਾਮ ਦਾ ਸਹੀ ਅਰਥ ਕੀ ਹੈ ?

ਜਦੋਂ ਅਸੀਂ ਕਿਸੇ ਭੌਤਿਕ ਵਸਤੂ ਨੂੰ ਮਾਪਦੇ ਹਾਂ ਤਾਂ ਦੋ ਪੱਖਾਂ ਨੂੰ ਯਾਦ ਰੱਖਣਾ ਪੈਂਦਾ ਹੈ। (ਜਿਵੇਂ ਰਹੀਮ ਦਾ ਵਜ਼ਨ) ਇੱਕ ਅੰਕ (35) ਅਤੇ ਵਜ਼ਨ ਮਾਪਣ ਦੀ ਇੱਕ ਇਕਾਈ (ਕਿਲੋਗ੍ਰਾਮ)। ਕੀ ਅਸੀਂ ਵਜ਼ਨ ਇਨ੍ਹਾਂ ਵਿੱਚੋਂ ਕਿਸੇ ਇੱਕ ਰਾਹੀਂ ਦਸ ਸਕਦੇ ਹਾਂ ? ਨਹੀਂ, ਅਸੀਂ ਅਜਿਹਾ ਨਹੀਂ ਕਰ ਸਕਦੇ। ਕਥਨ ਜਿਵੇਂ 'ਵਜ਼ਨ 35 ਹੈ' ਜਾਂ 'ਵਜ਼ਨ ਕਿਲੋਗ੍ਰਾਮ ਹੈ' ਦਾ ਕੋਈ ਵੀ ਅਰਥ ਨਹੀਂ ਨਿਕਲਦਾ। ਸਿੱਧੇ ਸ਼ਬਦਾਂ ਵਿੱਚ ਕਿਸੇ ਵੀ ਪੱਖ ਨੂੰ ਉਸ ਦੀ ਮਾਤਰਾ ਜਾਂ ਗੁਣਵੱਤਾ ਵਿੱਚ ਮਾਪਣਾ ਉਸ ਵਿਸ਼ੇਸ਼ ਗੁਣ (ਉਮਰ, ਵਜ਼ਨ, ਉੱਚਾਈ, ਲੰਬਾਈ, ਸਮਾਂ) ਨੂੰ ਮਾਪਣ ਦੀਆਂ ਇਕਾਈਆਂ ਵਿੱਚ ਪ੍ਰਗਟ ਕੀਤਾ ਜਾਂਦਾ ਹੈ। (ਜਿਵੇਂ ਉਮਰ ਦੇ ਲਈ ਸਾਲ, ਵਜ਼ਨ ਲਈ ਗ੍ਰਾਮ ਜਾਂ ਕਿਲੋਗ੍ਰਾਮ, ਲੰਬਾਈ ਜਾਂ ਉੱਚਾਈ ਲਈ ਮੀਟਰ, ਸਮੇਂ ਲਈ ਘੰਟੇ, ਮਿੰਟ, ਸਕਿੰਟ ਆਦਿ) ਦੂਜੇ ਸ਼ਬਦਾਂ ਵਿੱਚ ਮਾਪਣ ਕਿਸੇ ਵਸਤੂ ਜਾਂ ਪ੍ਰਕਿਰਿਆ ਦੇ ਵਿਸ਼ੇਸ਼ ਪੱਖ ਜਾਂ ਗੁਣ ਦੀ ਖਾਸ ਮਾਤਰਾ ਜਾਂ ਗੁਣਵੱਤਾ ਦਾ ਵਰਣਨ ਹੈ। ਕਿਸੇ ਵਸਤੂ ਜਾਂ ਪ੍ਰਕਿਰਿਆ ਦੇ ਕਿਸੇ ਪੱਖ ਦਾ ਮਾਪਣ ਉਸ ਦਾ ਮਾਤਾਰਾਤਮਕ ਵਰਣਨ ਹੁੰਦਾ ਹੈ।

ਗਤੀਵਿਧੀ-1

ਜਿੰਨੀਆਂ ਵਸਤੂਆਂ ਦੀ ਤੁਸੀਂ ਸੂਚੀ ਬਣਾ ਸਕਦੇ ਹੋ, ਬਣਾਓ ਹਰ ਵਸਤੂ ਦੇ ਅੱਗੇ ਉਸ ਨੂੰ ਮਾਪਣ ਦੇ ਯੰਤਰ ਅਤੇ ਇਕਾਈ ਦਾ ਨਾਂ ਲਿਖੋ। ਇੱਕ ਉਦਾਹਰਨ ਤੁਹਾਡੇ ਲਈ ਦਿੱਤੀ ਗਈ ਹੈ।

| ਲੜੀ ਨੰਬਰ | ਵਸਤੂ ਦਾ ਨਾਂ | ਸੰਭਵ ਮਾਪਣ ਯੰਤਰ | ਮਾਪਣ ਦੀ ਇਕਾਈ |
|---|---|---|---|
| 1 | ਚਾਵਲ ਦਾ ਵਜ਼ਨ | ਤਰਾਜ਼ੂ | ਕਿਲੋਗ੍ਰਾਮ |
| 2 | | | |
| 3 | | | |
| 4 | | | |

ਆਮ ਤੌਰ ’ਤੇ ਕੋਈ ਵੀ ਮਾਨਕ ਯੰਤਰ ਜਾਂ ਮਾਪਣ ਦਾ ਪ੍ਰਯੋਗ ਕਿਸੇ ਵਸਤੂ ਦੇ ਕਿਸੇ ਪੱਖ ਦੀ ਮਾਤਰਾ ਜਾਣਨ ਲਈ ਕੀਤਾ ਜਾਂਦਾ ਹੈ। ਜਦੋਂ ਤੁਸੀਂ ਕਲਾਸ ਦੀ ਲੰਬਾਈ ਮਾਪਦੇ ਹੋ ਤਾਂ ਤੁਹਾਨੂੰ ਮੀਟਰ ਦੇ ਮਾਪ ਦੀ ਲੋੜ ਹੋਏਗੀ ਅਤੇ ਨਤੀਜੇ.. ਕਹੋ 4 ਮੀਟਰ ਪ੍ਰਗਟ ਕਰੋਗੇ। ਇੱਕ ਮੀਟਰ ਦੀ ਲੰਬਾਈ ਇੱਕ ਨਿਸ਼ਚਤ ਮਾਤਰਾ ਹੈ ਜੋ ਕਿ ਪੂਰੇ ਸੰਸਾਰ ਵਿੱਚ ਇੱਕ ਹੀ ਹੈ-ਇਹ ਇੱਕ ਸਟੈਂਡਰਡ ਮਾਪ (ਜਾਂ ਇਕਾਈ) ਲੰਬਾਈ ਨਾਪਣ ਲਈ ਹੈ। ਇਸ ਪ੍ਰਕਿਰਿਆ ਵਿੱਚ ਤੁਸੀਂ ਕੇਵਲ ਸੂਚਨਾ ਇਕੱਤਰ ਕਰ ਰਹੇ ਹੋ। ਉਸ ਵਿਸ਼ੇਸ਼ਤਾ (ਜਿਵੇਂ ਕਿ ਕਮਰੇ ਦੀ ਲੰਬਾਈ) ਦਾ ਇੱਕ ਸਟੈਂਡਰਡ ਮਾਪ ਜਾਂ ਇੱਕ ਇਕਾਈ ਨਾਲ (ਜਿਵੇਂ ਕਿ ਸਟੈਂਡਰਡ ਮੀਟਰ ਮਾਪ) ਇੱਕ ਸਮਾਂ ਅਵਧੀ ਦੇ ਦੌਰਾਨ ਲਾਭ (ਜਾਂ ਹਾਨੀ) ਜਾਂ ਕੀਤੀ ਗਈ ਪ੍ਰਗਤੀ ਦੀ ਤੁਲਨਾ ਕੀਤੀ ਜਾ ਸਕਦੀ ਹੈ।

ਦੋ ਸਾਲਾਂ ਵਿੱਚ ਵਧਾਈ ਲੰਬਾਈ, ਜਾਂ ਵਜ਼ਨ ਵਿੱਚ ਗਿਰਾਵਟ, ਦੋ ਘੰਟਿਆਂ ਵਿੱਚ ਕਾਰ ਦੀ ਗਤੀ ਵਿੱਚ ਵਾਧਾ ਅਜਿਹੀਆਂ ਤੁਲਨਾਵਾਂ ਦੇ ਉਦਾਹਰਨ ਹਨ ਜਿਨ੍ਹਾਂ ਦੇ ਅੱਗੇ ਆਉਣ ਵਾਲੇ ਅਵਸਰਾਂ ਵਿੱਚ ਵੀ ਮਾਪਣ ਦੀ ਲੋੜ ਹੈ। ਸਥੂਲ ਪੱਖਾਂ ਨੂੰ ਮਾਪਣ ਲਈ ਤੁਲਨਾਵਾਂ ਨੂੰ ਦੋ ਅੰਕਾਂ ਦੇ ਅਨੁਪਾਤ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ। (ਕਿੰਨੀ ਵਾਰ ਜਾਂ ਕਿੰਨੇ ਭਾਗ) ਜਦੋਂ ਅਸੀਂ ਦੋ ਵਸਤੂਆਂ ਦੇ ਇੱਕ ਹੀ ਪੱਖ ਦੀ ਤੁਲਨਾ ਕਰਨ ਲਈ ਮਾਪਦੇ ਹਾਂ, ਤਾਂ ਇੱਕ ਹੀ ਪੱਖ ਦੇ ਮਾਪਣ ਦੇ ਨਤੀਜਿਆਂ ਨੂੰ ਗੁਣਾਤਮਕਾਂ ਜਾਂ ਹਿੱਸਿਆਂ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ ਜਿਵੇਂ 12 ਮੀਟਰ ਲੰਬਾਈ, ਛੇ ਮੀਟਰ ਲੰਬਾਈ ਤੋਂ ਦੁੱਗੁਣਾ ਹੈ ਜਾਂ ਇਸ ਦੇ ਉਲਟ ਕਿ ਛੇ ਮੀਟਰ ਲੰਬਾਈ 12 ਮੀਟਰ ਲੰਬਾਈ ਤੋਂ ਅੱਧੀ ਹੈ। ਉੱਪਰ ਦਿੱਤੇ ਗਏ ਸਾਰੇ ਉਦਾਹਰਨ ਕਿਸੇ ਸਥੂਲ ਵਸਤੂ ਜਾਂ ਪ੍ਰਕਿਰਿਆ ਜਿਸ ਨੂੰ ਦੇਖਿਆ, ਛੂਹਿਆ ਜਾਂ ਮਹਿਸੂਸ ਕੀਤਾ ਜਾਂ ਜਿਸ ਦੀ ਆਸਾਨੀ ਨਾਲ ਮਾਤਰਾ ਮਾਪੀ ਜਾ ਸਕਦੀ ਹੈ, ਦੇ ਮਾਪਣ ਨਾਲ ਸਬੰਧਿਤ ਹੈ, ਪਰ ਅਸੀਂ ਮਨੁੱਖਾਂ ਦੇ ਵਿਸ਼ੇਸ਼ ਗੁਣਾਂ ਜਿਵੇਂ ਸਫ਼ਾਈ, ਵਿਅਕਤੀਤਵ, ਮਨੋਵਿਰਤੀ, ਇਮਾਨਦਾਰੀ ਆਦਿ ਦਾ ਮਾਪਣ ਕਿਵੇਂ ਕਰ ਸਕਦੇ ਹਾਂ ? ਮਨੁੱਖਾਂ ਦੇ ਕਈ ਗੁਣਾਂ ਦਾ ਮਾਪ ਕਰਨ ਲਈ ਕਈ ਵਿਧੀਆਂ ਵਿਕਸਤ ਕੀਤੀਆਂ ਗਈਆਂ ਹਨ। ਇੱਕ ਅਧਿਆਪਕ ਜਾਂ ਮਾਪੇ ਹੋਣ ਦੇ ਨਾਤੇ ਅਸੀਂ ਹਮੇਸ਼ਾ ਜਾਣਨਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਨੇ ਕਿੰਨਾ ਅਨੁਭਵ (ਗਿਆਨ, ਸਮਝ ਆਦਿ) ਸਕੂਲ ਦੀ ਇੱਕ ਕਲਾਸ ਵਿੱਚ, ਕਹਿ ਸਕਦੇ ਹਾਂ ਪਿਛਲੇ ਛੇ ਮਹੀਨਿਆਂ ਵਿੱਚ ਗ੍ਰਹਿਣ ਕੀਤਾ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਸਿਖਲਾਈ ਵਿੱਚ ਵਾਧਾ ਜਿਵੇਂ ਸਿਖਲਾਈ ਉਪਲੱਬਧੀ ਜਾਂ ਸਿਰਫ਼ ਉਪਲੱਬਧੀ ਕਹਿੰਦੇ

ਹਨ ਦਾ ਪਤਾ ਲਗਾਉਣਾ ਚਾਹੁੰਦੇ ਹਨ। ਇੱਕ ਸਮਾਂ ਅਵਧੀ ਵਿੱਚ ਸਿਖਲਾਈ ਵਿੱਚ ਵਾਧੇ ਨੂੰ ਕਿਸ ਪ੍ਰਕਾਰ ਮਾਪਿਆ ਜਾ ਸਕਦਾ ਹੈ।

ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਦੀ ਸਿਖਲਾਈ ਦੀ ਉਪਲੱਬਧੀ ਨੂੰ ਮਾਪਣ ਲਈ ਅਸੀਂ ਅਧਿਆਪਕ ਅਕਸਰ ਉਨ੍ਹਾਂ ਤੋਂ ਪ੍ਰਸ਼ਨਾਂ ਦੇ ਉੱਤਰ ਮੌਖਿਕ ਜਾਂ ਲਿਖਤ ਵਿੱਚ ਦੇਣ ਨੂੰ ਕਹਿੰਦੇ ਹਾਂ। ਪ੍ਰੀਖਿਆ ਦੇ ਇੱਕ ਵਿਸ਼ਾ ਖੇਤਰ ਵਿੱਚ ਹਰ ਕਲਾਸ ਲਈ ਵਿਵਸਥਿਤ ਤਰੀਕੇ ਨਾਲ ਬਣਾਏ ਗਏ ਮਾਸਕ, ਛਿਮਾਹੀ ਜਾਂ ਸਾਲਾਨਾ ਪ੍ਰਸ਼ਨ ਪੱਤਰ ਨੂੰ ਟੈਸਟ ਦਾ ਪਰੀਖਣ ਕਹਿੰਦੇ ਹਨ। ਉਪਲੱਬਧੀ ਦੀ ਮਾਤਰਾ ਨੂੰ ਮਾਪਣ ਲਈ ਜੋ ਟੈਸਟ ਵਿਕਸਤ ਕੀਤਾ ਜਾਂਦਾ ਹੈ ਉਸਨੂੰ ਉਪਲੱਬਧੀ ਪਰੀਖਣ ਕਿਹਾ ਜਾਂਦਾ ਹੈ। ਇੱਕ ਵਿਦਿਆਰਥੀ ਰਾਹੀਂ ਦਿੱਤੇ ਗਏ ਉੱਤਰਾਂ ਨੂੰ ਜਾਂਚ ਕੇ ਜਾਂ ਹਰ ਦਿੱਤੇ ਗਏ ਪ੍ਰਸ਼ਨ ਦੇ ਉੱਤਰ ਨੂੰ ਅੰਕ ਦੇ ਕੇ ਉਨ੍ਹਾਂ ਅੰਕਾਂ ਦਾ ਜੋੜ ਕਰਕੇ ਜੋ ਕਿ ਇੱਕ ਵਿਦਿਆਰਥੀ ਨੇ ਇੱਕ ਵਿਸ਼ੇ ਵਿੱਚ ਪ੍ਰਾਪਤ ਕੀਤੇ ਹਨ, ਵਿਦਿਆਰਥੀ ਦੀ ਉਪਲੱਬਧੀ ਦਾ ਮਾਪਣ ਮਿਲਦਾ ਹੈ।

ਉਦਾਹਰਨ ਲਈ ਮੰਨ ਲਓ ਸੱਤਵੀਂ ਕਲਾਸ ਦੇ ਇੱਕ ਵਿਦਿਆਰਥੀ ਜਾਬਾ ਨੇ ਵਿਗਿਆਨ ਦੇ ਇੱਕ ਟੈਸਟ ਵਿੱਚ 100 ਵਿੱਚੋਂ 40 ਅੰਕ ਛਿਮਾਹੀ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ। ਉਸ ਦੀ ਉਪਲੱਬਧੀ (ਜੋ ਉਸ ਨੇ ਸਿੱਖਿਆ ਹੈ) ਦੀ ਮਾਤਰਾ 100 ਦੀ ਮਾਪਣੀ ’ਤੇ 40 ਹੈ। ਦੂਜੇ ਸ਼ਬਦਾਂ ਵਿੱਚ ਜੇਕਰ ਅਸੀਂ ਮੰਨੀਏ ਕਿ ਪੂਰੇ ਸਾਲ ਵਿੱਚ ਪੜ੍ਹਾਈਆਂ ਗਈਆਂ ਵਿਗਿਆਨ ਦੀਆਂ ਧਾਰਨਾਵਾਂ ਨੂੰ ਜੇਕਰ ਟੈਸਟ ਰਾਹੀਂ ਮਾਪਿਆ ਜਾਏ ਅਤੇ ਉਨ੍ਹਾਂ ਲਈ ਸਿਖਲਾਈ ਦੇ 100 ਬਿੰਦੂ ਹਨ ਤਾਂ ਜਾਬਾ ਨੇ 40 ਬਿੰਦੂਆਂ ਦੇ ਸਹੀ ਉੱਤਰ ਦਿੱਤੇ ਹਨ। ਜੇਕਰ ਸਾਲਾਨਾ ਪ੍ਰੀਖਿਆ ਵਿੱਚ ਉਸੀ ਵਿਸ਼ੇ ਵਿੱਚ ਉਸ ਦੇ 80 ਅੰਕ ਆਉਂਦੇ ਹਨ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਸ ਦੀ ਵਿਗਿਆਨ ਵਿੱਚ ਉਪਲੱਬਧੀ ਵਿੱਚ ਸੁਧਾਰ ਹੋਇਆ ਹੈ।

ਅੱਗੇ ਵਧਣ ਤੋਂ ਪਹਿਲਾਂ ਨਿਮਨਲਿਖਤ ਪ੍ਰਸ਼ਨ ਦਾ ਉੱਤਰ ਦਿਓ:

ਈ 1: ਜੇਕਰ ਸੁਮਨ ਪ੍ਰਤੀਸ਼ਤ ਵਿੱਚ ਇੱਕ ਉਪਲੱਬਧੀ ਪ੍ਰੀਖਿਆ ਦਿੰਦੀ ਹੈ ਅਤੇ ਉਸ ਦੇ 25 ਵਿੱਚੋਂ 15 ਅੰਕ ਆਉਂਦੇ ਹਨ ਅਤੇ ਫਿਰ ਇੱਕ ਮਹੀਨੇ ਬਾਅਦ ਪ੍ਰੀਖਿਆ ਦਿੰਦੀ ਹੈ, ਕੀ ਉਸ ਦੇ ਜ਼ਿਆਦਾ ਅੰਕ ਆਉਣ ਦੀ ਸੰਭਾਵਨਾ ਹੈ ? ਕਿਉਂ ?

ਇਸ ਪ੍ਰਕਾਰ ਨਾਲ ਅਸੀਂ ਕਹਿ ਸਕਦੇ ਹਾਂ ਕਿ ਸਿੱਖਿਆ ਵਿੱਚ ਮਾਪਣ, ਭੌਤਿਕ ਵਸਤੂਆਂ ਦੇ ਮਾਪਣ ਦੀ ਤਰ੍ਹਾਂ ਇਛੁੱਕ ਪੱਖ ਨੂੰ ਮਾਤਰਾਤਮਕ ਰੂਪ ਵਿੱਚ ਪ੍ਰਗਟ ਕਰਨ ਦੀ ਪ੍ਰਕਿਰਿਆ ਹੈ। ਪਰ ਭੌਤਿਕ ਮਾਪਣਾਂ ਦੀ ਤੁਲਨਾ ਦੀ ਤਰ੍ਹਾਂ ਅੰਕਾਂ ਦੀ ਤੁਲਨਾ ਅਨੁਪਾਤਾਂ ਵਿੱਚ ਨਹੀਂ ਕੀਤੀ ਜਾ ਸਕਦੀ ਹੈ। ਉੱਪਰ ਦਿੱਤੇ ਗਏ ਉਦਾਹਰਨ ਵਿੱਚ ਇੱਕ ਇਹ ਨਹੀਂ ਕਹਿ ਸਕਦੇ ਕਿ ਜਾਬਾ ਦੀ ਸਾਲਾਨਾ ਪ੍ਰੀਖਿਆ ਵਿੱਚ ਵਿਗਿਆਨ ਵਿੱਚ ਉਪਲੱਬਧੀ ਉਸ ਦੀ ਛਿਮਾਹੀ ਸਾਲਾਨਾ ਪ੍ਰੀਖਿਆ ਵਿੱਚ ਉਪਲੱਬਧੀ ਤੋਂ ਦੁੱਗਣੀ ਹੈ। ਇਸੀ ਪ੍ਰਕਾਰ ਨਾਲ ਜੇਕਰ ਦੋ ਵਿਦਿਆਰਥੀ ਜਿਬਾਨ ਅਤੇ ਜੀਨਤ ਜੋ ਪੰਜਵੀਂ ਕਲਾਸ ਵਿੱਚ ਪੜ੍ਹਦੇ ਹਨ, ਗਣਿਤ ਵਿੱਚ 50 ਅਤੇ 75 ਅੰਕ ਇੱਕ ਹੀ ਪ੍ਰੀਖਿਆ ਵਿੱਚ ਪ੍ਰਾਪਤ ਕਰਦੇ ਹਨ ਤਾਂ ਇਹ ਕਹਿਣਾ ਗਲਤ ਹੋਏਗਾ ਕਿ ਜਿਬਾਨ ਦੀ ਉਪਲੱਬਧੀ ਉਸ ਵਿਸ਼ੇ ਵਿੱਚ ਜੀਨਤ ਦੀ ਉਪਲੱਬਧੀ ਤੋਂ 2/3 ਹੈ। ਅਸੀਂ ਕੇਵਲ ਇਹ ਕਹਿ ਸਕਦੇ ਹਾਂ ਕਿ ਗਣਿਤ ਵਿੱਚ ਜੀਨਤ ਦੀ ਉਪਲੱਬਧੀ ਜਿਬਾਨ ਤੋਂ ਬਿਹਤਰ ਹੈ।

ਅੱਗੇ ਜਦੋਂ ਇੱਕ ਵਿਦਿਆਰਥੀ ਕਿਸੇ ਵਿਸ਼ੇ ਵਿੱਚ ਘੱਟ ਤੋਂ ਘੱਟ 0 ਜਾਂ ਜ਼ਿਆਦਾ ਤੋਂ ਜ਼ਿਆਦਾ 100 ਅੰਕ ਲੈਂਦਾ ਹੈ ਤਾਂ ਅਸੀਂ ਇਹ ਨਹੀਂ ਮੰਨ ਸਕਦੇ ਕਿ ਜਦੋਂ ਉਸ ਨੇ 0 ਅੰਕ ਲਏ ਤਾਂ ਉਸ ਨੂੰ ਉਸ ਵਿਸ਼ੇ ਵਿੱਚ ਕੁਝ ਨਹੀਂ ਆਉਂਦਾ ਅਤੇ ਜਦੋਂ ਉਸ ਨੇ 100 ਅੰਕ ਲਏ ਤਾਂ ਉਸ ਨੂੰ ਸਭ ਕੁਝ ਆਉਂਦਾ ਹੈ। ਅਸੀਂ ਕੇਵਲ ਇਸ ਸਿੱਟੇ ’ਤੇ ਪਹੁੰਚ ਸਕਦੇ ਹਾਂ ਕਿ ਪਹਿਲੇ ਅਵਸਰ ’ਤੇ ਉਪਲੱਬਧੀ ਖਰਾਬ ਸੀ ਅਤੇ ਦੂਜੇ ਅਵਸਰ ’ਤੇ ਬਹੁਤ ਹੀ ਚੰਗੀ। ਅੰਕਾਂ ’ਤੇ ਆਧਾਰਿਤ ਅਸੀਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਬਾਰੇ ਵਿੱਚ ਗੁਣਾਤਮਕ ਟਿੱਪਣੀਆਂ ਦਿੰਦੇ ਹਾਂ ਜਿਵੇਂ ਖਰਾਬ, ਔਸਤ, ਚੰਗਾ ਆਦਿ ਜੋ ਹਮੇਸ਼ਾ ਸਹੀ ਨਹੀਂ ਹੁੰਦੇ। ਜੇਕਰ ਅੱਠਵੀਂ ਕਲਾਸ ਦਾ ਇੱਕ ਬੱਚਾ ਭਾਸ਼ਾ ਵਿੱਚ 75 ਅੰਕ ਲੈਂਦਾ ਹੈ ਤਾਂ ਇਹ ਅੰਕ ਇਹ ਨਹੀਂ ਦੱਸਦੇ ਕਿ ਉਹ ਬੱਚਾ ਪਾਠ

ਪੁਸਤਕਾਂ ਤੋਂ ਇਲਾਵਾ ਹੋਰ ਪੁਸਤਕਾਂ ਪੜ੍ਹਨਾ ਪਸੰਦ ਕਰਦਾ ਹੈ ਕਿ ਨਹੀਂ। ਭਾਸ਼ਾ ਦੀਆਂ ਕਲਾਸਾਂ ਵਿੱਚ ਬਿਹਤਰ ਪ੍ਰਕਿਰਿਆ ਦਿੰਦਾ ਹੈ ਜਾਂ ਨਹੀਂ, ਭਾਸ਼ਾ ਨਾਲ ਜੁੜੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਭਾਗ ਲੈਂਦਾ ਹੈ ਕਿ ਨਹੀਂ ਅਤੇ ਬੱਚਿਆਂ ਦੀਆਂ ਅਜਿਹੀਆਂ ਹੀ ਹੋਰ ਵਿਸ਼ੇਸ਼ਤਾਵਾਂ। ਅਜਿਹੀਆਂ ਵਿਸ਼ੇਸ਼ਤਾਵਾਂ ਜੋ ਕਿ ਸਿਖਲਾਈ ਦੀਆਂ ਸੂਚਕ ਵੀ ਹਨ, ਨੂੰ ਕੇਵਲ ਕਥਨਾਂ ਨਾਲ ਕਿਹਾ ਜਾ ਸਕਦਾ ਹੈ ਅਤੇ ਅੰਕਾਂ ਨਾਲ ਨਹੀਂ। ਜਾਬਾ ਦੀ ਵਿਗਿਆਨ ਵਿੱਚ ਉਪਲੱਬਧੀ ਦੇ ਉਦਾਹਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਮਨਲਿਖਤ ਉੱਤਰ ਦਿਓ।

ਈ 2: ਵਿਗਿਆਨ ਵਿੱਚ ਜਾਬਾ ਦੇ ਪ੍ਰਾਪਤ ਅੰਕਾਂ ਤੋਂ ਇਲਾਵਾ ਉਸ ਦੀ ਵਿਗਿਆਨ ਵਿੱਚ ਪ੍ਰਗਤੀ ਦੇ ਨਿਰਧਾਰਨ ਦੇ ਲਈ ਤਿੰਨ ਸੂਚਕ ਦੱਸੋ।

ਨਿਰਧਾਰਨ: ਜਦੋਂ ਤੁਸੀਂ ਆਪਣੇ ਲਈ ਡਰੈੱਸ ਖਰੀਦਣ ਜਾਂਦੇ ਹੋ ਤਾਂ ਆਮ ਤੌਰ ’ਤੇ ਤੁਸੀਂ ਕੀ ਕਰਦੇ ਹੋ ? ਤੁਸੀਂ ਕਈ ਡਰੈਸਾਂ ਦੇਖਦੇ ਹੋ ਅਤੇ ਉਨ੍ਹਾਂ ਨੂੰ ਵਿਭਿੰਨ ਪੱਖਾਂ ਜਿਵੇਂ ਆਕਾਰ, ਰੰਗ, ਬਰਾਂਡ, ਮੁੱਲ, ਅਵਧੀ ਅਤੇ ਤੁਹਾਡੀਆਂ ਲੋੜਾਂ ਦੇ ਅਨੁਕੂਲ ਤੁਲਨਾ ਕਰਦੇ ਹਾਂ। ਤੁਸੀਂ ਉਸੀ ਦੀ ਚੋਣ ਕਰਦੇ ਹੋ ਜੋ ਤੁਹਾਡੀਆਂ ਲੋੜਾਂ ਅਨੁਸਾਰ ਹੈ। ਇਸੀ ਪ੍ਰਕਾਰ ਨਾਲ ਜੇਕਰ ਤੁਸੀਂ ਸਕੂਲ ਦੇ ਕਿਸੇ ਵਿਸ਼ੇ ਵਿੱਚ ਬੱਚੇ ਦੀ ਕਾਰਗੁਜ਼ਾਰੀ ਨੂੰ ਮਾਪਣਾ ਚਾਹੁੰਦੇ ਹੋ। ਮੰਨ ਲਓ ਵਾਤਾਵਰਣ ਅਧਿਐਨ ਦੀ ਇੱਕ ਵਿਸ਼ੇਸ਼ ਇਕਾਈ ਜਾਂ ਇੱਕ ਪਾਠਕ੍ਰਮ ਤੋਂ ਬਾਅਦ, ਤੁਸੀਂ ਇੱਕ ਟੈਸਟ ਦੇ ਸਕਦੇ ਹੋ ਅਤੇ ਅੰਕਾਂ ਵਿੱਚ ਕਾਰਗੁਜ਼ਾਰੀ ਦਾ ਮਾਪਣ ਕਰ ਸਕਦੇ ਹੋ, ਜਾਂ ਬੱਚੇ ਨੂੰ ਕੋਈ ਪ੍ਰਾਜੈਕਟ ਜਾਂ ਕਾਰਜ ਦੇ ਸਕਦੇ ਹੋ, ਕਲਾਸ ਜਾਂ ਉਸ ਦੇ ਬਾਹਰ ਵਾਤਾਵਰਣ ਅਧਿਐਨ ਵਿੱਚ ਕਾਰਗੁਜ਼ਾਰੀ, ਇਸ ਪ੍ਰਕਾਰ ਨਾਲ ਵਾਤਾਵਰਣ ਅਧਿਐਨ ਨਾਲ ਸਬੰਧਿਤ ਧਾਰਨਾਵਾਂ ਦੇ ਸਿਖਲਾਈ ਨਾਲ ਜੁੜੇ ਸਾਰੇ ਸੰਭਵ ਅੰਕੜਿਆਂ ਅਤੇ ਪ੍ਰਮਾਣਾਂ ਦੇ ਸੰਗ੍ਰਹਿ ਨਾਲ ਸਬੰਧਿਤ ਹੈ। ਇਹ ਅੰਕੜੇ ਮਾਤਰਾਤਮਕ ਜਾਂ ਸੰਖਿਆਤਮਕ ਜਿਵੇਂ ਕਿ ਅੰਕ ਜਾਂ ਸਕੋਰ ਜਾਂ ਗੁਣਾਤਮਕ ਅੰਕੜਿਆਂ ਜਿਵੇਂ ਧਾਰਨਾਵਾਂ ਨੂੰ ਸਿੱਖਣ ਵਿੱਚ ਰੁਚੀ, ਸਿੱਖੀਆਂ ਗਈਆਂ ਧਾਰਨਾਵਾਂ ’ਤੇ ਸਹਿਕਿਰਿਆਵਾਂ ਦੀ ਸਮਰੱਥਾ, ਵਿਸ਼ੇ ਨਾਲ ਸਬੰਧਿਤ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਅਤੇ ਬੱਚੇ ਦੇ ਅਜਿਹੇ ਹੋਰ ਲੱਛਣ ਜੋ ਕਿ ਧਾਰਨਾਵਾਂ ਦੇ ਸਿਖਲਾਈ ਦੇ ਸੰਭਵ ਨਤੀਜੇ ਹੋ ਸਕਦੇ ਹਨ। ਤੁਸੀਂ ਬਹੁਤ ਚੰਗੀ ਤਰ੍ਹਾਂ ਨਾਲ ਦੇਖ ਸਕਦੇ ਹੋ ਕਿ ਨਿਰਧਾਰਨ ਮਾਪਣ ਤੋਂ ਪਰੇ ਜਾਂਦਾ ਹੈ ਜੋ ਕਿ ਸੰਖਿਅਕੀ ਅੰਕੜੇ ਇਕੱਤਰ ਕਰਨ ਤੱਕ ਸੀਮਤ ਹੈ। ਸੰਖਿਅਕੀ ਸਕੋਰਾਂ ਨੂੰ ਸ਼ਾਮਲ ਕਰਨ ਤੋਂ ਇਲਾਵਾ ਨਿਰਧਾਰਨ ਸਿਖਲਾਈ ਦੇ ਗੁਣਾਤਮਕ ਪੱਖ ਨਾਲ ਸਬੰਧਿਤ ਅੰਕੜਿਆਂ ’ਤੇ ਵੀ ਆਧਾਰਿਤ ਹੈ। ਸਿਖਲਾਈ ਦੇ ਨਿਰਧਾਰਨ ਨਾਲ ਸਬੰਧਿਤ ਸੂਚਨਾ ਜਾਂ ਅੰਕੜੇ ਵਿਭਿੰਨ ਪੱਧਰਾਂ ਤੋਂ ਅਲੱਗ ਅਲੱਗ ਪ੍ਰਕਾਰ ਦੇ ਖੇਤਰ ਅਤੇ ਪ੍ਰਕਿਰਿਆਵਾਂ ਇਕੱਤਰ ਕੀਤੇ ਜਾ ਸਕਦੇ ਹਨ ਜਿਵੇਂ ਉਪਲੱਬਧੀ ਪ੍ਰੀਖਿਆ ਕਲਾਸ ਅਤੇ ਹੋਰ ਕਿਰਿਆਵਾਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ, ਉਨ੍ਹਾਂ ਦੀ ਪ੍ਰਾਜੈਕਟ ਕਾਰਜ ਵਿੱਚ ਕਾਰਗੁਜ਼ਾਰੀ ਅਤੇ ਹੋਰ ਕਾਰਜ ਅਤੇ ਅਜਿਹੀਆਂ ਵਿਭਿੰਨ ਪ੍ਰਸਥਿਤੀਆਂ ਜਿੱਥੇ ਵਿਦਿਆਰਥੀ ਆਪਣੀ ਸਿਖਲਾਈ ਕਾਰਗੁਜ਼ਾਰੀ ਦਿਖਾ ਸਕਦੇ ਹਨ। ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਇਕੱਲੇ ਟੈਸਟ ਦਾ ਪ੍ਰਯੋਗ ਕਰਕੇ ਜਾਂ ਇਕੱਲੇ ਸਰੋਤ ਨਾਲ ਲਏ ਗਏ ਅੰਕੜੇ ਪੂਰੀ ਤਰ੍ਹਾਂ ਨਾਲ ਸਿਖਲਾਈ ਦਾ ਨਿਰਧਾਰਨ ਕਰਨ ਵਿੱਚ ਸਹਾਇਤਾ ਨਹੀਂ ਕਰ ਸਕਦੇ ਅਤੇ ਇਸ ’ਤੇ ਵਿਸਥਾਰ ਵਿੱਚ ਚਰਚਾ ਇਸ ਇਕਾਈ ਦੇ ਭਾਗ 13.5 ਵਿੱਚ ਕੀਤੀ ਜਾਏਗੀ।

ਸਿਖਲਾਈ ਦਾ ਨਿਰਧਾਰਨ ਹਮੇਸ਼ਾ ਨਿਸ਼ਚਤ ਉਦੇਸ਼ ਜਾਂ ਉਦੇਸ਼ਾਂ ਦੇ ਨਾਲ ਕੀਤਾ ਜਾਂਦਾ ਹੈ। ਹਾਲਾਂਕਿ ਸਕੂਲ ਸਿੱਖਿਆ ਵਿੱਚ ਸਾਰੇ ਪ੍ਰਕਾਰ ਦੇ ਨਿਰਧਾਰਨ ਦਾ ਉਦੇਸ਼ ਬੱਚਿਆਂ ਦੀ ਸਿਖਲਾਈ ਵਿੱਚ ਸੁਧਾਰ ਹੁੰਦਾ ਹੈ, ਪਰ ਹਰ ਸਿਖਲਾਈ ਦੇ ਇੱਕ ਵਿਸ਼ੇਸ਼ ਮੁੱਦੇ ਨੂੰ ਸਮਝਣ ਲਈ ਹੁੰਦਾ ਹੈ ਜਿਨ੍ਹਾਂ ਦਾ ਸਾਹਮਣਾ ਅਧਿਆਪਕ ਨੂੰ ਕਲਾਸ ਵਿੱਚ ਪੜ੍ਹਾਉਣ ਦੇ ਦੌਰਾਨ ਕਰਨਾ ਪੈਂਦਾ ਹੈ ਜਿਵੇਂ ਕਿ ਪੰਜਵੀਂ ਕਲਾਸ ਦੇ ਪੱਧਰ ’ਤੇ ਮਾਂ ਬੋਲੀ ਵਿੱਚ ਵਾਰ ਵਾਰ ਹੋਣ ਵਾਲੀਆਂ ਸ਼ਬਦਾਂ ਦੀਆਂ ਗਲਤੀਆਂ, ਦੋ ਤਿੰਨ ਅੰਕਾਂ ਦੇ ਅੰਕ ਜੋੜਨ ਵਿੱਚ ਹਾਸਲ ਨਾਲ ਸਬੰਧਿਤ ਕੀਤੀਆਂ ਜਾਣ ਵਾਲੀਆਂ ਵਿਭਿੰਨ ਪ੍ਰਕਾਰ ਦੇ ਫੁੱਲਾਂ ਦੇ ਭਾਗਾਂ ਦਾ ਗਲਤ ਪ੍ਰੇਖਣ। ਵਿਸ਼ੇਸ਼ ਸਿਖਲਾਈ ਸਮੱਸਿਆਵਾਂ ਦੇ ਸਹੀ ਪੱਧਰ ਦਾ ਪਤਾ ਲਗਾਉਣ ਲਈ ਇੱਕ ਅਧਿਆਪਕ ਵਿਦਿਆਰਥੀਆਂ ਦਾ ਨਿਰਧਾਰਨ ਵਿਸ਼ੇਸ਼ ਯੰਤਰਾਂ ਨਾਲ ਕਰਨ ਦੀ ਕੋਸ਼ਿਸ਼ ਕਰਦਾ

ਹੈ। ਇਸ ਪ੍ਰਕਾਰ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਨਿਰਧਾਰਨ ਵਿਸ਼ੇਸ਼ ਸਮੱਸਿਆਵਾਂ ’ਤੇ ਮਾਤਰਾਤਮਕ ਅਤੇ ਗੁਣਾਤਮਕ ਸੂਚਨਾ ਇਕੱਤਰ ਕਰਨ ਦੀ ਪ੍ਰਕਿਰਿਆ ਹੈ ਜਿਸ ’ਤੇ ਆਧਾਰਿਤ ਸਿਖਲਾਈ ਦੇ ਪ੍ਰੋਤਸਾਹਨ ਲਈ ਅਗਲੇ ਕਦਮ ਉਠਾਏ ਜਾਂਦੇ ਹਨ।

ਮੁਲਾਂਕਣ: ਅਸੀਂ ਸਾਰੇ ਆਪਣੇ ਜੀਵਨ ਦੇ ਕਈ ਮੁੱਦਿਆਂ ’ਤੇ ਮੁਲਾਂਕਣ ਕਰਕੇ ਫੈਸਲੇ ਲੈਂਦੇ ਹਾਂ। ਆਓ ਅਸੀਂ ਸਾਬਣ ਖਰੀਦਣ ਵਰਗੇ ਸਾਧਾਰਨ ਮੁੱਦੇ ਦਾ ਉਦਾਹਰਨ ਲਈਏ। ਬਾਜ਼ਾਰ ਵਿੱਚ ਉਪਲੱਬਧ ਸਾਬਣਾਂ ਦੀਆਂ ਕਈ ਕਿਸਮਾਂ ਵਿੱਚ ਤੁਹਾਨੂੰ ਉਹ ਹੀ ਚੁਣਨਾ ਹੈ ਜੋ ਤੁਹਾਡੇ ਲਈ ਸਭ ਤੋਂ ਚੰਗਾ ਹੈ। ਤੁਸੀਂ ਸ਼ਾਇਦ ਕਈ ਪ੍ਰਸ਼ਨ ਪੁੱਛੋਗੇ ਜਿਵੇਂ ਕਿ ‘ਕੀ ਇਹ ਪ੍ਰਯੋਗ ਲਈ ਨਰਮ ਹੈ ?’, ‘ਕੀ ਇਹ ਮੈਲ ਹਟਾਉਣ ਲਈ ਢੁਕਵੀਂ ਝੱਗ ਪੈਦਾ ਕਰਦਾ ਹੈ ?’, ‘ਕੀ ਇਸ ਦੀ ਕੀਮਤ ਮੈਂ ਆਰਾਮ ਨਾਲ ਚੁਕਾ ਸਕਦਾ ਹਾਂ ? ਅਤੇ ਇਸ ਦੀ ਖੁਸ਼ਬੂ ਚੰਗੀ ਹੈ’ ਅਤੇ ਹੋਰ ਕਈ ਪ੍ਰਕਾਰ ਦੇ ਪ੍ਰਸ਼ਨ। ਇਨ੍ਹਾਂ ਸਾਰੇ ਪ੍ਰਸ਼ਨਾਂ ’ਤੇ ਸੂਚਨਾ ਪ੍ਰਾਪਤ ਕਰਨ ਤੋਂ ਬਾਅਦ ਤੁਸੀਂ ਆਪਣੇ ਲਈ ਇਸ ਦਾ ਫੈਸਲਾ ਲੈਂਦੇ ਹੋ। ਤੁਸੀਂ ਕਹਿ ਸਕਦੇ ਹੋ, ‘ਕੀ ਇਹ ਮੇਰੇ ਲਈ ਹਰ ਪ੍ਰਕਾਰ ਤੋਂ ਢੁਕਵਾਂ ਹੈ।’, ‘ਇਸ ਦੀ ਖੁਸ਼ਬੂ ਚੰਗੀ ਹੈ, ਮੈਂ ਇਸ ਨੂੰ ਖਰੀਦਣ ਦੇ ਸਮਰੱਥ ਨਹੀਂ ਹਾਂ ਆਦਿ।’ ਤੁਸੀਂ ਉਪਯੋਗਿਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਬਣ ਦੇ ਬਾਰੇ ਵਿੱਚ ਫੈਸਲਾ ਲੈ ਰਹੇ ਹੋ। ਤੁਸੀਂ ਇਹ ਫੈਸਲਾ ਵਸਤੂ ਦੇ ਬਾਰੇ ਵਿੱਚ ਇਕੱਤਰ ਕੀਤੀ ਹੋਈ ਸੂਚਨਾ ਦੇ ਆਧਾਰ ’ਤੇ ਲੈ ਰਹੇ ਹੋ। ਮਤਲਬ ਕਿ ਜੋ ਸਾਬਣ ਤੁਸੀਂ ਖਰੀਦਣ ਜਾ ਰਹੇ ਹੋ , ਉਸ ਦਾ ਮੁਲਾਂਕਣ ਕਰਨ ਵਿੱਚ ਲੱਗੇ ਹੋਏ ਹੋ।

ਇਸੀ ਪ੍ਰਕਾਰ ਨਾਲ ਜਦੋਂ ਤੁਸੀਂ ਬੱਚਿਆਂ ਦੀ ਸਿਖਲਾਈ ਦੀ ਪ੍ਰਗਤੀ ਦੀ ਜਾਂਚ ਕਰਨ ਜਾ ਰਹੇ ਹੋ ਤਾਂ ਬੱਚੇ ਦੀ ਸਿਖਲਾਈ ਨਾਲ ਸਬੰਧਿਤ ਸਾਰੇ ਪੱਖਾਂ ਦਾ ਧਿਆਨ ਰੱਖਣ ਦੀ ਲੋੜ ਹੈ। ਬੱਚੇ ਦੀ ਸਿਖਲਾਈ ਨਾਲ ਸਬੰਧਿਤ ਹਰ ਪ੍ਰਕਾਰ ਦੀ ਸੰਭਵ ਸੂਚਨਾ, ਮਾਤਰਾਤਮਕ ਅਤੇ ਗੁਣਾਤਮਕ ਦੋਨੋਂ, ਚੰਗੀ ਤਰ੍ਹਾਂ ਇਕੱਤਰ ਕਰਦੇ ਹੋ ਅਤੇ ਸਾਵਧਾਨੀ ਨਾਲ ਉਸ ਦਾ ਵਿਸ਼ਲੇਸ਼ਣ ਕਰਨਾ ਹੈ, ਇਸਤੋਂ ਪਹਿਲਾਂ ਕਿ ਬੱਚੇ ਦੀ ਸਿਖਲਾਈ ਪੱਧਰ/ਪ੍ਰਗਤੀ ਦੇ ਬਾਰੇ ਵਿੱਚ ਕੋਈ ਫੈਸਲਾ ਲਿਆ ਜਾਏ।

ਉੱਪਰ ਲਿਖੀ ਚਰਚਾ ’ਤੇ ਆਧਾਰਿਤ ਮੁਲਾਂਕਣ ਦੀ ਧਾਰਨਾ ਨੂੰ ਸੰਖੇਪ ਵਿੱਚ ਹੇਠ ਦਿੱਤੇ ਬਾਕਸ 13.1 ਵਿੱਚ ਦਿਖਾਇਆ ਗਿਆ ਹੈ।

ਮਾਤਰਾਤਮਕ ਸੂਚਨਾ ਤਥਾ/ਜਾਂ ਗੁਣਾਤਮਕ ਸੂਚਨਾ+ਮੁੱਲ ਨਿਰਧਾਰਨ=ਮੁਲਾਂਕਣ

ਪਰੀਖਣਾਂ ਰਾਹੀਂ ਇਕੱਤਰ (ਪ੍ਰੇਖਣ, ਵਿਵਹਾਰ ਦੇ ਵਿਸ਼ਲੇਸ਼ਣ, ਪੋਰਟਫੋਲਿਓ, ਪ੍ਰਾਜੈਕਟ ਕਾਰਜ ਆਦਿ ਰਾਹੀਂ ਇਕੱਤਰ)

ਬਾਕਸ 13.1 ਮੁਲਾਂਕਣ ਦੀ ਧਾਰਨਾ

ਹੁਣ ਕਲਾਸ ਸਿਖਲਾਈ ਦੇ ਸੰਦਰਭ ਵਿੱਚ ਨਿਰਧਾਰਨ ਅਤੇ ਮੁਲਾਂਕਣ ਕਿਸ ਪ੍ਰਕਾਰ ਸਮਾਨ ਅਤੇ ਭਿੰਨ ਹਨ ?

- ਨਿਰਧਾਰਨ ਦਾ ਅਰਥ ਹੈ ਵਿਭਿੰਨ ਯੰਤਰਾਂ ਦਾ ਪ੍ਰਯੋਗ ਕਰਕੇ ਵਿਭਿੰਨ ਸਰੋਤਾਂ ਤੋਂ ਅੰਕੜੇ ਅਤੇ ਪ੍ਰਮਾਣ ਇਕੱਤਰ ਕਰਨੇ ਜਦੋਂਕਿ ਮੁਲਾਂਕਣ ਤੋਂ ਅਰਥ ਹੈ ਇਕੱਤਰ ਅੰਕੜਿਆਂ ਵਿੱਚੋਂ ਵਿਆਖਿਆ, ਵਿਸ਼ਲੇਸ਼ਣ ਅਤੇ ਚਿੰਤਨ ਰਾਹੀਂ ਕੋਈ ਅਰਥ ਕੱਢਣਾ।
- ਨਿਰਧਾਰਨ ਬੱਚੇ ਦੀ ਕਾਰਗੁਜ਼ਾਰੀ ’ਤੇ ਫੀਡਬੈਕ ਦਿੰਦਾ ਹੈ ਜਿਸ ਵਿੱਚ ਉਸ ਦੇ ਮਜ਼ਬੂਤ ਪੱਖਾਂ ਅਤੇ ਸੁਧਾਰ ਦੇ ਖੇਤਰਾਂ ਦੇ ਬਾਰੇ ਵਿੱਚ ਦੱਸਿਆ ਜਾਂਦਾ ਹੈ ਅਤੇ ਸਿਖਲਾਈ ਨੂੰ ਬਿਹਤਰ ਕਰਨ ਲਈ ਉਠਾਏ ਜਾਣ ਵਾਲੇ ਕਦਮਾਂ ਦੇ ਬਾਰੇ ਵਿੱਚ ਅੰਤਰਦ੍ਰਿਸ਼ਟੀ

ਪ੍ਰਦਾਨ ਕੀਤੀ ਜਾਂਦੀ ਹੈ। ਮੁਲਾਂਕਣ, ਇਕੱਤਰ ਪ੍ਰਮਾਣਾਂ ’ਤੇ ਆਧਾਰਿਤ ਇਹ ਦੱਸਦਾ ਹੈ ਕਿ ਗੁਣਵੱਤਾ ਦਾ ਮਿਆਰ ਕਿਉਂ ਹੋਇਆ ਅਤੇ ਇਸ ਮਿਆਰ ਤੱਕ ਪਹੁੰਚਣ ਲਈ ਸਫਲਤਾ ਅਤੇ ਅਸਫਲਤਾ ਦੇ ਪੱਧਰ ਕੀ ਰਹੇ।

- ਦੋਨੋਂ ਪ੍ਰਕਿਰਿਆਵਾਂ ਵਿੱਚ ਨਿਰਦੇਸ਼ਨ ਫੈਸਲੇ ਸਾਵਧਾਨੀ ਨਾਲ ਦਿੱਤੇ ਜਾਂਦੇ ਹਨ। ਬੱਚਿਆਂ ਦੀ ਕਾਰਗੁਜ਼ਾਰੀ ਸਿਖਲਾਈ ਦੇ ਪ੍ਰਤੀ ਵਿਵਹਾਰਾਂ ਅਤੇ ਇੱਕ ਸਮਾਂ ਅਵਧੀ ਵਿੱਚ ਸਮਝ ਦੇ ਨਤੀਜਿਆਂ ਦੇ ਪ੍ਰੀਖਣ ’ਤੇ ਆਧਾਰਿਤ ਇਸ ਕਾਰਨ ਦੀ ਵਜ੍ਹਾ ਨਾਲ, ਦੋਨੋਂ ਸ਼ਬਦਾਂ ਦਾ ਕਈ ਵਾਰ ਇੱਕ ਹੀ ਤਰ੍ਹਾਂ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪਾਠ ਵਿੱਚ ਵੀ ਅਸੀਂ ਇਨ੍ਹਾਂ ਦੋਨੋਂ ਸ਼ਬਦਾਂ ਦਾ ਪ੍ਰਯੋਗ ਇੱਕ ਦੂਜੇ ਦੇ ਸਥਾਨ ’ਤੇ ਕੀਤਾ ਹੈ। ਬੱਚਿਆਂ ਦੀ ਸਿਖਲਾਈ ਦੇ ਪ੍ਰਬੋਧਨ ਅਤੇ ਸਰਲੀਕਰਨ ’ਤੇ ਜ਼ਿਆਦਾ ਧਿਆਨ ਕੇਂਦਰਿਤ ਕਰਦੇ ਹੋਏ। ਉੱਪਰੀ ਚਰਚਾ ’ਤੇ ਆਧਾਰਿਤ ਅਸੀਂ ਮਾਪਣ, ਨਿਰਧਾਰਨ ਅਤੇ ਮੁਲਾਂਕਣ ਦੀਆਂ ਧਾਰਨਾਵਾਂ ਦਾ ਸਾਰ ਨਿਮਨਲਿਖਤ ਰੂਪ ਵਿੱਚ ਦੇ ਸਕਦੇ ਹਾਂ, ਜਿਵੇਂ ਕਿ ਬਾਕਸ 13.2 ਵਿੱਚ ਦਿੱਤਾ ਗਿਆ ਹੈ।

ਮਾਪਣ ਉਹ ਪ੍ਰਕਿਰਿਆ ਜਿਸ ਰਾਹੀਂ ਕਿਸੇ ਵਸਤੂ ਜਾਂ ਗੁਣ ਜਾਂ ਆਯਾਮ ਜਾਂ ਘਟਨਾ ਦੀ ਮਾਤਰਾ ਨਿਰਧਾਰਤ ਹੁੰਦੀ ਹੈ।

ਨਿਰਧਾਰਨ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਕਿਸੇ ਪਦਾਰਥ ਜਾਂ ਟੀਚੇ ਨਾਲ ਸਬੰਧਿਤ ਕੋਈ ਸੂਚਨਾ ਪ੍ਰਾਪਤ ਕੀਤੀ ਜਾਂਦੀ ਹੈ।

ਮੁਲਾਂਕਣ ਤੋਂ ਮਤਲਬ ਹੈ ਕਿਸੇ ਘਟਨਾ ਦੇ ਬਾਰੇ ਵਿੱਚ ਇੱਕ ਵਿਸ਼ੇਸ਼ ਸਮੇਂ ਵਿੱਚ ਉਸ ਦੇ ਬਾਰੇ ਵਿੱਚ ਇਕੱਤਰ ਮਾਤਰਾਤਮਕ ਅਤੇ ਗੁਣਾਤਮਕ ਸੂਚਨਾਵਾਂ ਦੇ ਆਧਾਰ ’ਤੇ ਮੁੱਲ ਨਿਰਧਾਰਨ ਕਰਨਾ।

ਬਾਕਸ 13.2 ਮਾਪਣ, ਨਿਰਧਾਰਨ ਅਤੇ ਮੁਲਾਂਕਣ ਦੇ ਪ੍ਰਚੱਲਿਤ ਅਰਥ

ਇਨ੍ਹਾਂ ਧਾਰਨਾਵਾਂ ਦੇ ਬਾਰੇ ਵਿੱਚ ਆਪਣੀ ਸਮਝ ਨੂੰ ਮਜ਼ਬੂਤ ਕਰਨ ਲਈ ਨਿਮਨਲਿਖਤ ਗਤੀਵਿਧੀ ਕਰੋ:

ਗਤੀਵਿਧੀ-2

ਪੰਜਵੀਂ ਕਲਾਸ ਲਈ ਵਾਤਾਵਰਣ ਅਧਿਐਨ ਵਿੱਚ ਸਿਖਲਾਈ ਦੇ ਮੁਲਾਂਕਣ ਲਈ ਤੁਸੀਂ ਕੀ ਕੀ ਸੂਚਨਾ ਇਕੱਤਰ ਕਰੋਗੇ, ਇੱਕ ਸੂਚੀ ਬਣਾਓ।

### 13.3 ਨਿਰਧਾਰਨ ਦੀ ਪ੍ਰਕਿਰਿਆ

ਸਿਖਲਾਈ ਇੱਕ ਉਦੇਸ਼ਪੂਰਨ ਪ੍ਰਕਿਰਿਆ ਹੈ। ਇਸ ਲਈ ਸਕੂਲ ਦੇ ਪਾਠਕ੍ਰਮ ਵਿੱਚ ਮੌਜੂਦ ਹਰ ਵਿਸ਼ੇ ਦੇ ਵਿਸ਼ੇਸ਼ ਸਿਖਲਾਈ ਉਦੇਸ਼ ਹੁੰਦੇ ਹਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਹਰ ਵਿਸ਼ੇ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਵਿਸ਼ੇਸ਼ ਸਮਰੱਥਾਵਾਂ/ਵਿਵਹਾਰਾਂ ਦੀ ਕਾਰਗੁਜ਼ਾਰੀ ਕਰੇਗਾ। ਇਸ ਸੰਦਰਭ ਵਿੱਚ ਕਾਰਗੁਜ਼ਾਰੀ, ਨਿਰਦੇਸ਼ਨ ਦਾ ਇੱਕ ਅਟੁੱਟ ਅੰਗ ਬਣ ਜਾਂਦਾ ਹੈ ਕਿਉਂਕਿ ਇਹੀ ਨਿਰਧਾਰਤ ਕਰਦਾ ਹੈ ਕਿ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਹੋਈ ਹੈ ਜਾਂ ਨਹੀਂ। ਨਿਰਧਾਰਨ ਗ੍ਰੇਡਾਂ, ਨੌਕਰੀ, ਤਰੱਕੀ, ਨਿਰਦੇਸ਼ਾਂ ਦੀਆਂ ਲੋੜਾਂ ਅਤੇ ਪਾਠਕ੍ਰਮ ਦੇ ਬਾਰੇ ਵਿੱਚ ਫੈਸਲੇ ਨੂੰ ਪ੍ਰਭਾਵਿਤ ਕਰਦਾ ਹੈ। ਨਿਰਧਾਰਨ ਸਾਨੂੰ ਇਨ੍ਹਾਂ ਮੁਸ਼ਕਿਲ ਪ੍ਰਸ਼ਨਾਂ ਨੂੰ ਉਠਾਉਣ ਲਈ ਪ੍ਰੇਰਿਤ ਕਰਦਾ ਹੈ: "ਕੀ ਅਸੀਂ ਜੋ ਸੋਚਦੇ ਹਾਂ ਕਿ ਅਸੀਂ ਪੜ੍ਹ ਰਹੇ ਹਾਂ, ਉਹ ਪੜ੍ਹ ਰਹੇ ਹਾਂ।", "ਕੀ ਬੱਚੇ ਉਹ ਸਿੱਖ ਰਹੇ ਹਨ ਜੋ ਉਨ੍ਹਾਂ ਨੂੰ ਸਿੱਖਣਾ ਹੈ ?", "ਕੀ ਵਿਸ਼ਾ ਪੜ੍ਹਾਉਣ ਲਈ ਕੋਈ ਹੋਰ ਬਿਹਤਰ ਵਿਧੀ ਹੈ ਤਾਂ ਕਿ ਬਿਹਤਰ ਸਿਖਲਾਈ ਹੋ ਸਕੇ ?"

ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਦੀ ਖੋਜ ਵਿੱਚ ਸਿਖਲਾਈ ਉਦੇਸ਼ਾਂ, ਕਲਾਸ ਪ੍ਰਕਿਰਿਆਵਾਂ ਅਤੇ ਨਿਰਧਾਰਨ ਵਿੱਚ ਸਬੰਧ ਦੇਖ ਸਕੋਗੇ। ਆਓ ਇਸ ਨੂੰ ਲੱਭਦੇ ਹਾਂ।

#### 13.3.1 ਇਛੁੱਕ ਸਿਖਲਾਈ ਨਤੀਜੇ, ਕਲਾਸ ਪ੍ਰਕਿਰਿਆਵਾਂ ਅਤੇ ਨਿਰਧਾਰਨ

ਅਕਸਰ ਕਲਾਸ ਵਿੱਚ ਸੰਚਾਰ ਨਿਸ਼ਚਤ ਪਾਠਕ੍ਰਮ ਖੇਤਰਾਂ 'ਤੇ ਆਧਾਰਿਤ ਹੁੰਦਾ ਹੈ। ਇਹ ਪਾਠ ਖੇਤਰ ਵਿਸ਼ੇਸ਼ ਤੌਰ 'ਤੇ ਵਿਸ਼ਿਆਂ ਵਿੱਚ ਕੁਝ ਵਿਸ਼ਾ ਵਸਤੂ ਖੇਤਰ ਹੁੰਦੇ ਹਨ। ਹਰ ਇਕਾਈ/ਵਿਸ਼ਾ ਵਸਤੂ ਨੂੰ ਪ੍ਰਾਪਤ ਕਰਨ ਲਈ ਕੁਝ ਸਿਖਲਾਈ ਉਦੇਸ਼ ਹੁੰਦੇ ਹਨ। ਇਸ ਦਾ ਅਰਥ ਇਹ ਹੈ ਕਿ ਸਿਰਲੇਖ। ਵਿਸ਼ੇ ਵਿੱਚ ਮੌਜੂਦ ਧਾਰਨਾਵਾਂ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਜਿਵੇਂ ਉਦੇਸ਼ਾਂ ਵਿੱਚ ਇਛੁੱਕ ਹੈ ਉਸ ਤਰ੍ਹਾਂ ਦੀ ਕਾਰਗੁਜ਼ਾਰੀ ਜਾਂ ਪ੍ਰਦਰਸ਼ਨ ਇਛੁੱਕ ਤਰੀਕੇ ਨਾਲ ਕਰ ਸਕੋਗੇ। ਇਸ ਲਈ ਸਿਖਲਾਈ ਉਦੇਸ਼ਾਂ ਨੂੰ 'ਇਛੁੱਕ ਸਿਖਲਾਈ ਨਤੀਜੇ' ਵੀ ਕਿਹਾ ਜਾਂਦਾ ਹੈ। ਤੁਸੀਂ ਇਹ ਕਿਵੇਂ ਸੁਨਿਸ਼ਚਤ ਕਰ ਸਕਦੇ ਹੋ ਕਿ ਇਕਾਈ ਪ੍ਰੋਗਰਾਮ ਦੇ ਅੰਤ ਵਿੱਚ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਹੋ ਗਈ ਹੈ ? ਇਸ ਲਈ ਤੁਹਾਨੂੰ ਇਛੁੱਕ ਸਿਖਲਾਈ ਨਤੀਜਿਆਂ ਦਾ ਨਿਰਧਾਰਨ ਕਰਨ ਦੀ ਲੋੜ ਹੈ। ਨਿਰਧਾਰਨ ਦਾ ਕਾਰਜ ਆਸਾਨ ਅਤੇ ਜ਼ਿਆਦਾ ਠੀਕ ਬਣਾਉਣ ਲਈ ਇਛੁੱਕ ਸਿਖਲਾਈ ਨਤੀਜਿਆਂ ਨੂੰ 'ਵਿਸ਼ੇਸ਼', 'ਮਾਪਣ ਯੋਗ', 'ਵਾਸਤਵਿਕ' ਅਤੇ 'ਸਮਾਂ ਬੱਧ' ਹੋਣਾ ਚਾਹੀਦਾ ਹੈ। ਉਦਾਹਰਨ ਲਈ, ਅਸੀਂ ਭੂਗੋਲ ਸਿਖਲਾਈ ਦਾ ਇੱਕ ਉਦੇਸ਼ ਨਿਮਨਲਿਖਤ ਰੱਖ ਸਕਦੇ ਹਾਂ:

ਵਿਸ਼ੇ ਦੇ ਪੂਰਾ ਹੋਣ 'ਤੇ ਪੰਜਵੀਂ ਕਲਾਸ ਦੇ ਵਿਦਿਆਰਥੀ ਮਹੱਤਵਪੂਰਨ ਸਥਾਨਾਂ ਜਿਵੇਂ ਦਿੱਲੀ, ਮੁੰਬਈ, ਚੇਨਈ ਅਤੇ ਕੋਲਕਾਤਾ, ਭਾਰਤ ਦੇ ਨਕਸ਼ੇ ਨੂੰ ਪਛਾਣ ਸਕੋਗੇ।


ਇੱਥੇ ਜਿਸ ਉਦੇਸ਼ ਨੂੰ ਰੱਖਿਆ ਗਿਆ ਹੈ ਉਹ ਵਿਸ਼ੇਸ਼ ਹੈ ਕਿਉਂਕਿ ਇਹ ਦੱਸਦਾ ਹੈ ਕਿ ਬੱਚੇ ਕੀ ਅਤੇ ਕਦੋਂ ਕਰਨਗੇ ? ਸਿਖਲਾਈ ਕਾਰਜ ਰਾਹੀਂ ਇਸ ਦਾ ਮਾਪਣ ਵੀ ਹੋ ਜਾਏਗਾ। ਇਹ ਬੱਚਿਆਂ ਦੇ ਸਮਰੱਥਾ ਖੇਤਰ ਵਿੱਚ ਹੈ। ਇਸ ਲਈ ਉਪਲੱਬਧੀ ਯੋਗ ਵੀ ਹੈ। ਇਹ ਇਸ ਭਾਵ ਵਿੱਚ ਅਸਲੀ ਵੀ ਹੈ ਕਿ ਬੱਚੇ ਨਕਸ਼ੇ 'ਤੇ ਸਥਾਨ ਦਿਖਾ ਸਕਦੇ ਹਨ ਅਤੇ ਇਹ ਸਮਾਂਬੱਧ ਹੈ ਕਿਉਂਕਿ ਬੱਚਿਆਂ ਨੂੰ ਇਸ ਵਿਸ਼ੇ ਨੂੰ ਪੂਰਾ ਹੋਣ ਦੇ ਬਾਅਦ ਹੀ ਕਰਨ ਦੀ ਲੋੜ ਹੈ।

ਅਜਿਹੇ ਇਛੁੱਕ ਸਿਖਲਾਈ ਉਦੇਸ਼ਾਂ ਦੇ ਉਦਾਹਰਨ ਹੋ ਸਕਦੇ ਹਨ। ਵਿਭਿੰਨ ਕਲਾਸਾਂ ਵਿੱਚ ਵਿਭਿੰਨ ਪਾਠਕ੍ਰਮੀ ਖੇਤਰਾਂ ਤਹਿਤ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਸਮਰੱਥਾਵਾਂ।' ਪੰਜਵੀਂ ਕਲਾਸ ਦੇ ਵਿਦਿਆਰਥੀਆਂ ਲਈ ਪਾਠ ਪੁਸਤਕ ਦੇਖੋ ਅਤੇ ਪਤਾ ਲਗਾਓ ਕਿ ਹਰ ਇਕਾਈ/ਵਿਸ਼ੇ ਦੇ ਇਛੁੱਕ ਸਿਖਲਾਈ ਨਤੀਜੇ ਕੀ ਹਨ। ਕੁਝ ਉਦਾਹਰਨ ਸਾਰਣੀ 13.1 ਵਿੱਚ ਦਿੱਤੀ ਗਈ ਹੈ:

ਸਾਰਣੀ 13.1 ਪੰਜਵੀਂ ਕਲਾਸ ਦੀ ਗਣਿਤ ਦੀ ਪੁਸਤਕ ਤੋਂ ਇਛੁੱਕ ਸਿਖਲਾਈ ਨਤੀਜੇ

| ਵਿਸ਼ਾ | ਇਛੁੱਕ ਸਿਖਲਾਈ ਨਤੀਜਾ |
|---|---|
| ਭਿੰਨ/ਅੰਸ਼ | ਆਮ ਤੌਰ ’ਤੇ ਭਿੰਨ ਨੂੰ ਘੱਟ ਤੋਂ ਘੱਟ ਪੱਧਰ ਤੱਕ ਘੱਟ ਕਰਦਾ ਹੈ। |
| ਪ੍ਰਤੀਸ਼ਤ | ਦਿੱਤੇ ਗਏ ਅੰਕ ਜਾਂ ਮਾਪ ਦਾ ਪ੍ਰਤੀਸ਼ਤ ਕੱਢਣਾ ਹੈ। |

ਸਿਖਲਾਈ ਉਦੇਸ਼ਾਂ ਦੇ ਆਧਾਰ ’ਤੇ ਅਧਿਆਪਨ ਸਿਖਲਾਈ ਸਮੱਗਰੀ ਅਤੇ ਕਿਰਿਆਵਾਂ ਰੁਪਾਂਤਰਿਤ ਕੀਤੀਆਂ ਜਾਂਦੀਆਂ ਹਨ ਅਤੇ ਉਸੀ ਦੇ ਅਨੁਸਾਰ ਕਲਾਸ ਵਿੱਚ ਸੰਚਾਰ ਵੀ ਕੀਤਾ ਜਾਂਦਾ ਹੈ। ਜਦੋਂ ਸੰਚਾਰ ਸਮਾਪਤ ਹੋ ਜਾਂਦਾ ਹੈ ਉਦੋਂ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਇਛੁੱਕ ਸਿਖਲਾਈ ਨਤੀਜਿਆਂ ਦੀ ਕਿੰਨੀ ਸੀਮਾ ਬੱਚਿਆਂ ਨੇ ਉਪਲੱਬਧ ਕੀਤੀ ਹੈ। ਇਸ ਪ੍ਰਕਾਰ ਨਾਲ ਪੂਰੀ ਕਲਾਸ ਪ੍ਰਕਿਰਿਆ ਦੇ ਤਿੰਨ ਮੁੱਖ ਹਿੱਸੇ/ਪੜਾਅ ਹੁੰਦੇ ਹਨ ਜਿਨ੍ਹਾਂ ਨੂੰ ਚਿੱਤਰ 13.1 ਵਿੱਚ ਦਿਖਾਇਆ ਗਿਆ ਹੈ:




ਚਿੱਤਰ 13.1 ਕਲਾਸਰੂਮ ਪ੍ਰਕਿਰਿਆ

ਹਾਲਾਂਕਿ ਕਲਾਸ ਪ੍ਰਕਿਰਿਆ ਦੇ ਤਿੰਨੋਂ ਅੰਗ ਤਾਂਰਕਿ ਅਤੇ ਪ੍ਰਾਕਿਰਤਕ ਲੱਗਦੇ ਹਨ, ਅਸਲ ਵਿੱਚ ਕਲਾਸ ਪ੍ਰਕਿਰਿਆ ਅਜਿਹੀ ਸਰਲ ਅਤੇ ਸਿੱਧੀ ਰੇਖਾ ਵਿੱਚ ਨਹੀਂ ਚੱਲਦੀ। ਕਈ ਵਾਰ ਯੋਜਨਾ ਬਣਾਉਣ ਦੇ ਬਾਵਜੂਦ ਅਤੇ ਸਿਖਲਾਈ ਉਦੇਸ਼ਾਂ ਦੇ ਮਾਰਗ ਦਰਸ਼ਨ ਕਰਾਉਂਦੇ ਹੋਏ ਵੀ ਤੁਹਾਨੂੰ ਕਿਸੇ ਇੱਕ ਉਦੇਸ਼ ਦੀ ਪ੍ਰਾਪਤੀ ਵਿੱਚ ਕਠਿਨਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੱਚਿਆਂ ਦੇ ਕਿਸੇ ਸਮੂਹ ਦੇ ਨਿਮਨ ਪੱਧਰ ਦੇ ਕਾਰਨ ਤੁਹਾਨੂੰ ਇਸ ਨੂੰ ਪ੍ਰਾਪਤ ਕਰਨਾ ਕਠਿਨ ਲੱਗ ਸਕਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਤੁਹਾਨੂੰ ਸਿਖਲਾਈ ਉਦੇਸ਼ ਦਾ ਰੁਪਾਂਤਰਣ ਕਰਨਾ ਪਏਗਾ। ਇਸੀ ਪ੍ਰਕਾਰ ਨਾਲ ਕਲਾਸ ਵਿੱਚ ਕਿਸੇ ਇੱਕ ਵਿਸ਼ੇ ਦੇ ਸੰਪਾਦਨ ਦੇ ਬਾਅਦ ਵਿੱਚ ਬੱਚਿਆਂ ਦੀ ਕਾਰਜਕੁਸ਼ਲਤਾ, ਕਲਾਸ ਸੰਚਾਰ ਕਿਸੇ ਅਚਾਨਕ ਸਾਹਮਣੇ ਹੀ ਨਹੀਂ ਲਿਆ ਸਕਦਾ ਬਲਕਿ ਉਨ੍ਹਾਂ ਚਾਹੇ ਸਿਖਲਾਈ ਨਤੀਜਿਆਂ ਦੇ ਬਾਰੇ ਵਿੱਚ ਵੀ ਦੱਸ ਸਕਦਾ ਹੈ ਕਿ ਜਿਨ੍ਹਾਂ ਦਾ ਰੁਪਾਂਤਰਣ ਕਰਨ ਦੀ ਲੋੜ ਹੈ। ਇਸ ਪ੍ਰਕਾਰ ਨਾਲ ਕਲਾਸ ਸੰਚਾਰ ਦੇ ਤਿੰਨੋਂ ਹਿੱਸੇ ਇੱਕ ਦੂਜੇ ਨੂੰ

ਪ੍ਰਭਾਵਿਤ ਕਰਦੇ ਹਨ ਅਤੇ ਨਤੀਜੇ ਸਵਰੂਪ ਬਾਕੀ ਦੋ ਨਾਲ ਪ੍ਰਭਾਵਿਤ ਹੁੰਦੇ ਹਨ। ਇਸ ਲਈ ਚਿੱਤਰ 13.1 ਵਿੱਚ ਦਿੱਤੇ ਗਏ ਤੀਰਾਂ ਨੂੰ ਜੋ ਕਿ ਪ੍ਰਭਾਵ ਦੀ ਦਿਸ਼ਾ ਦਿਖਾਉਂਦੇ ਹਨ, ਦਿਸ਼ਾਹੀਣ ਰੱਖਿਆ ਗਿਆ ਹੈ।

ਅਸੀਂ ਕਹਿ ਸਕਦੇ ਹਾਂ ਸਿਖਲਾਈ ਨਤੀਜਿਆਂ ਦੇ ਨਿਰਧਾਰਨ ਦਾ ਨਤੀਜਾ ਨਿਮਨਲਿਖਤ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ।

ਗਤੀਵਿਧੀ–3

ਆਪਣੀ ਰੁਚੀ ਦੇ ਅਨੁਸਾਰ ਐਲੀਮੈਂਟਰੀ ਪੱਧਰ ਦੇ ਕਿਸੇ ਵਿਸ਼ੇ ਤੋਂ ਇੱਕ ਇਕਾਈ/ਵਿਸ਼ੇ ਦੀ ਚੋਣ ਕਰੋ ਅਤੇ ਨਿਮਨਲਿਖਤ ਫੌਰਮੈਟ ਭਰੋ ਜਿਸ ਵਿੱਚ ਤੁਹਾਨੂੰ ਲੋੜ ਪੈ ਸਕਦੀ ਹੈ:

- ਇਕਾਈ/ਵਿਸ਼ੇ ਲਈ ਉਮੀਦ ਕੀਤੇ ਸਿਖਲਾਈ ਨਤੀਜੇ ਬਣਾਉਣ ਦੀ
- ਕਲਾਸ ਸੰਚਾਰ ਲਈ ਪ੍ਰਕਿਰਿਆਵਾਂ/ਵਿਧੀਆਂ ਦਾ ਸੁਝਾਅ ਦੇਣ ਲਈ
- ਇਹ ਸੁਝਾਅ ਦੇਣ ਦੀ ਕਿ ਨਿਰਧਾਰਨ ਕਿਸ ਸਮੇਂ ਕੀਤਾ ਜਾਏ (ਇਕਾਈ/ਵਿਸ਼ੇ ਦੇ ਸੰਚਾਰ ਦੇ ਦੌਰਾਨ, ਇਕਾਈ ਵਿਸ਼ੇ ਦੇ ਅੰਤ ਵਿੱਚ ਜਾਂ ਸਾਲ ਦੇ ਅੰਤ ਵਿੱਚ)
- ਨਿਰਧਾਰਨ ਲਈ ਸੰਭਵ ਯੰਤਰ ਅਤੇ ਤਕਨੀਕਾਂ ਦਾ ਸੁਝਾਅ (ਤੁਹਾਡੇ ਅਧਿਆਪਨ ਅਨੁਭਵ ਤੋਂ)

ਕਲਾਸ————————— ਵਿਸ਼ਾ—————————

ਇਕਾਈ/ਵਿਸ਼ੇ ਦਾ ਨਾਂ————————————————————————

| ਇਛੁੱਕ ਸਿਖਲਾਈ ਨਤੀਜੇ | ਪ੍ਰਕਿਰਿਆਵਾਂ/ਵਿਧੀਆਂ ਕਲਾਸ ਸੰਚਾਰ ਲਈ | ਨਿਰਧਾਰਨ ਦਾ ਸਮਾਂ | ਮੁਲਾਂਕਣ ਲਈ ਸੰਭਵ ਯੰਤਰ ਅਤੇ ਤਕਨੀਕ (ਮੌਖਿਕ/ਲਿਖਤ/ ਪ੍ਰਯੋਗਿਕ/ਨਿਰਧਾਰਨ) |
|---|---|---|---|
| | | | |
| | | | |
| | | | |

ਅਸੀਂ ਕਹਿ ਸਕਦੇ ਹਾਂ ਸਿਖਲਾਈ ਨਤੀਜਿਆਂ ਦੇ ਨਿਰਧਾਰਨ ਦਾ ਨਤੀਜਾ ਨਿਮਨਲਿਖਤ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ:

- ਬੱਚਿਆਂ ਦੀ ਸਿਖਲਾਈ ਦੀ ਮਾਤਰਾ ਅਤੇ ਗਤੀ ਕੀ ਹੈ ?
- ਕੀ ਸਾਰੇ ਇਛੁੱਕ ਸਿਖਲਾਈ ਨਤੀਜੇ ਬੱਚਿਆਂ ਲਈ ਢੁਕਵੇਂ ਹਨ ?
- ਕਲਾਸ ਸੰਚਾਰ ਦੇ ਕਿਹੜੇ ਪੱਖਾਂ ਵਿੱਚ ਹੋਰ ਸੁਧਾਰ ਦੀ ਲੋੜ ਹੈ ?
- ਬੱਚਿਆਂ ਦੇ ਮਜ਼ਬੂਤ ਅਤੇ ਕਮਜ਼ੋਰ ਖੇਤਰ ਕੀ ਹਨ ਜਿਨ੍ਹਾਂ ਨੂੰ ਹੋਰ ਦੇਖਭਾਲ ਦੀ ਲੋੜ ਹੈ ?
- ਤੁਸੀਂ ਆਪਣੀਆਂ ਕੋਸ਼ਿਸ਼ਾਂ ਦੇ ਪ੍ਰਭਾਵ ਦਾ ਮੁਲਾਂਕਣ ਅਤੇ ਸੁਧਾਰ ਬੱਚਿਆਂ ਦੀ ਸਿਖਲਾਈ ਦੇ ਨਿਰਧਾਰਨ ਅਤੇ ਸੁਧਾਰ ਲਈ ਕਿਵੇਂ ਕਰਦੇ ਹੋ ?

ਤੁਸੀਂ ਇਹ ਸੋਚ ਰਹੇ ਹੋਵੋਗੇ ਕਿ ਨਿਰਧਾਰਨ/ਮੁਲਾਂਕਣ ਜਾਂ ਤਾਂ ਇੱਕ ਇਕਾਈ/ਵਿਸ਼ੇ ਦੇ ਅੰਤ ਵਿੱਚ ਹੁੰਦਾ ਹੈ ਜਾਂ ਸਿੱਖਿਆ ਸੈਸ਼ਨ ਦੇ ਅੰਤ ਵਿੱਚ। ਇਸ ਦੇ ਉਲਟ ਇਹ ਤਾਂ ਸਕੂਲ ਸੈਸ਼ਨ ਦੇ ਦੌਰਾਨ ਕਦੇ ਵੀ ਕੀਤਾ ਜਾ ਸਕਦਾ ਹੈ, ਜਦੋਂ ਵੀ ਅਧਿਆਪਕ ਇਹ ਜਾਂਚ ਕਰਨਾ ਚਾਹੇ ਕਿ ਕਲਾਸ ਵਿੱਚ ਉਸਦੀ ਅਧਿਆਪਨ ਸਿਖਲਾਈ ਦੀਆਂ ਕਿਰਿਆਵਾਂ ਬੱਚਿਆਂ ਦੀ ਸਿਖਲਾਈ ਨੂੰ ਅੱਗੇ ਵਧਾਉਣ ਲਈ ਕੁਸ਼ਲਤਾਪੂਰਬਕ ਕਾਰਜ ਕਰ ਰਹੀਆਂ ਹਨ ਜਾਂ ਨਹੀਂ। ਇਛੁੱਕ ਸਿਖਲਾਈ ਨਤੀਜਿਆਂ, ਕਲਾਸ ਸੰਚਾਰ ਅਤੇ ਸਿਖਲਾਈ ਨਤੀਜਿਆਂ ਦੇ ਵਿਚਕਾਰ ਸਬੰਧ ਸਮਝਣ ਲਈ ਨਿਮਨਲਿਖਤ ਗਤੀਵਿਧੀ ਕਰੋ।

13.3.2 ਸਿਰਜਣਾਤਮਕ ਅਤੇ ਸੰਕਲਨਾਤਮਕ ਨਿਰਧਾਰਨ

ਉਨ੍ਹਾਂ ਦੇ ਉਦੇਸ਼ਾਂ ’ਤੇ ਆਧਾਰਿਤ, ਨਿਰਧਾਰਨ ਕਈ ਪ੍ਰਕਾਰ ਦਾ ਹੋ ਸਕਦਾ ਹੈ ਜਿਵੇਂ ਕਿ:

– ਰਸਮੀ (ਜਿਵੇਂ ਸਾਲਾਨਾ ਜਾਂ ਇਕਾਈ ਪਰੀਖਣ) ਜਾਂ ਗੈਰ ਰਸਮੀ (ਜਿਵੇਂ ਅਧਿਆਪਕ ਦੀ ਬੱਚਿਆਂ ਨਾਲ ਕਲਾਸ ਅੰਤਰਕਿਰਿਆ ਵਿੱਚ ਗੈਰ ਰਸਮੀ ਗੱਲਬਾਤ ਜਾਂ ਬੱਚਿਆਂ ਦੀਆਂ ਗਤੀਵਿਧੀਆਂ ਦਾ ਗੈਰ ਰਸਮੀ ਪ੍ਰੇਖਣ)।

– ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਨਿਸ਼ਚਤ ਪਹਿਲਾਂ ਤੋਂ ਤੈਅ ਕੀਤੇ ਗਏ ਨਤੀਜਿਆਂ ’ਤੇ ਕੇਂਦਰਿਤ) ਜਾਂ ਵੱਡੇ ਜਾਂ ਵਿਸਥਾਰਪੂਰਵਕ ਉੱਤਰਾਂ ਵਾਲੇ ਪ੍ਰਸ਼ਨ (ਵਿਅਕਤੀ ਦੀ ਤਬਦੀਲੀ, ਲੋੜਾਂ ਅਤੇ ਉਪਲੱਬਧੀਆਂ ’ਤੇ ਕੇਂਦਰਿਤ)।

– ਆਦਰਸ਼ ਹਵਾਲੇ (ਬੱਚਿਆਂ ਦੀ ਕਾਰਜਕੁਸ਼ਲਤਾ ਦੀ ਕਿਸੇ ਸਮੂਹ ਦੇ ਮਿਆਰ ਜਾਂ ਮਾਪਦੰਡ ਨਾਲ ਤੁਲਨਾ ਕਰਨੀ) ਜਾਂ ਵਰਗ ਹਵਾਲੇ (ਬੱਚਿਆਂ ਦੀ ਕਾਰਜਕੁਸ਼ਲਤਾ ਦੀ ਕਿਸੇ ਇਛੁੱਕ ਕਾਰਜਕੁਸ਼ਲਤਾ ਨਾਲ ਤੁਲਨਾ ਕਰਨੀ) ਜਿਵੇਂ ਕਿ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ ਕਿ ਸਿਖਲਾਈ ਦੀ ਕਾਰਜਕੁਸ਼ਲਤਾ ਸਿਖਲਾਈ ਪ੍ਰਕਿਰਿਆ ਦਾ ਇੱਕ ਅਟੁੱਟ ਅੰਗ ਹੈ। ਇਸ ਨੂੰ ਸਿਰਜਣਾਤਮਕ ਅਤੇ ਸੰਕਲਨਾਤਮਕ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਆਓ ਅਸੀਂ ਇਨ੍ਹਾਂ ਦੋਨਾਂ ਵਰਗਾਂ ਨੂੰ ਸਮਝੀਏ:

- ਸਿਰਜਣਾਤਮਕ ਨਿਰਧਾਰਨ:

ਸਿਰਜਣਾਤਮਕ ਨਿਰਧਾਰਨ ਅਧਿਆਪਕਾਂ ਵੱਲੋਂ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਅਪਣਾਈ ਜਾਣ ਵਾਲੀ ਰਸਮੀ ਅਤੇ ਗੈਰ ਰਸਮੀ ਨਿਰਧਾਰਨ ਵਿਧੀਆਂ ਦੀ ਇੱਕ ਲੜੀ ਹੈ ਜਿਸ ਦਾ ਉਦੇਸ਼ ਅਧਿਆਪਕ ਸਿਖਲਾਈ ਪ੍ਰਕਿਰਿਆਵਾਂ ਨੂੰ ਬਿਹਤਰ ਬਣਾ ਕੇ ਬੱਚਿਆਂ ਦੀ ਉਪਲੱਬਧੀ ਦਾ ਸੁਧਾਰ ਹੈ। ਇਹ ਨਿਰੰਤਰ ਚੱਲਦੇ ਰਹਿਣ ਵਾਲੀ ਪ੍ਰਕਿਰਿਆ ਹੈ ਜਿਸ ਦਾ ਉਪਯੋਗ ਅਧਿਆਪਕ ਬੱਚਿਆਂ ਦੀ ਪ੍ਰਗਤੀ ਨੂੰ ਬਿਨਾਂ ਡਰਾਏ ਅਤੇ ਬਲ ਪ੍ਰਦਾਨ ਕਰਨ ਵਾਲੇ ਵਾਤਾਵਰਣ ਵਿੱਚ ਲਗਾਤਾਰ ਨਜ਼ਰ ਰੱਖਣ ਲਈ ਕਰਦੇ ਹਨ। ਇਸ ਵਿੱਚ ਅਕਸਰ ਅਧਿਆਪਕ ਅਤੇ ਬੱਚੇ ਦੋਨਾਂ ਲਈ ਗੁਣਾਤਮਕ ਫੀਡਬੈਕ ਹੁੰਦੀ ਹੈ (ਅੰਕਾਂ ਦੀ ਜਗ੍ਹਾ) ਜਿਸਦਾ ਕੇਂਦਰ ਵਿਸ਼ਾ ਵਸਤੂ ਦਾ ਵਿਸਥਾਰ ਅਤੇ ਕਾਰਜਕੁਸ਼ਲਤਾ ਹੁੰਦੀ ਹੈ। ਅਜਿਹਾ ਨਿਰਧਾਰਨ ਖੁਦ ਵਿਦਿਆਰਥੀਆਂ ਜਾਂ ਸਹਿਪਾਠੀਆਂ ਦੇ ਸਮੂਹਾਂ ਨੂੰ (ਸਹਿਪਾਠੀਆਂ ਵੱਲੋਂ ਮੁਲਾਂਕਣ) ਵੀ ਸ਼ਾਮਲ ਕਰ ਸਕਦਾ ਹੈ।

ਸਿਰਜਣਾਤਮਕ ਨਿਰਧਾਰਨ ਅਧਿਆਪਕ ਦੀ ਨਿਮਨਲਿਖਤ ਪ੍ਰਕਾਰ ਨਾਲ ਸਹਾਇਤਾ ਕਰਦਾ ਹੈ:

– ਇਹ ਫੀਡਬੈਕ ਪ੍ਰਦਾਨ ਕਰਦਾ ਹੈ (ਨਿਰਧਾਰਨ ਦੇ ਨਤੀਜੇ ਦਾ ਗਿਆਨ) ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਹੋਰ ਅਧਿਆਪਕਾਂ ਨੂੰ ਤਾਂ ਕਿ ਤੁਸੀਂ ਉਨ੍ਹਾਂ ਨੂੰ ਸਿਖਲਾਈ ਦੀ ਪ੍ਰਕਿਰਿਆ ਨੂੰ ਪ੍ਰੋਤਸਾਹਨ ਅਤੇ ਸਹਾਰਾ ਦੇ ਕੇ ਸਹੀ ਦਿਸ਼ਾ ਵਿੱਚ ਜਾਣ ਲਈ ਪ੍ਰੇਰਿਤ ਕਰ ਸਕੋ।

– ਆਉਣ ਵਾਲੀਆਂ ਅਧਿਆਪਨ ਸਿਖਲਾਈ ਕਿਰਿਆਵਾਂ ਅਤੇ ਅਨੁਭਵਾਂ ਨੂੰ ਰੁਪਾਂਤਰਿਤ ਕਰਨਾ: ਜੇਕਰ ਨਿਰਧਾਰਨ ਦੀ ਫੀਡਬੈਕ ਰਾਹੀਂ ਤੁਸੀਂ ਦੇਖੋ ਕਿ ਤੁਹਾਡੀ ਕਲਾਸ ਦੇ ਜ਼ਿਆਦਾਤਰ

ਬੱਚਿਆਂ ਦੀ ਕਾਰਜਕੁਸ਼ਲਤਾ ਇਛੁੱਕ ਪੱਧਰ ਤੋਂ ਹੇਠ ਹੈ ਤਾਂ ਤੁਸੀਂ ਅਧਿਆਪਨ ਸਿਖਲਾਈ ਵਿਧੀ ਅਤੇ ਪੱਧਤੀ ਨੂੰ ਬੱਚਿਆਂ ਦੀਆਂ ਦੇਖੀਆਂ ਗਈਆਂ ਲੋੜਾਂ ਦੇ ਅਨੁਸਾਰ ਰੁਪਾਂਤਰਿਤ ਕਰ ਸਕਦੇ ਹੋ।

– ਸਮੂਹ ਜਾਂ ਵਿਅਕਤੀ ਦੀਆਂ ਕਮੀਆਂ ਨੂੰ ਪਛਾਣ ਕੇ ਉਨ੍ਹਾਂ ਦਾ ਉਪਚਾਰ ਕਰਨਾ: ਉਦਾਹਰਨ ਲਈ ਜੇਕਰ ਤੁਸੀਂ ਦੇਖੋ ਕਿ ਕੁਝ ਵਿਦਿਆਰਥੀਆਂ ਨੂੰ ਇਹ ਧਾਰਨਾ ਸਮਝ ਵਿੱਚ ਨਹੀਂ ਆਈ ਜੋ ਕਿ ਤੁਸੀਂ ਪੜ੍ਹਾਈ ਹੈ। ਤੁਸੀਂ ਉਨ੍ਹਾਂ ਨੂੰ ਥੋੜ੍ਹਾ ਜ਼ਿਆਦਾ ਪੜ੍ਹਾਓ ਜਾਂ ਉਨ੍ਹਾਂ ਦੀ ਕਾਰਜਕੁਸ਼ਲਤਾ ਸੁਧਾਰਨ ਲਈ ਸਹੀ ਸਮੇਂ ’ਤੇ ਕੋਈ ਹੋਰ ਕਦਮ ਉਠਾਓ। ਉਪਚਾਰਾਤਮਕ ਕਿਰਿਆਵਾਂ ਕਰਨ ਲਈ ਤੁਸੀਂ ਕੁਝ ਕਮਜ਼ੋਰ ਖੇਤਰਾਂ ਦੀ ਪਛਾਣ ਕਰ ਸਕਦੇ ਹੋ। ਤੁਸੀਂ ਪਿੱਛੇ ਰਹਿ ਜਾਣ ਵਾਲੇ ਬੱਚਿਆਂ ਲਈ ਕੁਝ ਸਹਾਇਤਾ ਪ੍ਰਦਾਨ ਕਰਨ ਵਾਲੀ ਸਮੱਗਰੀ ਤਿਆਰ ਕਰ ਸਕਦੇ ਹੋ।

– ਬੱਚਿਆਂ ਦੀਆਂ ਸਮਰੱਥਾਵਾਂ ਨੂੰ ਪਛਾਨਣ ਅਤੇ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਅੱਗੇ ਵਧਾਉਣ ਲਈ: ਸਿਰਜਣਾਤਮਕ ਨਿਰਧਾਰਨ ਤੋਂ ਪ੍ਰਾਪਤ ਫੀਡਬੈਕ ਕਈ ਬੱਚਿਆਂ ਦੇ ਮਜ਼ਬੂਤ ਪੱਖ ਅਤੇ ਸਿਰਜਣਾਤਮਕ ਸਮਰੱਥਾਵਾਂ ਸਾਹਮਣੇ ਲਿਆ ਸਕਦੀ ਹੈ। ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਉਨ੍ਹਾਂ ਨੂੰ ਪੋਸ਼ਣ ਦੇਣ ਵਾਲੇ ਅਨੁਭਵ ਦੇ ਕੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਪੋਸ਼ਣ ਦੇਣ ਦਾ ਅਵਸਰ ਪ੍ਰਾਪਤ ਹੁੰਦਾ ਹੈ।

ਸਿਰਜਣਾਤਮਕ ਨਿਰਧਾਰਨ ਤੋਂ ਪ੍ਰਾਪਤ ਫੀਡਬੈਕ ਬੱਚੇ ਦੀ ਸਹਾਇਤਾ ਕਰਦੀ ਹੈ:

– ਉਸਦੀ ਆਪਣੀ ਸਿਖਲਾਈ ਦੀ ਪ੍ਰਗਤੀ ਦੀ ਜਾਂਚ ਵਿੱਚ ਅਤੇ ਸਵੈ ਸਿਖਲਾਈ ਵਿੱਚ ਸਹਾਇਤਾ ਕਰਕੇ।

– ਉਸ ਦਾ ਧਿਆਨ ਗ੍ਰੇਡ ਪ੍ਰਾਪਤੀ ਤੋਂ ਹਟਾ ਕੇ ਸਿਖਲਾਈ ਪ੍ਰਕਿਰਿਆਵਾਂ ਵਿੱਚ ਲਗਾਉਂਦਾ ਹੈ ਤਾਂ ਕਿ ਉਸਦੀ ਸਵੈ ਦੀ ਕੁਸ਼ਲਤਾ ਨੂੰ ਵਧਾਇਆ ਜਾ ਸਕੇ।

– ਉਨ੍ਹਾਂ ਨੂੰ ਇਸ ਗੱਲ ਲਈ ਜਾਗ੍ਰਿਤ ਕਰਦਾ ਹੈ ਕਿ ਉਹ ਕਿਵੇਂ ਸਿੱਖਦੇ ਹਨ: ਜ਼ਿਆਦਾਤਰ ਮਾਮਲਿਆਂ ਵਿੱਚ ਬੱਚੇ ਦੂਜੇ ’ਤੇ ਇੰਨੇ ਨਿਰਭਰ ਹੁੰਦੇ ਹਨ ਕਿ ਉਨ੍ਹਾਂ ਨੂੰ ਸਿੱਖਣ ਲਈ ਲਗਾਤਾਰ ਮਾਰਗ ਦਰਸ਼ਨ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਆਪਣੇ ਸਿੱਖਣ ਦੀ ਸਮਰੱਥਾ ਦਾ ਗਿਆਨ ਕਦੇ ਨਹੀਂ ਹੋ ਪਾਉਂਦਾ, ਪਰ ਸਿਰਜਣਾਤਮਕ ਨਿਰਧਾਰਨ ਰਾਹੀਂ ਮਾਧਿਅਮ ਨਾਲ ਨਿਯਮਤ ਮਿਲੀ ਹੋਈ ਫੀਡਬੈਕ ਉਨ੍ਹਾਂ ਨੂੰ ਆਪਣੀ ਪ੍ਰਕਿਰਿਆ ਦੇ ਪ੍ਰਤੀ ਜਾਗਰੂਕ ਕਰਦੀ ਹੈ। ਇਹ ਉਨ੍ਹਾਂ ਨੂੰ ਆਪਣੀ ਸਿਖਲਾਈ ਪ੍ਰਕਿਰਿਆ ਆਪਣੀ ਕਾਰਜਕੁਸ਼ਲਤਾ ਦੇ ਸੁਧਾਰ ਲਈ ਬਦਲਣ ਲਈ ਉਤਸ਼ਾਹਿਤ ਕਰਦੀ ਹੈ।

– ਬਾਹਰੀ ਪ੍ਰੇਰਣਾ ਦੇ ਨਾਕਾਰਾਤਮਕ ਪ੍ਰਭਾਵ ਨੂੰ ਘੱਟ ਕਰਨਾ: ਇਹ ਦੇਖਿਆ ਗਿਆ ਹੈ ਕਿ ਇੱਕ ਵਾਰ ਜਦੋਂ ਵਿਦਿਆਰਥੀਆਂ ਨੂੰ ਆਪਣੇ ਸਿੱਖਣ ਦੇ ਤਰੀਕੇ ਅਤੇ ਆਪਣੀਆਂ ਪ੍ਰਕਿਰਿਆਵਾਂ ਨੂੰ ਰੁਪਾਂਤਰਿਤ ਕਰਨ ਦੀਆਂ ਸਮਰੱਥਾਵਾਂ ਦੇ ਬਾਰੇ ਵਿੱਚ ਜਾਗਰੂਕਤਾ ਹੋ ਜਾਂਦੀ ਹੈ ਤਾਂ ਉਨ੍ਹਾਂ ਦੀ ਸਿਖਲਾਈ ਬਿਹਤਰ ਹੁੰਦੀ ਹੈ। ਆਪਣੀ ਸਿਖਲਾਈ ਪ੍ਰਕਿਰਿਆ ਦੇ ਬਾਰੇ ਵਿੱਚ ਇਹ ਜਾਗਰੂਕਤਾ ਅਤੇ ਇਨ੍ਹਾਂ ਕਾਰਜਾਂ ਨੂੰ ਰੁਪਾਂਤਰਿਤ ਕਰ ਪਾਉਣ ਦੀ ਉਨ੍ਹਾਂ ਦੀ ਸਮਰੱਥਾ ਉਨ੍ਹਾਂ ਦੀ ਸਿਖਲਾਈ ਲਈ ਅੰਦਰੂਨੀ ਪ੍ਰੇਰਣਾ ਦਾ ਕੰਮ ਕਰਦੀ ਹੈ ਅਤੇ ਉਨ੍ਹਾਂ ਦੀਆਂ ਕਿਰਿਆਵਾਂ ਕਿਸੇ ਬਾਹਰੀ ਪ੍ਰੇਰਕ ’ਤੇ ਨਿਰਭਰ ਨਹੀਂ ਰਹਿੰਦੀਆਂ ਜਿਵੇਂ ਕਿ ਪ੍ਰੀਖਿਆ ਲਈ ਪੜ੍ਹਨਾ ਜਾਂ ਗੋਲਡ ਮੈਡਲ ਪਾਉਣ ਲਈ ਪੜ੍ਹਨਾ ਆਦਿ।

– ਉਨ੍ਹਾਂ ਦੀ ਕਾਰਜਕੁਸ਼ਲਤਾ ਵਿੱਚ ਮਹੱਤਵਪੂਰਨ ਸੁਧਾਰ ਲਈ ਜਿਸ ਨਾਲ ਉਨ੍ਹਾਂ ਦਾ ਆਤਮ ਸਨਮਾਨ ਵਧੇ, ਸਵੈ ਅਧਿਐਨ ਲਈ ਅੰਦਰੂਨੀ ਪ੍ਰੇਰਣਾ ਦਾ ਵਿਕਾਸ ਹੋਵੇ ਅਤੇ ਇਸ ਪ੍ਰਕਾਰ ਅਧਿਆਪਕ ਦਾ ਕਾਰਜ ਭਾਰ ਘੱਟ ਕੀਤਾ ਜਾ ਸਕੇ।

ਇਸ ਨਿਰਧਾਰਨ ਦਾ ਉਦੇਸ਼ ਹੈ ਕਿ ਵਿਦਿਆਰਥੀ ਦੀ ਸਿਖਲਾਈ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕੇ ਅਤੇ ਇਹ ਮੁਲਾਂਕਣ ਜਾਂ ਗ੍ਰੇਡਿੰਗ ਲਈ ਨਹੀਂ ਹੋਣਾ ਚਾਹੀਦਾ। ਇਸ ਨਾਲ ਪਾਠਕ੍ਰਮੀ ਰੁਪਾਂਤਰਣ ਵੀ ਹੋ ਸਕਦੇ ਹਨ ਜਦੋਂ ਕੁਝ ਵਿਸ਼ੇਸ਼ ਪ੍ਰੋਗਰਾਮ ਵਿਦਿਆਰਥੀਆਂ ਦੇ ਸਿਖਲਾਈ ਨਤੀਜਿਆਂ ਲਈ

ਢੁਕਵੇਂ ਨਹੀਂ ਹੋ ਪਾਉਂਦੇ। ਇਸ ਨਾਲ ਅਧਿਆਪਕ ਨੂੰ ਪ੍ਰੋਗਰਾਮ ਦੇ ਉਦੇਸ਼ਾਂ ਨੂੰ ਨਿਰਧਾਰਤ ਕਰਨ ਅਤੇ ਅਭਿਆਸ ਕਰਨ ਵਿੱਚ ਲਗਾ ਕੇ ਨਿਰਦੇਸ਼ਨ ਦੀ ਗੁਣਵੱਤਾ ਸੁਧਾਰਨ ਲਈ ਵੀ ਪ੍ਰਯੋਗ ਕੀਤਾ ਜਾ ਸਕਦਾ ਹੈ ਅਤੇ ਪ੍ਰੋਗਰਾਮ ’ਤੇ ਇੱਕ ਕੋਰਸ ਦਾ ਕੀ ਪ੍ਰਭਾਵ ਹੈ, ਇਹ ਜਾਣਨ ਲਈ ਵੀ।

ਸਿਰਜਣਾਤਮਕ ਨਿਰਧਾਰਨ ਦੀਆਂ ਵਿਸ਼ੇਸ਼ਤਾਵਾਂ ਦਾ ਸੰਖੇਪ ਸਾਰ ਅਤੇ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਕਾਰਜਕੁਸ਼ਲਤਾ ਨੂੰ ਸੁਧਾਰਨ ਵਿੱਚ ਜੋ ਭੂਮਿਕਾ ਨਿਭਾਉਂਦਾ ਹੈ ਬਾਕਸ 13.3 ਵਿੱਚ ਦਿੱਤਾ ਗਿਆ ਹੈ।

ਸਿਰਜਣਾਤਮਕ ਨਿਰਧਾਰਨ

- ਬੱਚਿਆਂ ਦੇ ਪੂਰਵ ਗਿਆਨ ਅਤੇ ਅਨੁਭਵ ਦਾ ਉਪਯੋਗ ਅੱਗੇ ਵਧਾਉਣ ਲਈ ਰੂਪਰੇਖਾ ਤਿਆਰ ਕਰਨ ਲਈ ਕੀਤਾ ਜਾਂਦਾ ਹੈ।
- ਰਸਮੀ ਆਧਾਰ ’ਤੇ ਨਿਰਭਰ ਕਾਲਅੰਸ਼ਾਂ ਵਿੱਚ ਕੀਤਾ ਜਾਂਦਾ ਹੈ।
- ਨਿਦਾਨਾਤਮਕ ਅਤੇ ਉਪਚਾਰਾਤਮਕ ਹੈ।
- ਪ੍ਰਭਾਵਸ਼ਾਲੀ ਫੀਡਬੈਕ ਸੁਨਿਸ਼ਚਤ ਕਰਦਾ ਹੈ।
- ਬੱਚਿਆਂ ਨੂੰ ਉਨ੍ਹਾਂ ਦੀ ਆਪਣੀ ਸਿਖਲਾਈ ਵਿੱਚ ਸਰਗਰਮ ਭਾਗੀਦਾਰੀ ਲਈ ਆਧਾਰ ਪ੍ਰਦਾਨ ਕਰਦਾ ਹੈ।
- ਅਧਿਆਪਕਾਂ ਨੂੰ ਫੀਡਬੈਕ ਪ੍ਰਦਾਨ ਕਰਦਾ ਹੈ ਤਾਂ ਕਿ ਉਹ ਬੱਚਿਆਂ ਦੀਆਂ ਉੱਭਰਦੀਆਂ ਹੋਈਆਂ ਲੋੜਾਂ ਦੇ ਅਨੁਸਾਰ ਆਪਣੇ ਕਲਾਸ ਸੰਚਾਰ ਨੂੰ ਅਨੁਕੂਲ ਬਣਾਉਣ ਦੇ ਯੋਗ ਹੋ ਜਾਣ।
- ਵਿਦਿਆਰਥੀਆਂ ਵਿੱਚ ਅੰਦਰੂਨੀ ਪ੍ਰੇਰਣਾ ਅਤੇ ਆਤਮ ਸਨਮਾਨ ਨੂੰ ਪ੍ਰੋਤਸਾਹਨ ਦਿੰਦਾ ਹੈ, ਜਿਨ੍ਹਾਂ ਦੋਨਾਂ ਦਾ ਸਿਖਲਾਈ ਕਾਰਜਕੁਸ਼ਲਤਾ ’ਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ।
- ਬੱਚਿਆਂ ਨੂੰ ਸਵੈ ਦਾ ਨਿਰਧਾਰਨ ਕਰਨ ਅਤੇ ਸਮਝਣ ਕਿ ਕਿਵੇਂ ਸੁਧਾਰ ਕਰਨਾ ਹੈ, ਲੋੜ ਨੂੰ ਪਛਾਣਦਾ ਹੈ।
- ਵਿਭਿੰਨ ਸਿਖਲਾਈ ਸ਼ੈਲੀਆਂ ਨੂੰ ਸ਼ਾਮਲ ਕਰਦਾ ਹੈ। ਇਹ ਫੈਸਲਾ ਲੈਣ ਲਈ ਕਿ ਕਿਵੇਂ ਹੋਰ ਕੀ ਪੜ੍ਹਾਉਣਾ ਹੈ।
- ਬੱਚਿਆਂ ਨੂੰ ਇਹ ਸਮਝਣ ਲਈ ਉਤਸ਼ਾਹਿਤ ਕਰਦਾ ਹੈ ਕਿ ਉਨ੍ਹਾਂ ਦੇ ਕਾਰਜ ਸਬੰਧਿਤ ਫੈਸਲਾ ਲੈਣ ਲਈ ਕੀ ਮਿਆਰ ਰੱਖੇ ਜਾਣਗੇ।
- ਫੀਡਬੈਕ ਮਿਲਣ ਤੋਂ ਬਾਅਦ ਬੱਚਿਆਂ ਨੂੰ ਉਨ੍ਹਾਂ ਦਾ ਕਾਰਜ ਸੁਧਾਰਨ ਦਾ ਅਵਸਰ ਪ੍ਰਦਾਨ ਕਰਦਾ ਹੈ।

ਬੱਚਿਆਂ ਨੂੰ ਉਨ੍ਹਾਂ ਦੇ ਸਹਿਪਾਠੀਆਂ ਦੇ ਸਮੂਹ ਨੂੰ ਬਲ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦਾ ਹੈ ਆਦਿ।

(ਸਰੋਤ: ਨਿਰੰਤਰ ਅਤੇ ਵਿਆਪਕ ਮੁਲਾਂਕਣ: ਅਧਿਆਪਕਾਂ ਲਈ ਮੈਨੂਅਲ, ਸੀ.ਬੀ.ਐੱਸ.ਈ.2010)

ਬਾਕਸ 13.3 ਸਿਰਜਣਾਤਮਕ ਨਿਰਧਾਰਨ ਦੀਆਂ ਵਿਸ਼ੇਸ਼ਤਾਵਾਂ

- ਸੰਕਲਨਾਤਮਕ ਨਿਰਧਾਰਨ

ਸੰਕਲਨਾਤਮਕ ਨਿਰਧਾਰਨ ਤੋਂ ਮਤਲਬ ਹੈ ਸਿਖਲਾਈ ਦੇ ਉਸ ਨਿਰਧਾਰਨ ਤੋਂ ਜੋ ਇੱਕ ਵਿਸ਼ੇਸ਼ ਸਮੇਂ 'ਤੇ ਬੱਚਿਆਂ ਦੇ ਵਿਕਾਸ ਨੂੰ ਜੋੜਦਾ ਜਾਂ ਉਸ ਦਾ ਸਾਰ ਦਿੰਦਾ ਹੈ। ਇਹ ਬੱਚਿਆਂ ਨੂੰ ਸਿਖਲਾਈ ਦੀ ਕਿਸੇ ਇੱਕ ਸਮੇਂ 'ਤੇ ਨਿਰਧਾਰਨ (ਗ੍ਰੇਡਿੰਗ ਜਾਂ ਰੈਕਿੰਗ) ਦੀ ਪ੍ਰਕਿਰਿਆ ਹੈ। ਪਰੀਖਣ ਪ੍ਰਕਿਰਿਆਵਾਂ ਜਿਵੇਂ ਕੋਰਸ ਦੇ ਅੰਤ ਵਿੱਚ, ਇੱਕ ਸੈਸ਼ਨ ਦੇ ਅੰਤ ਵਿੱਚ ਜਾਂ ਸਾਲਾਨਾ ਪ੍ਰੀਖਿਆਵਾਂ ਸੰਕਲਨਾਤਮਕ ਨਿਰਧਾਰਨ ਦੇ ਉਦਾਹਰਨ ਹਨ ਅਤੇ ਇਨ੍ਹਾਂ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਪਰੀਖਣਾਂ ਨੂੰ ਸੰਕਲਨਾਤਮਕ ਨਿਰਧਾਰਨ ਕਹਿੰਦੇ ਹਨ। ਜਦੋਂਕਿ ਸਿਰਜਣਾਤਮਕ ਨਿਰਧਾਰਨ ਸੀਮਤ ਉਦੇਸ਼ਾਂ ਜਾਂ ਵਿਸ਼ਾ ਵਸਤੂ 'ਤੇ ਆਧਾਰਿਤ ਹੁੰਦੇ ਹਨ, ਸੰਕਲਨਾਤਮਕ ਨਿਰਧਾਰਨ ਦਿੱਤਾ ਗਿਆ ਪੂਰਾ ਵਿਸ਼ਾ ਵਸਤੂ ਅਤੇ ਇਛੁੱਕ ਸਿਖਲਾਈ ਨਤੀਜਿਆਂ ਵਿੱਚੋਂ ਕੀਤਾ ਜਾਂਦਾ ਹੈ। ਇਹ ਨਿਰਧਾਰਨ ਦੇ ਸਮੇਂ ਵਿਦਿਆਰਥੀਆਂ ਦੀ ਉਪਲੱਬਧੀ ਦਾ ਪੂਰਨ ਚਿਤਰਣ ਪ੍ਰਦਾਨ ਕਰਦਾ ਹੈ। ਅਧਿਆਪਨ ਸਿਖਲਾਈ ਸਥਿਤੀ ਵਿੱਚ ਸੰਕਲਨਾਤਮਕ ਨਿਰਧਾਰਨ ਅਕਸਰ ਕੋਰਸ ਦੇ ਅੰਤ ਵਿੱਚ ਵੀ ਦਿੱਤੇ ਜਾਂਦੇ ਹਨ, ਇਹ ਜਾਣਨ ਲਈ ਕਿ ਵਿਦਿਆਰਥੀਆਂ ਨੇ ਪੂਰੇ ਕੋਰਸ ਵਿੱਚ ਕੀ ਸਿੱਖਿਆ ਹੈ ਅਤੇ ਕੀ ਉਨ੍ਹਾਂ ਨੇ ਨਿਰਧਾਰਤ ਕੀਤੇ ਗਏ ਅਧਿਆਪਕ ਮਿਆਰਾਂ ਨੂੰ ਛੂਹਿਆ ਹੈ ਜਾਂ ਨਹੀਂ।

ਇਨ੍ਹਾਂ ਦਾ ਆਯੋਜਨ ਰਸਮੀ ਤਰੀਕੇ ਨਾਲ ਕੀਤਾ ਜਾਂਦਾ ਹੈ ਅਤੇ ਕੁਇਜ਼, ਲੇਖ, ਟੈਸਟ ਜਾਂ ਪ੍ਰਾਜੈਕਟ ਦੇ ਰੂਪ ਵਿੱਚ ਹੋ ਸਕਦਾ ਹੈ। ਸੰਕਲਨਾਤਮਕ ਨਿਰਧਾਰਨ ਦੇ ਟੀਚੇ ਬਾਕਸ 13.4 ਵਿੱਚ ਦਿੱਤੇ ਗਏ ਹਨ:

ਸੰਕਲਨਾਤਮਕ ਨਿਰਧਾਰਨ

- ਸਿਖਲਾਈ ਕਾਰਜਕੁਸ਼ਲਤਾ ਦਾ ਇਹ ਨਿਰਧਾਰਨ ਕੋਰਸ ਦੇ ਅੰਤ ਵਿੱਚ ਜਾਂ ਕੋਰਸ ਦੀ ਇਕਾਈ ਦੇ ਅੰਤ ਵਿੱਚ ਕੀਤਾ ਜਾਂਦਾ ਹੈ।
- ਅਕਸਰ ਵਿਦਿਆਰਥੀਆਂ ਵੱਲੋਂ ਕੋਰਸ ਦੇ ਅੰਤ ਵਿੱਚ ਜਾਂ ਸੈਸ਼ਨ ਦੇ ਅੰਤ ਵਿੱਚ ਦਿੱਤਾ ਜਾਂਦਾ ਹੈ ਤਾਂ ਕਿ ਜੋ ਉਨ੍ਹਾਂ ਨੇ ਸਿੱਖਿਆ ਹੈ ਉਸ ਦਾ ਕੁੱਲ ਜੋੜ ਦਿਖਾ ਸਕਣ।
- ਨਿਰਧਾਰਨ ਦੀਆਂ ਸਭ ਤੋਂ ਪਰੰਪਰਿਕ ਵਿਧੀਆਂ ਦਾ ਪ੍ਰਯੋਗ ਵਿਦਿਆਰਥੀਆਂ ਦੇ ਕਾਰਜ ਦੇ ਮੁਲਾਂਕਣ ਲਈ ਕੀਤਾ ਜਾਂਦਾ ਹੈ।

ਇਸ ਦੇ ਨਤੀਜਿਆਂ ਦਾ ਪ੍ਰਯੋਗ ਵਿਦਿਆਰਥੀਆਂ ਦੀ ਦਰਜਾਬੰਦੀ ਜਾਂ ਗ੍ਰੇਡਿੰਗ ਲਈ ਕੀਤਾ ਜਾਂਦਾ ਹੈ ਜਿਸ ਦੀ ਲੋੜ ਵੱਡੇ ਪੱਧਰ 'ਤੇ ਸੈਸ਼ਨ ਦਖਲ ਅਤੇ ਉਪਲੱਬਧੀ ਦੇ ਸੰਦਰਭ ਵਿੱਚ ਅੰਤਰ ਸਕੂਲਾਂ ਜਾਂ ਸਕੂਲ ਦੇ ਅੰਦਰ ਤੁਲਨਾ ਲਈ ਕੀਤਾ ਜਾਂਦਾ ਹੈ।

(ਸਰੋਤ: ਨਿਰੰਤਰ ਅਤੇ ਵਿਆਪਕ ਮੁਲਾਂਕਣ: ਅਧਿਆਪਕਾਂ ਲਈ ਮੈਨੂਅਲ, ਸੀ.ਬੀ.ਐੱਸ.ਈ. 2010)

ਬਾਕਸ 13.4 ਸੰਕਲਨਾਤਮਕ ਮੁਲਾਂਕਣ ਦੇ ਟੀਚੇ ਸਿਰਜਣਾਤਮਕ ਅਤੇ ਸੰਕਲਨਾਤਮਕ ਨਿਰਧਾਰਨ ਵਿੱਚ ਅੰਤਰ ਹੇਠ ਦਿੱਤੀ ਗਈ ਸਾਰਣੀ ਵਿੱਚ ਦਿਖਾਇਆ ਗਿਆ ਹੈ:

ਸਾਰਣੀ 13.2 ਸਿਰਜਣਾਤਮਕ ਅਤੇ ਸੰਕਲਨਾਤਮਕ ਨਿਰਧਾਰਨ ਵਿੱਚ ਅੰਤਰ

| ਸਿਰਜਣਾਤਮਕ ਨਿਰਧਾਰਨ | ਸੰਕਲਨਾਤਮਕ ਨਿਰਧਾਰਨ |
|---|---|
| ਇਹ ਜਾਣਨ ਲਈ ਕੀਤਾ ਜਾਂਦਾ ਹੈ ਕਿ ਬੱਚਿਆਂ ਨੇ ਕੀ ਸਿੱਖ ਲਿਆ ਹੈ ਅਤੇ ਕੀ ਅਜੇ ਸਿੱਖਣਾ ਬਾਕੀ ਹੈ | ਇੱਕ ਨਿਰਧਾਰਤ ਕੋਰਸ ਵਿੱਚ ਬੱਚੇ ਦੀ ਕੁੱਲ ਕਾਰਜਕੁਸ਼ਲਤਾ ਨੂੰ ਜਾਣਨ ਲਈ ਕੀਤਾ ਜਾਂਦਾ ਹੈ। |
| ਅਧਿਆਪਕ ਆਪਣੀਆਂ ਅਧਿਆਪਨ ਵਿਧੀਆਂ ਦਾ ਨਿਰਧਾਰਨ ਕਰ ਸਕਦੇ ਹਨ ਅਤੇ ਉਨ੍ਹਾਂ ਵਿੱਚ ਤਬਦੀਲੀ ਕਰਕੇ ਸਿੱਖਿਆ ਸੈਸ਼ਨ ਦੇ ਦੌਰਾਨ ਬੱਚਿਆਂ ਨੂੰ ਉਨ੍ਹਾਂ ਦੇ ਪਾਠ ਸਮਝਣ ਵਿੱਚ ਸਹਾਇਤਾ ਕਰ ਸਕਦੇ ਹਨ। | ਜੇਕਰ ਬੱਚਿਆਂ ਦੀ ਕਾਰਜਕੁਸ਼ਲਤਾ ਚੰਗੀ ਨਹੀਂ ਹੁੰਦੀ ਤਾਂ ਅਧਿਆਪਕ ਅਗਲੇ ਅਕਾਦਮਿਕ ਸੈਸ਼ਨ ਲਈ ਆਪਣੀਆਂ ਅਧਿਆਪਨ ਵਿਧੀਆਂ ਵਿੱਚ ਤਬਦੀਲੀ ਕਰ ਸਕਦੇ ਹਨ। |
| ਇਨ੍ਹਾਂ ਗ੍ਰੇਡਾਂ ਦਾ ਜ਼ਿਆਦਾ ਮਹੱਤਵ ਨਹੀਂ ਹੁੰਦਾ। | ਇਨ੍ਹਾਂ ਵਿੱਚ ਗ੍ਰੇਡ ਵਿਦਿਆਰਥੀ ਦੀ ਰਾਜ ਪੱਧਰ ’ਤੇ ਪ੍ਰੀਖਿਆ ਦੀ ਤਿਆਰੀ ਦਾ ਆਧਾਰ ਬਣਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਪੂਰਨ ਅਧਿਆਪਨ ਕੁਸ਼ਲਤਾ ਦਾ ਪਤਾ ਚੱਲਦਾ ਹੈ। |
| ਘੱਟ ਰਸਮੀ, ਕਲਾਸ ਅਧਿਆਪਨ ਰਾਹੀਂ ਸਕੂਲ ਪੱਧਰ ’ਤੇ ਕੀਤਾ ਜਾਂਦਾ ਹੈ। | ਜ਼ਿਆਦਾ ਰਸਮੀ, ਸਕੂਲ ਪੱਧਰ ’ਤੇ ਜ਼ਿਲ੍ਹਾ ਜਾਂ ਰਾਜ ਦੇ ਅਧਿਕਾਰੀਆਂ ਤੋਂ ਨਿਰਦੇਸ਼ ਤਹਿਤ ਕੀਤਾ ਜਾ ਸਕਦਾ ਹੈ। |
| ਬੱਚਿਆਂ ਦੀਆਂ ਲੋੜਾਂ ਅਨੁਸਾਰ ਲਚਕੀਲਾ ਹੋ ਸਕਦਾ ਹੈ। | ਲਚਕੀਲਾ ਨਹੀਂ ਹੈ, ਸਾਰੇ ਬੱਚਿਆਂ ਲਈ ਇੱਕ ਹੀ ਪ੍ਰੀਖਿਆ ਹੁੰਦੀ ਹੈ, ਆਯੋਜਨ ਦਾ ਤਰੀਕਾ ਅਤੇ ਟੈਸਟ ਦੇ ਅੰਕਾਂ ਨੂੰ ਸਮਝਣ ਦਾ ਤਰੀਕਾਂ ਇੱਕ ਹੀ ਤਰ੍ਹਾਂ ਦਾ ਅਪਣਾਇਆ ਜਾਂਦਾ ਹੈ। |
| ਪ੍ਰਕਿਰਿਆ ਰਾਹੀਂ ਨਿਰਧਾਰਤ | ਨਤੀਜੇ ਰਾਹੀਂ ਨਿਰਧਾਰਤ |

ਸੰਖੇਪ ਵਿੱਚ ਸਿਰਜਣਾਤਮਕ ਅਤੇ ਸੰਕਲਨਾਤਮਕ ਨਿਰਧਾਰਨਾਂ ਨੂੰ ਅਕਸਰ, ਸਿਖਲਾਈ ਦੇ ਸੰਦਰਭ ਵਿੱਚ ਸਿਖਲਾਈ ਲਈ ਨਿਰਧਾਰਨ ਅਤੇ ਸਿਖਲਾਈ ਦਾ ਨਿਰਧਾਰਨ ਕਿਹਾ ਜਾਂਦਾ ਹੈ।

ਸਿਖਲਾਈ ਦਾ ਨਿਰਧਾਰਨ ਅਕਸਰ ਪ੍ਰਕਿਰਤੀ ਵਿੱਚ ਸੰਕਲਨਾਤਮਕ ਹੁੰਦਾ ਹੈ ਅਤੇ ਕਲਾਸ, ਕੋਰਸ, ਸਮੈਸਟਰ ਜਾਂ ਅਕਾਦਮਿਕ ਸਾਲ ਦੇ ਅੰਤ ਵਿੱਚ ਹੁੰਦਾ ਹੈ ਅਤੇ ਸਿਖਲਾਈ ਦੇ ਨਤੀਜੇ ਜਾਣਨ ਲਈ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨਤੀਜਿਆਂ ਦੀ ਰਿਪੋਰਟ ਵਿਦਿਆਰਥੀਆਂ, ਮਾਪਿਆਂ ਅਤੇ ਪ੍ਰਬੰਧਕਾਂ/ਪ੍ਰਸ਼ਾਸਨ ਅਧਿਕਾਰੀਆਂ ਨੂੰ ਦਿੱਤੀ ਜਾਂਦੀ ਹੈ।

ਸਿਖਲਾਈ ਲਈ ਮੁਲਾਂਕਣ, ਅਕਸਰ ਪ੍ਰਕਿਰਤੀ ਵਿੱਚ ਰਚਨਾਤਮਕ ਹੁੰਦਾ ਹੈ ਅਤੇ ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਦੀ ਆਜ਼ਾਦੀ (ਅਤੇ ਆਪਣਾ ਅਧਿਆਪਨ ਬੱਚਿਆਂ ਅਨੁਸਾਰ ਢਾਲਣ ਦੀ) ਦਿੰਦਾ ਹੈ। ਇਹ ਬੱਚਿਆਂ ਨੂੰ ਵੀ ਆਪਣੀ ਪ੍ਰਗਤੀ ਦੀ ਜਾਂਚ ਕਰਨ ਵਿੱਚ ਸਹਾਇਤਾ ਕਰਦਾ ਹੈ ਜਦੋਂ ਉਨ੍ਹਾਂ ਨੂੰ ਆਪਣੇ ਸਹਿਪਾਠੀਆਂ ਅਤੇ ਅਧਿਆਪਕ ਤੋਂ ਫੀਡਬੈਕ ਪ੍ਰਾਪਤ ਹੁੰਦੀ ਹੈ, ਉਸ ਨੂੰ ਦੁਹਰਾਉਣ ਅਤੇ ਆਪਣੀ ਸੋਚ ਨੂੰ ਬਿਹਤਰ ਕਰਨ ਦਾ ਅਵਸਰ ਵੀ ਮਿਲਦਾ ਹੈ। ਪਰ ਇਹ ਯਾਦ ਰੱਖਣਾ ਹੈ ਕਿ ਸਿਰਜਣਾਤਮਕ ਨਿਰਧਾਰਨ ਸੰਕਲਨਾਤਮਕ ਨਿਰਧਾਰਨ ਨੂੰ ਪੂਰਨ ਬਣਾਉਂਦਾ ਹੈ ਅਤੇ ਸਿਖਲਾਈ ਦੀ ਪ੍ਰਕਿਰਿਆ ਵਿੱਚ ਹਰ ਪ੍ਰਕਾਰ ਦੇ ਮੁਲਾਂਕਣ ਦੀ ਆਪਣੀ ਮਹੱਤਤਾ ਹੈ।

ਈ: 3 ਇੱਕ ਕਾਰਨ ਦਿਓ ਕਿ ਸੰਕਲਨਾਤਮਕ ਨਿਰਧਾਰਨ ਵਿੱਚ ਅੰਕਾਂ ਦਾ ਮਹੱਤਵ ਹੈ ਅਤੇ ਸਿਰਜਣਾਤਮਕ ਨਿਰਧਾਰਨ ਵਿੱਚ ਨਹੀਂ, ਕਿਉਂ ?

13.4 ਨਿਰੰਤਰ ਅਤੇ ਟਿਕਾ↔ੂਂ ਮੁਲਾਂਕਣ (ਸੀ.ਸੀ.ਈ.)

ਮੁਲਾਂਕਣ ਕੇਵਲ ਬੱਚਿਆਂ ਦੀ ਪ੍ਰਗਤੀ ਅਤੇ ਉਪਲੱਬਧੀ ਹੀ ਨਹੀਂ ਮਾਪਦਾ ਬਲਕਿ ਅਧਿਆਪਨ ਸਿਖਲਾਈ ਸਮੱਗਰੀ ਅਤੇ ਵਿਧੀਆਂ ਜੋ ਕਿ ਪਾਠਕ੍ਰਮ ਦੇ ਸੰਚਾਰ ਵਿੱਚ ਪ੍ਰਯੋਗ ਕੀਤੀ ਜਾਂਦੀ ਹੈ, ਉਸ ਦੇ ਪ੍ਰਭਾਵ ਨੂੰ ਵੀ ਜਾਂਚਦਾ ਹੈ। ਇਹ ਪਾਠਕ੍ਰਮ ਦਾ ਇੱਕ ਅਭਿੰਨ ਹਿੱਸਾ ਹੈ। ਇਸ ਉਦੇਸ਼ ਦੇ ਨਾਲ ਕਿ ਪ੍ਰਭਾਵਸ਼ਾਲੀ ਕਾਰਜਕੁਸ਼ਲਤਾ ਹੋਵੇ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਸੁਧਾਰ ਹੋਵੇ। ਇਸ ਲਈ ਇਹ ਵਿਦਿਆਰਥੀਆਂ ਹੀ ਨਹੀਂ ਬਲਕਿ ਅਧਿਆਪਕਾਂ ਲਈ ਵੀ ਮਹੱਤਵਪੂਰਨ ਹੈ।

ਕਈ ਵਾਰ ਅਸੀਂ ਮੁਲਾਂਕਣ ਜਾਂ ਨਿਰਧਾਰਨ ਨੂੰ ਇਸ ਪ੍ਰਕਾਰ ਦੇਖਦੇ ਹਾਂ ਕਿ ਇਹ ਕੁਝ ਅਜਿਹਾ ਹੈ ਜੋ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਲਈ, ਸਿਖਲਾਈ ਦੇ ਅੰਤਿਮ ਪੜਾਅ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਜਦੋਂ ਮੁਲਾਂਕਣ ਨੂੰ ਸਿਖਲਾਈ ਦੇ ਅਭਿਆਸ ਦੇ ਅੰਤ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਤਾਂ ਅਧਿਆਪਕ ਅਤੇ ਸਿਖਿਆਰਥੀ ਦੋਨੋਂ ਇਸ ਨੂੰ ਅਧਿਆਪਨ ਸਿਖਲਾਈ ਦੀ ਪ੍ਰਕਿਰਿਆ ਤੋਂ ਬਾਹਰ ਰੱਖਣਗੇ ਜਿਵੇਂ ਕਿ ਨਿਰਧਾਰਨ ਕੁਝ ਸਹੀ ਕਾਰਜ ਨਹੀਂ ਹੈ ਅਤੇ ਪਾਠ ਚਰਚਾ ਨਾਲ ਇਸ ਦਾ ਕੋਈ ਸਬੰਧ ਨਹੀਂ। ਅੱਗੇ ਇਹ ਵਿਚਾਰ ਸਿਖਿਆਰਥੀਆਂ ਵਿੱਚ ਉਤਸੁਕਤਾ ਅਤੇ ਤਣਾਅ ਪੈਦਾ ਕਰ ਸਕਦਾ ਹੈ। ਦੂਜੀ ਤਰਫ਼ ਜਦੋਂ ਮੁਲਾਂਕਣ ਨੂੰ ਅਧਿਆਪਨ ਸਿਖਲਾਈ ਦਾ ਇੱਕ ਅਟੁੱਟ ਅੰਗ ਸਮਝਿਆ ਜਾਂਦਾ ਹੈ ਤਾਂ ਇਹ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਬਣ ਜਾਂਦੀ ਹੈ। ਸਿੱਖਣ ਦੀ ਹਰ ਸਥਿਤੀ ਮੁਲਾਂਕਣ ਦੀ ਸਥਿਤੀ ਵੀ ਹੁੰਦੀ ਹੈ। ਜਦੋਂ ਇਸ ਨੂੰ ਅਧਿਆਪਨ ਸਿਖਲਾਈ ਦੀ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਸਿੱਖਿਆਰਥੀ ਟੈਸਟ ਜਾਂ ਪ੍ਰੀਖਿਆ ਤੋਂ ਡਰਦੇ ਨਹੀਂ। ਬਲਕਿ ਇਸ ਨਾਲ ਸਿੱਖਿਆਰਥੀਆਂ ਦੀਆਂ ਸਮਰੱਥਾਵਾਂ ਅਤੇ ਕਮਜ਼ੋਰੀਆਂ ਦੀ ਪਛਾਣ ਹੁੰਦੀ ਹੈ। ਜਦੋਂ ਸਿੱਖਿਆਰਥੀਆਂ ਦੀਆਂ ਸਮਰੱਥਾਵਾਂ ਦੇ ਬਾਰੇ ਵਿੱਚ ਪਤਾ ਚੱਲਦਾ ਹੈ ਤਾਂ ਉਸ ਤੋਂ ਬਾਅਦ ਕੀਤੀ ਜਾਣ ਵਾਲੀ ਪ੍ਰਕਿਰਿਆ ਆਸਾਨ ਹੋ ਜਾਂਦੀ ਹੈ ਜੋ ਜਾਂ ਤਾਂ ਉਪਚਾਰਕ ਹੋ ਸਕਦੀ ਹੈ, ਉਨ੍ਹਾਂ ਦੀਆਂ ਸਿਖਲਾਈ ਦੀਆਂ ਕਠਿਨਾਈਆਂ ਨੂੰ ਦੂਰ ਕਰਨ ਲਈ ਜਾਂ ਉਨ੍ਹਾਂ ਦੀ ਸਿਖਲਾਈ ਦਾ ਪੱਧਰ ਉੱਚਾ ਕਰਨ ਲਈ।

ਸਕੂਲਾਂ ਵਿੱਚ ਮੁਲਾਂਕਣ ਦਾ ਖੇਤਰ ਵਿਦਿਆਰਥੀਆਂ ਦੇ ਵਿਅਕਤੀਤਵ ਵਿਕਾਸ ਦੇ ਸਾਰੇ ਪੱਖਾਂ ਤੱਕ ਫੈਲਿਆ ਹੋਇਆ ਹੈ। ਇਸ ਵਿੱਚ ਅਧਿਆਪਨ ਅਤੇ ਸਹਿ ਅਧਿਆਪਨ ਦੋਨੋਂ ਖੇਤਰ ਸ਼ਾਮਲ ਹੁੰਦੇ ਹਨ, ਇਸ ਲਈ ਇਹ ਵਿਆਪਕ ਕਹਾਉਂਦਾ ਹੈ। ਉਦਾਹਰਨ ਦੇ ਤੌਰ 'ਤੇ ਗਣਿਤ ਵਿੱਚ ਅੰਕਾਂ ਜਾਂ ਗ੍ਰੇਡਾਂ ਨਾਲ ਵਿਸ਼ਾ ਸਬੰਧਿਤ ਅਧਿਆਪਨ ਸਮਰੱਥਾ, ਵਿਸ਼ੇ ਪ੍ਰਤੀ ਮਨੋਵਿਰਤੀ, ਵਿਸ਼ੇ ਵਿੱਚ ਰੁਚੀ ਆਦਿ ਸਹਿ ਅਧਿਆਪਨ ਸਮਰੱਥਾ ਦਰਸਾਉਂਦੇ ਹਨ। ਦੋਨੋਂ ਪੱਖ ਸਬੰਧਿਤ ਹਨ ਅਤੇ ਸਿੱਖਿਆ ਦੇ ਉਦੇਸ਼ਾਂ ਨਾਲ ਕ੍ਰਮਬੱਧ ਹਨ। ਜੇਕਰ ਮੁਲਾਂਕਣ ਨਿਰੰਤਰ ਹੈ ਤਾਂ ਬੱਚਿਆਂ ਦੀਆਂ ਸਮਰੱਥਾਵਾਂ ਅਤੇ ਕਮਜ਼ੋਰੀਆਂ ਭਲੀਭਾਂਤ ਸਾਹਮਣੇ ਆਉਣਗੀਆਂ ਅਤੇ ਉਨ੍ਹਾਂ ਨੂੰ ਸਮਝਣ ਅਤੇ ਆਪਣੇ ਆਪ ਨੂੰ ਸੁਧਾਰਨ ਦਾ ਅਵਸਰ ਮਿਲੇਗਾ। ਇਸ ਨਾਲ ਅਧਿਆਪਕਾਂ ਨੂੰ ਵੀ ਆਪਣੀਆਂ ਅਧਿਆਪਨ ਪੱਧਤੀਆਂ ਨੂੰ ਰੁਪਾਂਤਰਿਤ ਕਰਨ ਲਈ ਫੀਡਬੈਕ ਮਿਲਦੀ ਹੈ।

### 13.4.1 ਧਾਰਨਾ, ਪ੍ਰਕਿਰਿਆ ਅਤੇ ਸੀਸੀਈ ਦੀ ਲੋੜ

ਸਿੱਖਿਆ ਸਿੱਖਿਆਰਥੀ ਦੇ ਸੰਪੂਰਨ ਵਿਕਾਸ ਦਾ ਨਿਸ਼ਚਾ ਰੱਖਦੀ ਹੈ। ਇਸ ਲਈ ਨਿਰੰਤਰ ਅਤੇ ਵਿਆਪਕ ਮੁਲਾਂਕਣ ਬੱਚਿਆਂ ਦੇ ਬੌਧਿਕ, ਭਾਵਨਾਤਮਕ ਅਤੇ ਸਰੀਰਿਕ ਕਿਰਿਆਤਮਕ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਕਰਨਾ ਹੋਏਗਾ। ਬੌਧਿਕ ਵਿਕਾਸ ਤੋਂ ਮਤਲਬ ਹੈ ਬੱਚਿਆਂ ਦਾ ਮਾਨਸਿਕ ਵਿਕਾਸ (ਜਿਵੇਂ ਬੱਚੇ ਦਾ ਗਿਆਨ, ਸਮਝ, ਲਾਗੂ ਕਰਨ ਦੀ ਸਮਰੱਥਾ, ਵਿਸ਼ਲੇਸ਼ਣ, ਜੋੜਨਾ ਅਤੇ ਮੁਲਾਂਕਣ)। ਭਾਵਨਾਤਮਕ ਵਿਕਾਸ ਵਿਦਿਆਰਥੀ ਦੀਆਂ ਮਨੋਵਿਰਤੀਆਂ, ਰੁਚੀਆਂ ਅਤੇ ਵਿਅਕਤੀਗਤ ਵਿਕਾਸ 'ਤੇ ਜ਼ੋਰ ਦਿੰਦਾ ਹੈ। ਕਿਰਿਆਤਮਕ ਵਿਕਾਸ ਦਾ ਸਬੰਧ ਬੱਚਿਆਂ ਦੀਆਂ ਕੁਝ ਕਿਰਿਆਵਾਂ ਕਰਨ ਜਾਂ ਪ੍ਰਯੋਗਿਕ ਕਾਰਜ ਕਰਨ ਦੀ ਸਮਰੱਥਾ ਤੋਂ ਹੈ। ਇਸ ਲਈ ਅਧਿਆਪਨ ਸਿਖਲਾਈ ਦੀ ਪ੍ਰਕਿਰਿਆ ਰਾਹੀਂ ਬਹੁਮੁਖੀ ਵਿਕਾਸ ਸੁਨਿਸ਼ਚਤ ਕਰਦਾ ਹੈ ਤਾਂ ਵਿਦਿਆਰਥੀਆਂ ਦਾ ਮੁਲਾਂਕਣ ਨਿਰੰਤਰ ਅਤੇ ਵਿਆਪਕ ਹੋਣਾ ਚਾਹੀਦਾ ਹੈ। ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਬੱਚੇ ਦੇ ਸੰਪੂਰਨ ਵਿਕਾਸ ਲਈ, ਮੁਲਾਂਕਣ ਦੀ ਪ੍ਰਕਿਰਿਆ ਨੂੰ ਦੋਨੋਂ ਵਿਕਾਸ ਦੇ ਅਧਿਆਪਨ ਅਤੇ ਸਹਿ ਅਧਿਆਪਨ ਖੇਤਰਾਂ 'ਤੇ ਢੁਕਵਾਂ ਧਿਆਨ ਦੇਣ ਦੀ ਲੋੜ ਹੈ। ਵਿਆਪਕ ਮੁਲਾਂਕਣ ਵਿੱਚ ਪੂਰੇ ਅਕਾਦਮਿਕ ਸਾਲ ਵਿੱਚ ਨਿਸ਼ਚਤ ਸਮੇਂ 'ਤੇ ਨਿਰੰਤਰਤਾ ਦਾ ਹੋਣਾ ਵੀ ਜ਼ਰੂਰੀ ਹੈ।

ਹੁਣ ਐਲੀਮੈਂਟਰੀ ਸਕੂਲਾਂ ਵਿੱਚ ਚੱਲ ਰਹੇ ਮੁਲਾਂਕਣ ਦੇ ਅਭਿਆਸ ਦਾ ਵਿਸ਼ਲੇਸ਼ਣ ਕਰੀਏ ਅਤੇ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿਓ ?

- ਕੀ ਇਹ ਬੱਚੇ ਦੇ ਬਾਰੇ ਵਿੱਚ ਸੰਪੂਰਨ ਚਿੱਤਰਨ ਦਿੰਦਾ ਹੈ ਕਿ ਉਹ ਕੀ ਜਾਣਦਾ ਹੈ ਅਤੇ ਉਹ ਅਸਲ ਜੀਵਨ ਵਿੱਚ ਕੀ ਲਾਗੂ ਕਰ ਸਕਦਾ ਹੈ ?
- ਕੀ ਉਹ ਬੱਚਿਆਂ ਦੀਆਂ ਸਮਰੱਥਾਵਾਂ ਦੇ ਬਾਰੇ ਵਿੱਚ ਕੁਝ ਦੱਸਦਾ ਹੈ ?
- ਕੀ ਇਹ ਸਾਨੂੰ ਅਧਿਆਪਕ ਹੋਣ ਦੇ ਨਾਤੇ ਕੁਝ ਚੰਗਾ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ?
- ਕੀ ਮੁਲਾਂਕਣ ਦਾ ਨਤੀਜਾ ਅਧਿਆਪਕਾਂ ਅਤੇ ਯੋਜਨਾ ਬਣਾਉਣ ਵਾਲਿਆਂ ਨੂੰ ਸਿੱਖਿਆ ਦੀ ਗੁਣਵੱਤਾ ਸੁਧਾਰਨ ਵਿੱਚ ਸਹਾਇਤਾ ਕਰਦਾ ਹੈ ?

ਤੁਹਾਨੂੰ ਇਹ ਅਹਿਸਾਸ ਹੋਏਗਾ ਕਿ ਤੁਹਾਨੂੰ ਇਨ੍ਹਾਂ ਪ੍ਰਸ਼ਨਾਂ ਦੇ ਸੰਤੁਸ਼ਟੀਜਨਕ ਉੱਤਰ ਨਹੀਂ ਮਿਲੇ। ਨਿਰੰਤਰ ਅਤੇ ਵਿਆਪਕ ਮੁਲਾਂਕਣ ਦੀ ਲੋੜ ਸਾਫ ਨਜ਼ਰ ਆਉਂਦੀ ਹੈ ਅਤੇ ਅਸੀਂ ਕਹਿ ਸਕਦੇ ਹਾਂ ਕਿ ਨਿਰੰਤਰ ਅਤੇ ਵਿਆਪਕ ਮੁਲਾਂਕਣ ਦੀ ਲੋੜ ਹੈ ਕਿਉਂਕਿ:

– ਸਿੱਖਿਆ ਦੇ ਅਧਿਆਪਨ ਪੱਧਰ ਅਤੇ ਸਹਿ ਅਧਿਆਪਨ, ਦੋਨੋਂ ਪੱਖਾਂ ਦਾ ਨਿਰਧਾਰਨ ਕਰਕੇ ਇਹ ਬੱਚੇ ਦਾ ਸੰਪੂਰਨ ਪ੍ਰੋਫਾਇਲ ਦਿੰਦਾ ਹੈ।

- ਵਿਭਿੰਨ ਸੰਦਰਭਾਂ ਵਿੱਚ ਬੱਚਿਆਂ ਦੀਆਂ ਛੁਪੀਆਂ ਹੋਈਆਂ ਯੋਗਤਾਵਾਂ ਨੂੰ ਪਛਾਣਦਾ ਹੈ।

- ਬੱਚਿਆਂ ਦੀ ਉਪਲੱਬਧੀ ਦਾ ਪੱਧਰ ਉੱਚਾ ਕਰਨ ਦੀਆਂ ਪੱਧਤੀਆਂ ਪਛਾਣਦਾ ਹੈ।

- ਸਕੂਲਾਂ ਵਿੱਚ ਸੁਧਾਰ ਲਈ ਵਿਆਪਕ ਮੁਲਾਂਕਣ ਪ੍ਰੋਗਰਾਮ ਦੀ ਯੋਜਨਾ ਬਣਾਉਂਦਾ ਹੈ।

- ਨਿਰੰਤਰ ਅਤੇ ਵਿਆਪਕ ਮੁਲਾਂਕਣ ਲਈ ਢੁਕਵੇਂ ਯੰਤਰ ਅਤੇ ਤਕਨੀਕਾਂ ਦਾ ਸੁਝਾਅ ਦਿੰਦਾ ਹੈ।

- ਸਕੂਲ ਅਤੇ ਵਿਦਿਆਰਥੀਆਂ ਦੇ ਨਿਰੰਤਰ ਸੁਧਾਰ ਲਈ ਮੁਲਾਂਕਣ ਨੂੰ ਇੱਕ ਯੰਤਰ ਦੀ ਤਰ੍ਹਾਂ ਪ੍ਰਯੋਗ ਕਰਦਾ ਹੈ।

- ਸਕੂਲ ਦੇ ਪ੍ਰਸ਼ਾਸਕਾਂ, ਮਾਪਿਆਂ ਅਤੇ ਸਮੁਦਾਏ ਨੂੰ ਨਿਰੰਤਰ ਅਤੇ ਵਿਆਪਕ ਮੁਲਾਂਕਣ ਪ੍ਰਤੀ ਸੰਵੇਦਨਸ਼ੀਲ ਬਣਾਉਣ ਦੇ ਰਸਤੇ ਅਤੇ ਪੱਧਤੀਆਂ ਦਾ ਸੁਝਾਅ ਦਿੰਦਾ ਹੈ।

(ਸਰੋਤ: ਨਿਰੰਤਰ ਅਤੇ ਵਿਆਪਕ ਮੁਲਾਂਕਣ: ਅਧਿਆਪਕਾਂ ਲਈ ਮੈਨੂਅਲ, ਸੀ.ਬੀ.ਐੱਸ.ਈ. 2000)

ਸ਼ਬਦ 'ਨਿਰੰਤਰ' ਦਾ ਜ਼ੋਰ ਇਸ 'ਤੇ ਹੈ ਕਿ ਵਿਦਿਆਰਥੀ ਦੇ ਵਾਧੇ ਅਤੇ ਵਿਕਾਸ ਦੇ ਪਛਾਣੇ ਗਏ ਪੱਖਾਂ ਦਾ ਮੁਲਾਂਕਣ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ ਨਾ ਕਿ ਇੱਕ ਘਟਨਾ ਹੈ, ਇਹ ਅਧਿਆਪਨ ਸਿਖਲਾਈ ਦੀ ਪੂਰੀ ਪ੍ਰਕਿਰਿਆ ਵਿੱਚ ਮੌਜੂਦ ਹੈ ਅਤੇ ਅਕਾਦਮਿਕ ਸੈਸ਼ਨ ਦੇ ਪੂਰੇ ਸਮੇਂ ਵਿੱਚ ਫੈਲੀ ਹੋਈ ਹੈ। ਇਸ ਦਾ ਅਰਥ ਹੈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਵੈ ਮੁਲਾਂਕਣ ਲਈ ਨਿਰਧਾਰਨ ਦੀ ਨਿਯਮਤਤਾ, ਸਿਖਲਾਈ ਦੀਆਂ ਕਮੀਆਂ ਦਾ ਨਿਦਾਨ, ਸੁਧਾਰਾਤਮਕ ਕਾਰਜ ਦਾ ਉਪਯੋਗ, ਪੁਨਰ ਪਰੀਖਣ ਅਤੇ ਪ੍ਰਮਾਣ ਦਾ ਪੁਨਰਨਿਵੇਸ਼ਣ। ਸ਼ਬਦ 'ਵਿਆਪਕ' ਦਾ ਅਰਥ ਹੈ ਕਿ ਇਹ ਪ੍ਰਕਿਰਿਆ ਬੱਚਿਆਂ ਦੇ ਵਾਧੇ ਅਤੇ ਵਿਕਾਸ ਦੀਆਂ ਅਧਿਆਪਨ ਅਤੇ ਸਹਿ ਅਧਿਆਪਨ, ਦੋਨੋਂ ਪੱਖਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਹੈ ਕਿਉਂਕਿ ਯੋਗਤਾਵਾਂ, ਰੁਚੀਆਂ, ਮਨੋਵਿਰਤੀਆਂ ਅਤੇ ਅਨੁਵਿਰਤੀਆਂ ਨੂੰ ਵਿਭਿੰਨ ਰੂਪਾਂ ਅਤੇ ਕਿਰਿਆਵਾਂ ਵਿੱਚ ਦੇਖਿਆ ਜਾ ਸਕਦਾ ਹੈ। ਸ਼ਬਦ ਵਿਆਪਕ ਤੋਂ ਮਤਲਬ ਹੈ ਕਿ ਕਈ ਪ੍ਰਕਾਰ ਦੇ ਯੰਤਰ ਅਤੇ ਤਕਨੀਕਾਂ (ਪਰੀਖਣ ਅਤੇ ਗੈਰ ਪਰੀਖਣ) ਦਾ ਪ੍ਰਯੋਗ ਅਤੇ ਉਦੇਸ਼। ਵਿਦਿਆਰਥੀ ਦੀ ਸਿਖਲਾਈ ਵਿੱਚ ਵਿਕਾਸ ਦਾ ਨਿਰਧਾਰਨ ਜਿਵੇਂ ਕਿ ਗਿਆਨ, ਸਮਝ, ਲਾਗੂ ਕਰਨਾ, ਵਿਸ਼ਲੇਸ਼ਣ, ਮੁਲਾਂਕਣ, ਸਿਰਜਣ ਅਤੇ ਨਵਾਂਪਣ ਆਦਿ।

ਇਸ ਲਈ ਅਸੀਂ ਨਿਰੰਤਰ ਅਤੇ ਵਿਆਪਕ ਮੁਲਾਂਕਣ ਨੂੰ ਪ੍ਰਭਾਵਿਤ ਕਰ ਸਕਦੇ ਹਾਂ ਕਿ:

> ਨਿਰੰਤਰ ਅਤੇ ਵਿਆਪਕ ਮੁਲਾਂਕਣ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਵਿਭਿੰਨ ਖੇਤਰਾਂ ਵਿੱਚ ਜਿਵੇਂ ਮਾਨਸਿਕ, ਭਾਵਨਾਤਮਕ ਅਤੇ ਕਿਰਿਆਤਮਕ ਬੱਚਿਆਂ ਦੇ ਪੂਰਨ ਵਿਕਾਸ ਲਈ ਸਿਰਜਣਾਤਮਕ ਅਤੇ ਸੰਕਲਨਾਤਮਕ ਦੋਨੋਂ ਪ੍ਰਕਾਰ ਦੇ ਮੁਲਾਂਕਣ ਰਾਹੀਂ ਵਿਦਿਆਰਥੀਆਂ ਦੀ ਸਿਖਲਾਈ ਕਾਰਜਕੁਸ਼ਲਤਾ ਸੁਨਿਸ਼ਚਤ ਕੀਤੀ ਜਾਂਦੀ ਹੈ।

ਨਿਰੰਤਰ ਅਤੇ ਵਿਆਪਕ ਮੁਲਾਂਕਣ ਦੀਆਂ ਵਿਸ਼ੇਸ਼ਤਾਵਾਂ ਹਨ:

- ਇਹ ਬੱਚਿਆਂ ਦਾ ਸਕੂਲ ਆਧਾਰਿਤ ਮੁਲਾਂਕਣ ਹੈ। ਬੱਚਿਆਂ ਦੇ ਵਿਕਾਸ ਦੇ ਸਾਰੇ ਪੱਖਾਂ ਨੂੰ ਸ਼ਾਮਲ ਕਰਦਾ ਹੈ।

- ਨਿਰੰਤਰ ਅਤੇ ਵਿਆਪਕ ਮੁਲਾਂਕਣ ਦਾ 'ਨਿਰੰਤਰ' ਪੱਖ ਮੁਲਾਂਕਣ ਦੀ ਨਿਰੰਤਰਤਾ ਅਤੇ ਨਿਰਧਾਰਤ ਸਮੇਂ ਦਾ ਧਿਆਨ ਰੱਖਦਾ ਹੈ।

- ਨਿਰੰਤਰਤਾ ਤੋਂ ਮਤਲਬ ਹੈ ਕਿ ਅਧਿਆਪਨ ਦੇ ਸ਼ੁਰੂ ਅਤੇ ਅਧਿਆਪਨ ਕਾਰਜ ਦੇ ਦੌਰਾਨ ਸਿਰਜਣਾਤਮਕ ਮੁਲਾਂਕਣ ਗੈਰ ਰਸਮੀ ਰੂਪ ਨਾਲ ਮੁਲਾਂਕਣ ਦੀਆਂ ਬਹੁ ਤਕਨੀਕਾਂ ਦਾ ਪ੍ਰਯੋਗ ਕਰਕੇ ਕੀਤਾ ਜਾਂਦਾ ਹੈ।

- ਨਿਰਧਾਰਤ ਸਮੇਂ ਤੋਂ ਮਤਲਬ ਹੈ ਕਿ ਕਾਰਜਕੁਸ਼ਲਤਾ ਦਾ ਨਿਰਧਾਰਨ ਅਕਸਰ ਇਕਾਈ ਸੈਸ਼ਨ ਦੇ ਇੱਕ ਭਾਗ ਦੇ ਅੰਤ ਵਿੱਚ ਕੁਝ ਮਾਪਦੰਡਾਂ ਦਾ ਪ੍ਰਯੋਗ ਕਰਕੇ ਕੀਤਾ ਜਾਂਦਾ ਹੈ। (ਉਦੇਸ਼ਾਂ 'ਤੇ ਆਧਾਰਿਤ ਕਾਰਜਕੁਸ਼ਲਤਾ ਦੇ ਸਵੀਕਾਰ ਮਿਆਰਾਂ 'ਤੇ)

- ਨਿਰੰਤਰ ਅਤੇ ਵਿਆਪਕ ਮੁਲਾਂਕਣ ਦਾ ਵਿਆਪਕ ਭਾਗ ਬੱਚੇ ਦੇ ਵਿਅਕਤੀਤਵ ਦੇ ਹਰ ਭਾਗ ਦਾ ਧਿਆਨ ਰੱਖਦਾ ਹੈ। ਇਸ ਵਿੱਚ ਵਿਦਿਆਰਥੀ ਦੇ ਵਾਧੇ ਦੇ ਅਧਿਆਪਨ ਅਤੇ ਸਹਿ ਅਧਿਆਪਨ ਦੋਨੋਂ ਪੱਖ ਸ਼ਾਮਲ ਹਨ।

- ਸਿੱਖਿਆ ਪਹਿਲੂਆਂ ਵਿੱਚ ਨਿਰਧਾਰਨ ਰਸਮੀ ਅਤੇ ਗੈਰ ਰਸਮੀ ਵਿਧੀਆਂ ਤੋਂ ਮੁਲਾਂਕਣ ਦੀਆਂ ਬਹੁ ਤਕਨੀਕਾਂ ਦਾ ਪ੍ਰਯੋਗ ਕਰਕੇ ਲਗਾਤਾਰ ਅਤੇ ਕਈ ਵਾਰ ਨਿਰਧਾਰਤ ਸਮੇਂ 'ਤੇ ਕੀਤਾ ਜਾਂਦਾ ਹੈ। ਨਿਦਾਨਾਤਮਕ ਮੁਲਾਂਕਣ ਇੱਕ ਇਕਾਈ ਜਾਂ ਸੈਸ਼ਨ ਦੇ ਇੱਕ ਭਾਗ ਦੇ ਅੰਤ ਵਿੱਚ ਇੱਕ ਟੈਸਟ ਦੇ ਰੂਪ ਵਿੱਚ ਹੁੰਦਾ ਹੈ। ਨਿਦਾਨਾਤਮਕ ਪਰੀਖਣਾਂ ਦਾ ਪ੍ਰਯੋਗ ਕਰ ਕੇ ਨਿਮਨ ਕਾਰਜਕੁਸ਼ਲਤਾ ਅਤੇ ਨਿਮਨ ਕਾਰਜਕੁਸ਼ਲਤਾ ਦੇ ਖੇਤਰਾਂ ਦਾ ਨਿਦਾਨ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਢੁਕਵੇਂ ਸਿੱਖਿਆ ਉਪਚਾਰ ਦੇ ਕੇ ਦੁਬਾਰਾ ਟੈਸਟ ਲਿਆ ਜਾਂਦਾ ਹੈ।

- ਸਹਿ ਸਿੱਖਿਆ ਖੇਤਰਾਂ ਦਾ ਨਿਰਧਾਰਨ ਬਹੁ ਤਕਨੀਕਾਂ ਦਾ ਪ੍ਰਯੋਗ ਕਰਕੇ ਪਛਾਣੇ ਗਏ ਵਰਗਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਜਦੋਂਕਿ ਵਿਅਕਤੀਗਤ ਸਮਾਜਿਕ ਗੁਣਾਂ ਦਾ ਨਿਰਧਾਰਨ, ਨਿਰਧਾਰਨ ਅਤੇ ਚੈਕ ਲਿਸਟਾਂ ਦੇ ਸੂਚਕਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

(ਸਰੋਤ: ਪੁਜੀਸ਼ਨ ਪੇਪਰ, ਨੈਸ਼ਨਲ ਫੋਕਸ ਗਰੁੱਪ:ਅਗਜਾਮੀਨੇਸ਼ਨ ਰਿਫਾਰਮ, ਸਫਾ 25)

ਆਓ ਆਪਾਂ ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਉਦੇਸ਼ ਦੇਖੀਏ:

ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਉਦੇਸ਼ ਹਨ:

–ਵਿਦਿਆਰਥੀ ਦੇ ਵਿਅਕਤੀਤਵ ਦੇ ਮਾਨਸਿਕ, ਕਿਰਿਆਤਮਕ ਅਤੇ ਭਾਵਨਾਤਮਕ ਪੱਖਾਂ ਦੇ ਵਿਕਾਸ ਵਿੱਚ ਸਹਾਇਤਾ ਕਰਨਾ।

–ਵਿਚਾਰ ਕਰਨ ਦੀ ਪ੍ਰਕਿਰਿਆ 'ਤੇ ਜ਼ੋਰ ਦੇਣਾ ਜਾਂ ਕਰਨ ਦੀ ਪ੍ਰਕਿਰਿਆ 'ਤੇ ਦਬਾਅ ਘੱਟ ਕਰਨਾ।

–ਮੁਲਾਂਕਣ ਨੂੰ ਅਧਿਆਪਨ ਸਿਖਲਾਈ ਪ੍ਰਕਿਰਿਆ ਦਾ ਇੱਕ ਜ਼ਰੂਰੀ ਭਾਗ ਬਣਾਉਣਾ।

–ਮੁਲਾਂਕਣ ਨੂੰ ਵਿਦਿਆਰਥੀਆਂ ਦੇ ਨਿਯਮਤ ਨਿਦਾਨ ਅਤੇ ਉਪਚਾਰਾਤਮਕ ਪਰੀਖਣ ਦੇ ਆਧਾਰ 'ਤੇ ਉਪਲੱਬਧੀ ਅਤੇ ਅਧਿਆਪਨ ਸਿਖਲਾਈ ਵਿਧੀਆਂ ਦੇ ਸੁਧਾਰ ਲਈ ਪ੍ਰਯੋਗ ਕਰਨਾ।

-ਮੁਲਾਂਕਣ ਨੂੰ ਅਸਲ ਕਾਰਜਕੁਸ਼ਲਤਾ ਅਤੇ ਇਛੁੱਕ ਕਾਰਜਕੁਸ਼ਲਤਾ ਦੇ ਵਿਚਕਾਰ ਰਹਿ ਗਈਆਂ ਕਮੀਆਂ ਨੂੰ ਦੂਰ ਕਰਨ ਲਈ ਗੁਣਵੱਤਾ ਨਿਯੰਤਰਣ ਯੰਤਰ ਦੀ ਤਰ੍ਹਾਂ ਪ੍ਰਯੋਗ ਕਰਨਾ ਅਤੇ ਕਾਰਜਕੁਸ਼ਲਤਾ ਦਾ ਇੱਕ ਇਛੁੱਕ ਪੱਧਰ ਰੱਖਣ ਲਈ ਵੀ।

-ਵਿਦਿਆਰਥੀ, ਸਿਖਲਾਈ ਦੀ ਪ੍ਰਕਿਰਿਆ ਅਤੇ ਸਿਖਲਾਈ ਵਾਤਾਵਰਣ ਦੇ ਬਾਰੇ ਵਿੱਚ ਢੁਕਵੇਂ ਫ਼ੈਸਲੇ ਲੈਣ ਲਈ।

-ਸਿਖਲਾਈ ਪ੍ਰਕਿਰਿਆ ਨੂੰ ਇੱਕ ਸਿਖਲਾਈ ਕੇਂਦਰਿਤ ਕਿਰਿਆ ਬਣਾਉਣ ਲਈ।

(ਸਰੋਤ:ਨਿਰੰਤਰ ਅਤੇ ਵਿਆਪਕ ਮੁਲਾਂਕਣ, ਅਧਿਆਪਕਾਂ ਲਈ ਮੈਨੂਅਲ, ਸੀ.ਬੀ.ਐੱਸ.ਈ. 2010)

ਬਾਕਸ 13.5 ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਉਦੇਸ਼

ਇਸ ਪ੍ਰਕਾਰ ਨਾਲ ਅਸੀਂ ਕਹਿ ਸਕਦੇ ਹਾਂ ਕਿ ਨਿਰੰਤਰ ਅਤੇ ਵਿਆਪਕ ਮੁਲਾਂਕਣ ਦਾ ਜ਼ੋਰ ਸਿੱਖਿਆਰਥੀਆਂ ਦੀ ਉਨ੍ਹਾਂ ਦੇ ਮਾਨਸਿਕ, ਭਾਵਨਾਤਮਕ, ਸਰੀਰਿਕ ਅਤੇ ਸਮਾਜਿਕ ਵਿਕਾਸ ਨੂੰ ਸੁਨਿਸ਼ਚਤ ਕਰਕੇ ਲਗਾਤਾਰ ਵਾਧੇ 'ਤੇ ਹੁੰਦਾ ਹੈ। ਇਸ ਲਈ ਉਹ ਸਿੱਖਿਆਰਥੀ ਦੀਆਂ ਕੇਵਲ ਸਿੱਖਿਆ ਉਪਲੱਬਧੀਆਂ ਦੇ ਨਿਰਧਾਰਨ ਤੱਕ ਸੀਮਿਤ ਨਹੀਂ ਹੁੰਦਾ। ਨਿਰੰਤਰ ਅਤੇ ਵਿਆਪਕ ਮੁਲਾਂਕਣ ਨਿਰਧਾਰਨ ਦਾ ਪ੍ਰਯੋਗ ਅਧਿਆਪਕਾਂ ਅਤੇ ਸਿੱਖਿਆਰਥੀਆਂ ਨੂੰ ਫੀਡਬੈਕ ਦੇਣ ਦਾ ਕੰਮ ਕਰਦਾ ਹੈ ਤਾਂ ਕਿ ਉਹ ਸਿਖਲਾਈ ਨੂੰ ਬਿਹਤਰ ਬਣਾਉਣ ਲਈ ਢੁਕਵੇਂ ਉਪਰਾਲਿਆਂ ਵਿੱਚ ਤਬਦੀਲੀ ਕਰ ਸਕਣ। ਇਹ ਬੱਚਿਆਂ ਨੂੰ ਪ੍ਰੇਰਣਾ ਵੀ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦੇ ਪ੍ਰੋਫਾਇਲ ਦੀ ਵਿਆਪਕ ਤਸਵੀਰ ਦਿੰਦਾ ਹੈ।

ਈ-4 ਇੱਕ ਅਧਿਆਪਕ ਹੋਣ ਦੇ ਨਾਤੇ, ਆਪਣੇ ਵਿਦਿਆਰਥੀਆਂ ਦਾ ਮੁਲਾਂਕਣ ਕਰਦੇ ਹੋਏ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ।

13.4.2 ਨਿਰੰਤਰ ਅਤੇ ਵਿਆਪਕ ਮੁਲਾਂਕਣ ਲਈ ਮਾਤਰਾਤਮਕ ਅਤੇ ਗੁਣਾਤਮਕ ਅੰਕੜਿਆਂ ਦਾ ਉਪਯੋਗ

ਮੁਲਾਂਕਣ ਦੀਆਂ ਵਿਧੀਆਂ ਅਤੇ ਜੋ ਅੰਕੜੇ ਉਨ੍ਹਾਂ ਤੋਂ ਪ੍ਰਾਪਤ ਹੁੰਦੇ ਹਨ, ਉਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

ਮਾਤਰਾਤਮਕ ਅਤੇ ਗੁਣਾਤਮਕ। ਆਮ ਤੌਰ 'ਤੇ ਮਾਤਰਾਤਮਕ ਵਿਧੀਆਂ 'ਸਪੱਸ਼ਟ ਸੰਖਿਆ' ਦਿੰਦੀ ਹੈ ਜਦੋਂਕਿ ਗੁਣਾਤਮਕ ਵਿਧੀਆਂ ਰਾਹੀਂ ਵਰਣਨਾਤਮਕ ਅੰਕੜੇ ਪ੍ਰਾਪਤ ਹੁੰਦੇ ਹਨ। ਅਕਸਰ ਜੋ ਵਿਧੀਆਂ ਤੁਸੀਂ ਪ੍ਰਯੋਗ ਕਰਦੇ ਹੋ ਉਹ ਮੁਲਾਂਕਣ ਦੇ ਉਦੇਸ਼ਾਂ ਅਤੇ ਬਣਾਏ ਅਤੇ ਪ੍ਰਯੋਗ ਕੀਤੇ ਗਏ ਸਰੋਤਾਂ ਰਾਹੀਂ ਨਿਰਧਾਰਤ ਕੀਤੀ ਜਾਂਦੀ ਹੈ। ਅਧਿਆਪਕ ਕੀ ਕਰਦੇ ਹਨ ? 'ਉਨ੍ਹਾਂ ਨੂੰ ਸੰਖਿਆ ਵੀ ਚਾਹੀਦੀ ਹੈ ਅਤੇ ਸੰਖਿਆ ਦੀ ਵਿਆਖਿਆ ਦਾ ਵਰਣਨ ਵੀ।' ਇਸ ਲਈ ਮਾਤਰਾਤਮਕ ਅਤੇ ਗੁਣਾਤਮਕ ਦੋਨੋਂ ਤਕਨੀਕਾਂ ਬੱਚਿਆਂ ਦੀ ਸਿਖਲਾਈ ਦੇ ਵਿਭਿੰਨ ਪੱਖਾਂ ਦੇ ਬਾਰੇ ਵਿੱਚ ਵਿਸ਼ਾਲ ਅਤੇ ਜ਼ਿਆਦਾ ਵਿਆਪਕ ਸਮਝ ਪ੍ਰਦਾਨ ਕਰਦੇ ਹਨ।

ਬੁਨਿਆਦੀ ਪੱਧਰ 'ਤੇ ਅੰਕੜਿਆਂ ਨੂੰ ਮਾਤਰਾਤਮਕ ਸਮਝਿਆ ਜਾਂਦਾ ਹੈ ਜੇਕਰ ਉਹ ਸੰਖਿਆਵਾਂ ਵਿੱਚ ਦਿੱਤੇ ਗਏ ਹੁੰਦੇ ਹਨ ਅਤੇ ਗੁਣਾਤਮਕ ਜਦੋਂ ਉਹ ਸ਼ਬਦਾਂ ਵਿੱਚ ਦਿੱਤੇ ਗਏ ਹੁੰਦੇ ਹਨ, ਪਰ ਗੁਣਾਤਮਕ ਅੰਕੜਿਆਂ ਵਿੱਚ ਚਿੱਤਰ, ਵੀਡਿਓ, ਆਡਿਓ ਰਿਕਾਰਡਿੰਗ ਅਤੇ ਹੋਰ ਅਲਿਖਤੀ ਅੰਕੜੇ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਜਦੋਂ ਤੁਸੀਂ ਕਹਿੰਦੇ ਹੋ ਪੰਜਵੀਂ ਕਲਾਸ ਵਿੱਚ 'ਸੋਮਾ ਦੇ ਗਣਿਤ ਵਿੱਚ 100 ਵਿੱਚੋਂ 80 ਅੰਕ ਆਏ ਹਨ।' ਇਹ ਗਣਿਤ ਵਿੱਚ ਸੋਮਾ ਦੀ ਉਪਲੱਬਧੀ

ਦਾ ਮਾਤਰਾਤਮਕ ਚਿਤਰਣ ਕਰਦਾ ਹੈ, ਪਰ ਜਦੋਂ ਤੁਸੀਂ ਕਹਿੰਦੇ ਹੋ, 'ਟੀਪੂ ਨ੍ਰਿਤ ਕਰਨ ਵਿੱਚ ਚੰਗਾ ਹੈ' ਜਾਂ 'ਮਹੇਸ਼ ਦੀ ਲਿਖਾਈ ਬਿਹਤਰੀਨ ਹੈ' ਜਾਂ 'ਗੀਤ ਗਾਉਂਦੇ ਹੋਏ ਅਕਸ਼ੈ ਸਾਰਿਆਂ ਨੂੰ ਆਕਰਸ਼ਿਤ ਕਰਦਾ ਹੈ।' ਇਹ ਬੱਚਿਆਂ ਦੇ ਬਾਰੇ ਵਿੱਚ ਗੁਣਾਤਮਕ ਸੂਚਨਾ ਪ੍ਰਦਾਨ ਕਰਦਾ ਹੈ। ਅੰਕੜੇ ਇਕੱਠੇ ਕਰਨ ਦੀਆਂ ਵਿਭਿੰਨ ਵਿਧੀਆਂ ਹਨ। ਕੁਝ ਵਿਧੀਆਂ ਮਾਤਰਾਤਮਕ ਅੰਕੜੇ ਪ੍ਰਦਾਨ ਕਰਦੀਆਂ ਹਨ ਅਤੇ ਕੁਝ ਗੁਣਾਤਮਕ। ਮਾਤਰਾਤਮਕ ਵਿਧੀਆਂ (ਉਦਾਹਰਨ, ਪ੍ਰਯੋਗ, ਪ੍ਰਸ਼ਨਾਵਲੀ, ਸਾਈਕਰੋਮੈਟ੍ਰਿਕ ਪਰੀਖਣ ਆਦਿ) ਜੋ ਕਿ ਸੰਖਿਆਵਾਂ ਅਤੇ ਦਰ 'ਤੇ ਕੇਂਦਰਿਤ ਹੁੰਦੀ ਹੈ ਨਾ ਕਿ ਅਰਥ 'ਤੇ ਅਤੇ ਅਨੁਭਵ, ਉਹ ਸੂਚਨਾ ਪ੍ਰਦਾਨ ਕਰਦਾ ਹੈ ਜਿਸਦਾ ਸੰਖਿਆ ਪ੍ਰਯੋਗ ਕਰਕੇ ਆਸਾਨੀ ਨਾਲ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਕਾਫ਼ੀ ਸੀਮਾ ਅਤੇ ਭਰੋਸੇਯੋਗ ਹੁੰਦਾ ਹੈ, ਪਰ ਗਹਿਰਾਈ ਤੱਕ ਵਰਣਨ ਨਹੀਂ ਕਰ ਪਾਉਂਦਾ।

ਗੁਣਾਤਮਕ ਵਿਧੀਆਂ ਜਿਵੇਂ ਕਿ ਕੇਸ ਅਧਿਐਨ ਜਾਂ ਇੰਟਰਵਿ↔ ਆਦਿ ਜਿਨ੍ਹਾਂ ਦਾ ਸਬੰਧ ਅਰਥ ਦਾ ਵਰਨਨ ਕਰਨ ਦੇ ਨਾਲ ਹੈ, ਇਸ ਦੀ ਬਜਾਏ ਕਿ ਸੰਖਿਅਕੀ ਨਤੀਜੇ ਦਿੱਤੇ ਜਾਣ, ਇਹ ਗੰਭੀਰ ਅਤੇ ਵਿਸ਼ਾਲ ਵਰਣਨ ਦਿੰਦੀ ਹੈ, ਪਰ ਪ੍ਰਾਕਿਰਤੀ ਵਿੱਚ ਵਿਸ਼ਾਪੂਰਕ ਹੁੰਦੀ ਹੈ। ਮਾਤਰਾਤਮਕ ਅਤੇ ਗੁਣਾਤਮਕ ਅੰਕੜਿਆਂ ਨੂੰ ਇਕੱਤਰ ਅਤੇ ਵਿਸ਼ਲੇਸ਼ਣ ਕਰਨ ਲਈ ਵਿਭਿੰਨ ਯੰਤਰ ਅਤੇ ਤਕਨੀਕਾਂ ਹੇਠ ਦਿੱਤੀ ਗਈ ਸਾਰਣੀ 13.3 ਵਿੱਚ ਦਿੱਤੇ ਗਏ ਹਨ।

ਸਾਰਣੀ 13.3 ਮਾਤਰਾਤਮਕ ਅਤੇ ਗੁਣਾਤਮਕ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਲਈ ਯੰਤਰ ਅਤੇ ਤਕਨੀਕਾਂ

| ਮਾਤਰਾਤਮਕ | ਗੁਣਾਤਮਕ |
|---|---|
| • ਉਪਲੱਬਧੀ ਟੈਸਟ<br>• ਸਰਵੇਖਣ<br>• ਪ੍ਰਸ਼ਨਾਵਲੀ<br>• ਪਹਿਲਾਂ/ਬਾਅਦ ਟੈਸਟ<br>ਉਪਲੱਬਧ ਡੈਟਾ ਬੇਸ | • ਪ੍ਰੇਖਣ, ਇੰਟਰਵਿਊ, ਪੋਰਟਫੋਲਿਓ, ਕੇਸ ਅਧਿਐਨ, ਪ੍ਰਾਜੈਕਟ,<br>• ਕਾਰਜ ਕੇਂਦਰਿਤ ਸਮੂਹ ਚਰਚਾ<br>• ਖੇਤਰ ਨੋਟਸ, ਡਾਇਰੀ<br>• ਵੀਡਿਓ, ਆਡਿਓ ਰਿਕਾਰਡਿੰਗ, ਚਿੱਤਰ<br>ਦਸਤਾਵੇਜ਼ (ਰਿਪੋਰਟ, ਸਭਾ ਦੇ ਮਿੰਟ ਆਦਿ) |

ਮਾਤਰਾਤਮਕ ਅਤੇ ਗੁਣਾਤਮਕ ਅੰਕੜੇ ਕਿਸ ਪ੍ਰਕਾਰ ਨਾਲ ਭਿੰਨ ਹਨ ?

ਮਾਤਰਾਤਮਕ ਅਤੇ ਗੁਣਾਤਮਕ ਅੰਕੜਿਆਂ ਵਿੱਚ ਅੰਤਰ ਨਿਮਨਲਿਖਤ ਸਾਰਣੀ 13.4 ਵਿੱਚ ਦਿੱਤੇ ਗਏ ਹਨ।

ਸਾਰਣੀ 13.4 ਮਾਤਰਾਤਮਕ ਅਤੇ ਗੁਣਾਤਮਕ ਅੰਕੜਿਆਂ ਵਿੱਚ ਅੰਤਰ

| ਮਾਤਰਾਤਮਕ ਅੰਕੜੇ | ਗੁਣਾਤਮਕ ਅੰਕੜੇ |
|---|---|
| ਵਿਆਖਿਆ ਕਰਦੇ ਹਨ 'ਕੌਣ', 'ਕੀ', 'ਕਿੱਥੇ', 'ਕਿੰਨਾ' ਅਤੇ 'ਕਿੰਨੇ'। | ਵਰਣਨ ਕਰਦੇ ਹਨ 'ਕਿਵੇਂ' ਅਤੇ 'ਕਿਉਂ' |
| ਸੰਖਿਆਵਾਂ ਦੇ ਨਾਲ ਕੰਮ ਕਰਦੇ ਹਨ। | ਵਰਣਨ ਦੇ ਨਾਲ ਕੰਮ ਕਰਦੇ ਹਨ। |
| ਅੰਕੜਿਆਂ ਨੂੰ ਸਹੀ ਸਹੀ ਦੇਖਿਆ ਅਤੇ ਮਾਪਿਆ ਜਾ ਸਕਦਾ ਹੈ। | ਅੰਕੜਿਆਂ ਦਾ ਪ੍ਰੇਖਣ ਕਰਕੇ ਲਗਪਗ/ਅਪ੍ਰਤੱਖ ਵਿਧੀ ਨਾਲ ਨਿਰਧਾਰਨ ਕੀਤਾ ਜਾ ਸਕਦਾ ਹੈ। |
| ਭਾਰੀ ਮਾਤਰਾ ਵਿੱਚ ਉੱਤਰ ਦੇਣ ਵਾਲਿਆਂ ਨਾਲ ਸਰਵੇਖਣ ਰਾਹੀਂ ਇਕੱਤਰ ਕੀਤੇ ਜਾਂਦੇ ਹਨ। | ਅੰਕੜੇ ਵਿਅਕਤੀ ਜਾਂ ਉੱਤਰ ਦੇਣ ਵਾਲਿਆਂ ਦੇ ਸਮੂਹ ਨਾਲ ਇਕੱਤਰ ਕੀਤੇ ਜਾਂਦੇ ਹਨ। |
| ਇਹ ਉਦੋਂ ਉਪਯੋਗੀ ਹੁੰਦੇ ਹਨ ਜਦੋਂ ਜ਼ਰੂਰੀ ਸੂਚਨਾ ਦੇ ਟੁਕੜਿਆਂ ਨੂੰ ਗਣਿਤੀ ਵਿਧੀ ਨਾਲ ਗਿਣਿਆ ਜਾ ਸਕਦਾ ਹੈ ਅਤੇ ਸੰਖਿਆ ਦਾ ਪ੍ਰਯੋਗ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। | ਇਹ ਉਦੋਂ ਉਪਯੋਗੀ ਹੁੰਦਾ ਹੈ ਜਦੋਂ ਇੱਕ ਵਿਸ਼ੇਸ਼ ਵਿਸ਼ੇ 'ਤੇ ਵਿਆਪਕ ਸਮਝ ਅਤੇ ਵਰਣਨ ਦੀ ਲੋੜ ਹੁੰਦੀ ਹੈ ਜਿਸ ਲਈ ਕੇਵਲ ਮਾਤਰਾਤਮਕ ਅੰਕੜੇ ਢੁਕਵੇਂ ਨਹੀਂ ਹੁੰਦੇ। |
| ਇਸ ਦਾ ਪ੍ਰਯੋਗ ਉਦੋਂ ਹੁੰਦਾ ਹੈ ਜਦੋਂ ਬਿਲਕੁਲ ਸਹੀ ਅਤੇ ਸਟੀਕ ਅੰਕੜਿਆਂ ਦੀ ਲੋੜ ਹੁੰਦੀ ਹੈ। | ਜਦੋਂ ਸੂਚਨਾ ਇਸ 'ਤੇ ਚਾਹੀਦੀ ਹੈ ਕਿ ਵਿਦਿਆਰਥੀ ਇੱਕ ਵਿਸ਼ੇਸ਼ ਸਥਿਤੀ ਦੇ ਬਾਰੇ ਵਿੱਚ ਕੀ ਸੋਚਦੇ ਹਨ ਅਤੇ ਉਨ੍ਹਾਂ ਦੀਆਂ ਤਰਜੀਹਾਂ ਕੀ ਹਨ ? ਇਹ ਜਾਣਨ ਲਈ ਵੀ ਉਪਯੋਗੀ ਹੈ ਕਿ ਵਿਦਿਆਰਥੀ ਇੱਕ ਵਿਸ਼ੇਸ਼ ਪ੍ਰਕਾਰ ਦਾ ਵਿਵਹਾਰ ਕਿਉਂ ਕਰਦੇ ਹਨ। |
| ਉਦੇਸ਼, ਭਰੋਸੇਯੋਗਤਾ ਅਤੇ ਸਮਾਨੀਕਰਨ ਦੀ ਯੋਗਤਾ ਸੁਨਿਸ਼ਚਤ ਕਰਦਾ ਹੈ, ਪਰ ਗਹਿਰਾ ਵਿਵਰਣ ਕਦੇ ਕਦੇ ਹੀ ਦੇ ਪਾਉਂਦਾ ਹੈ। | ਇਸ ਦਾ ਸਮਾਨੀਕਰਨ ਨਹੀਂ ਕੀਤਾ ਜਾ ਸਕਦਾ। |
| ਇੱਕ ਹੀ ਤੰਤਰ ਨਾਲ ਸੰਦਰਭ ਦੇ ਨਿਰਪੱਖ ਅੰਕੜੇ ਪੈਦਾ ਕੀਤੇ ਜਾ ਸਕਦੇ ਹਨ। | ਗੁਣਾਤਮਕ ਅੰਕੜਿਆਂ ਵਿੱਚ ਸੰਦਰਭ ਮਹੱਤਵਪੂਰਨ ਹੈ। |

ਜੇਕਰ ਕਈ ਸਰੋਤਾਂ ਤੋਂ ਅੰਕੜੇ ਇਕੱਤਰ ਕੀਤੇ ਜਾਣ ਤਾਂ ਸਿਖਲਾਈ ਦੇ ਬਾਰੇ ਵਿੱਚ ਫੈਸਲੇ ਵਿਸ਼ਾਲ ਹੁੰਦੇ ਹਨ ਅਤੇ ਹਰ ਬੱਚੇ ਲਈ ਨਤੀਜਾ ਚੰਗਾ ਆਉਂਦਾ ਹੈ। ਬਹੁ ਸਰੋਤਾਂ ਵਿੱਚ ਸ਼ਾਮਲ ਹੈ।ਆਮ ਸਿਰਜਣਾਤਮਕ ਅਤੇ ਸੰਕਲਨਾਤਮਕ ਨਿਰਧਾਰਨ, ਕਾਰਜਕੁਸ਼ਲਤਾ ਨਿਰਧਾਰਨ, ਪ੍ਰੇਖਣ, ਕਾਰਜ ਦੇ ਨਮੂਨੇ, ਪੋਰਟਫੋਲਿਓ ਕਾਰਜ, ਪ੍ਰਾਜੈਕਟ ਅਤੇ ਸਵੈ ਰਿਪੋਰਟ ਆਦਿ। ਬਹੁ ਸਰੋਤੀ ਅੰਕੜੇ ਬੱਚਿਆਂ ਦਾ ਇੱਕ ਸੰਤੁਲਿਤ ਅਤੇ ਸਿਖਲਾਈ ਵਿਸ਼ਲੇਸ਼ਣ ਪ੍ਰਦਾਨ ਕਰਦੇ ਹਨ ਜੋ ਕਿ ਇਕੱਤਰ ਪ੍ਰਕਾਰ ਜਾਂ ਅੰਕੜੇ ਦਾ ਸਰੋਤ ਨਹੀਂ ਦੇ ਪਾਉਂਦਾ। ਤੁਹਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਕੇਵਲ ਫੈਸਲੇ ਲੈਣ ਅਤੇ ਪ੍ਰਭਾਵ ਵਧਾਉਣ ਲਈ ਕੁਝ ਨਹੀਂ ਕਰ ਸਕਦੇ। ਅੰਕੜਿਆਂ ਦਾ ਵਿਸ਼ਲੇਸ਼ਣ ਅਤੇ ਦੁਬਾਰਾ ਤੋਂ ਜਾਂਚ ਸਿਖਲਾਈ ਦੇ ਬਾਰੇ ਵਿੱਚ ਫੈਸਲੇ ਲੈਣ ਲਈ ਜ਼ਰੂਰੀ ਹੈ।

13.5 ਸਾਰਾਂਸ਼

- ਮਾਪਣ ਇਹ ਪ੍ਰਕਿਰਿਆ ਹੈ ਜਿਸ ਰਾਹੀਂ ਕਿਸੇ ਵਸਤੂ ਜਾਂ ਘਟਨਾ ਦੀਆਂ ਵਿਸ਼ੇਸ਼ਤਾਵਾਂ ਜਾਂ ਪੱਖਾਂ ਨੂੰ ਮਾਤਰਾ ਪ੍ਰਦਾਨ ਕੀਤੀ ਜਾਂਦੀ ਹੈ।

- ਨਿਰਧਾਰਨ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਕਿਸੇ ਜਾਣੀ ਪਛਾਣੀ ਵਸਤੂ ਜਾਂ ਉਦੇਸ਼ ਦੇ ਬਾਰੇ ਵਿੱਚ ਸੂਚਨਾ ਪ੍ਰਾਪਤ ਕੀਤੀ ਜਾਂਦੀ ਹੈ।

- ਮੁਲਾਂਕਣ ਤੋਂ ਮਤਲਬ ਹੈ ਕਿਸੇ ਘਟਨਾ 'ਤੇ ਮੁਲਾਤਮਕ ਫੈਸਲਾ ਲੈਣਾ, ਉਸ ਬਾਰੇ ਇੱਕ ਨਿਸ਼ਚਤ ਸਮੇਂ ਵਿੱਚ ਇਕੱਤਰ ਕੀਤੀਆਂ ਗਈਆਂ ਗੁਣਾਤਮਕ ਸੂਚਨਾਵਾਂ ਦੇ ਆਧਾਰ 'ਤੇ।

- ਪੂਰੀ ਕਲਾਸ ਦੀ ਪ੍ਰਕਿਰਿਆ ਦੇ ਤਿੰਨ ਮੁੱਖ ਹਿੱਸੇ ਹੁੰਦੇ ਹਨ ਜਿਵੇਂ (1) ਇਛੁੱਕ ਸਿਖਲਾਈ ਉਦੇਸ਼ ਤੈਅ ਕਰਨਾ (2) ਕਲਾਸ ਕਾਰਜਕੁਸ਼ਲਤਾ ਦੀ ਯੋਜਨਾ ਬਣਾਕੇ ਆਯੋਜਿਤ ਕਰਨਾ (3) ਸਿਖਲਾਈ ਵਿੱਚ ਬੱਚਿਆਂ ਦੀ ਪ੍ਰਗਤੀ ਦਾ ਨਿਰਧਾਰਨ।

- ਇਛੁੱਕ ਸਿਖਲਾਈ ਉਦੇਸ਼ 'ਵਿਸ਼ੇਸ਼', 'ਮਾਪਣ ਯੋਗ', 'ਉਪਲੱਬਧੀ ਯੋਗ', 'ਵਾਸਤਵਿਕ' ਅਤੇ 'ਨਿਰਧਾਰਤ ਸਮੇਂ' ਵਿੱਚ ਪ੍ਰਾਪਤ ਹੋਣ ਯੋਗ ਹੋਣੇ ਚਾਹੀਦੇ ਹਨ।

- ਉਹ ਨਿਰਧਾਰਨ ਜੋ ਕਿ ਸਿਖਲਾਈ ਰਚਨਾਤਮਕ ਪੜਾਅ ਵਿੱਚ ਕੀਤਾ ਜਾਂਦਾ ਹੈ ਜਦੋਂਕਿ ਬੱਚਾ ਅਸਲ ਵਿੱਚ ਸਿਖਲਾਈ ਦੀ ਪ੍ਰਕਿਰਿਆ ਤੋਂ ਗੁਜ਼ਰ ਰਿਹਾ ਹੁੰਦਾ ਹੈ, ਉਸ ਨੂੰ ਸਿਰਜਣਾਤਮਕ ਨਿਰਧਾਰਨ ਕਹਿੰਦੇ ਹਨ। ਇਹ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ ਅਤੇ ਅਧਿਆਪਕ ਵੱਲੋਂ ਲਗਾਤਾਰ ਬੱਚਿਆਂ ਦੀ ਪ੍ਰਗਤੀ ਨਾ ਡਰਾਉਣ ਧਮਕਾਉਣ ਵਾਲੇ ਅਤੇ ਬਲ ਪ੍ਰਦਾਨ ਕਰਨ ਵਾਲੇ ਵਾਤਾਵਰਣ ਵਿੱਚ ਕੀਤੀ ਜਾਂਦੀ ਹੈ।

- ਇਸ ਪ੍ਰਕਾਰ ਦੀ ਸਿਖਲਾਈ ਵਿੱਚ ਬੱਚੇ ਖੁਦ ਵੀ ਸਵੈ ਨਿਰਧਾਰਨ ਜਾਂ ਸਹਿਪਾਠੀਆਂ (ਸਹਿਪਾਠੀਆਂ ਵੱਲੋਂ ਨਿਰਧਾਰਨ) ਰਾਹੀਂ ਪਰਖੇ ਜਾਂਦੇ ਹਨ। ਇਹ ਅਧਿਆਪਕ ਸਿਖਲਾਈ ਦੇ ਦੌਰਾਨ ਕੀਤਾ ਜਾਂਦਾ ਹੈ ਅਤੇ ਇਸ ਨਾਲ ਅਧਿਆਪਕਾਂ ਅਤੇ ਬੱਚਿਆਂ, ਦੋਨਾਂ ਨੂੰ ਫੀਡਬੈਕ ਮਿਲਦੀ ਹੈ।

- ਸੰਕਲਨਾਤਮਕ ਨਿਰਧਾਰਨ ਤੋਂ ਮਤਲਬ ਸਿਖਲਾਈ ਦੇ ਉਸ ਨਿਰਧਾਰਨ ਤੋਂ ਹੈ ਜੋ ਇੱਕ ਸਮੇਂ 'ਤੇ ਬੱਚਿਆਂ ਦੇ ਵਿਕਾਸ ਦਾ ਸਾਰ ਦਿੰਦਾ ਹੈ ਜਾਂ ਯੋਗ ਪ੍ਰਦਾਨ ਕਰਦਾ ਹੈ। ਇਹ ਬੱਚਿਆਂ ਦੇ ਸਿਖਲਾਈ ਨਿਰਧਾਰਨ (ਜਾਂ ਗ੍ਰੇਡਿੰਗ, ਰੈਕਿੰਗ) ਇੱਕ ਸਮੇਂ 'ਤੇ ਕੀਤੀ ਜਾਣ ਵਾਲੀ ਪ੍ਰਕਿਰਿਆ ਹੈ। ਅਧਿਆਪਕ ਸਿਖਲਾਈ ਪ੍ਰਕਿਰਿਆ ਵਿੱਚ ਸੰਕਲਨਾਤਮਕ ਨਿਰਧਾਰਨ ਅਕਸਰ ਕਿਸੇ ਕੋਰਸ ਜਾਂ ਟਰਮ ਦੇ ਅੰਤ ਵਿੱਚ ਕੀਤਾ ਜਾਂਦਾ ਹੈ ਅਤੇ ਬੱਚਿਆਂ ਨੂੰ ਇਹ ਗ੍ਰੇਡ ਦਿੱਤੇ ਜਾਂਦੇ ਹਨ, ਇਹ ਨਿਰਧਾਰਿਤ ਕਰਨ ਲਈ ਕਿ ਉਨ੍ਹਾਂ ਨੇ ਪੂਰੇ ਕੋਰਸ ਤੋਂ ਕਿੰਨਾ ਸਿੱਖਿਆ ਹੈ ਅਤੇ ਕੀ ਉਨ੍ਹਾਂ ਨੇ ਨਿਰਧਾਰਤ ਸਿੱਖਿਆ ਪੱਧਰਾਂ ਨੂੰ ਪ੍ਰਾਪਤ ਕੀਤਾ ਹੈ ਜਾਂ ਨਹੀਂ। ਸੰਕਲਨਾਤਮਕ ਨਿਰਧਾਰਨ ਰਸਮੀ ਰੂਪ ਨਾਲ ਆਯੋਜਿਤ ਕੀਤੇ ਜਾਂਦੇ ਹਨ ਅਤੇ ਕੁਇਜ਼, ਲੇਖ, ਟੈਸਟ ਜਾਂ ਪ੍ਰਾਜੈਕਟਾਂ ਦੇ ਰੂਪ ਵਿੱਚ ਹੋ ਸਕਦੇ ਹਨ।

- ਨਿਰੰਤਰ ਅਤੇ ਵਿਆਪਕ ਮੁਲਾਂਕਣ ਵਿੱਚ 'ਸ਼ਬਦ' ਨਿਰੰਤਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਬੱਚੇ ਦਾ ਵਾਧਾ ਅਤੇ ਵਿਕਾਸ ਦੇ ਪਛਾਣੇ ਹੋਏ ਪੱਖਾਂ ਦਾ ਮੁਲਾਂਕਣ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ ਨਾ ਕਿ ਇੱਕ ਘਟਨਾ ਹੈ, ਇਹ ਪੂਰੀ ਸਿਖਲਾਈ ਅਧਿਆਪਨ ਪ੍ਰਕਿਰਿਆ ਵਿੱਚ ਮੌਜੂਦ ਹੈ ਅਤੇ ਅਕਾਦਮਿਕ ਸੈਸ਼ਨ ਦੇ ਪੂਰੇ ਸਮੇਂ ਵਿੱਚ ਫੈਲਿਆ ਹੋਇਆ ਹੁੰਦਾ ਹੈ। ਇਸ ਦਾ ਅਰਥ ਹੈ ਨਿਰੰਤਰ ਨਿਰਧਾਰਨ ਨਿਯਮਤਤਾ, ਇਕਾਈ ਟੈਸਟ ਦੀ ਫੀਡਬੈਕ, ਸਿਖਲਾਈ ਦੀਆਂ ਕਮੀਆਂ ਦਾ ਨਿਦਾਨ, ਉਪਚਾਰਤਮਕ ਕਾਰਜਾਂ ਦਾ ਪ੍ਰਯੋਗ, ਪੁਨਰਨਿਰੀਖਣ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਵੈ

ਮੁਲਾਂਕਣ ਲਈ ਫੀਡਬੈਕ। ਵਿਆਪਕ ਸ਼ਬਦ ਤੋਂ ਮਤਲਬ ਹੈ ਕਿ ਮੁਲਾਂਕਣ ਦੀ ਇਹ ਪ੍ਰਕਿਰਿਆ ਬੱਚਿਆਂ ਦੇ ਵਾਧੇ ਅਤੇ ਵਿਕਾਸ ਦੇ ਦੋਨੋਂ ਪੱਖਾਂ ਮਤਲਬ ਕਿ ਸਿੱਖਿਆ ਅਤੇ ਸਹਿ ਸਿੱਖਿਆ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੀ ਹੈ।

- ਨਿਰੰਤਰ ਅਤੇ ਵਿਆਪਕ ਮੁਲਾਂਕਣ ਇਹ ਸੁਨਿਸ਼ਚਤ ਕਰਨ ਦੀ ਪ੍ਰਕਿਰਿਆ ਹੈ ਕਿ ਬੱਚਿਆਂ ਦੀ ਸਿਖਲਾਈ ਦੀ ਕਾਰਜਕੁਸ਼ਲਤਾ ਸਿਰਜਣਾਤਮਕ ਅਤੇ ਸੰਕਲਨਾਤਮਕ ਮੁਲਾਂਕਣ ਰਾਹੀਂ ਵਿਭਿੰਨ ਖੇਤਰਾਂ ਜਿਵੇਂ ਮਾਨਸਿਕ, ਭਾਵਨਾਤਮਕ ਅਤੇ ਕਿਰਿਆਤਮਕ ਵਿੱਚ ਹੋ ਰਿਹਾ ਹੈ ਜਿਸ ਨਾਲ ਬੱਚਿਆਂ ਦਾ ਸਾਰੇ ਤਰ੍ਹਾਂ ਦਾ ਸੰਪੂਰਨ ਵਿਕਾਸ ਹੋ ਰਿਹਾ ਹੈ।

- ਮੁਲਾਂਕਣ ਦੀਆਂ ਵਿਧੀਆਂ ਅਤੇ ਉਨ੍ਹਾਂ ਰਾਹੀਂ ਜੋ ਅੰਕੜੇ ਪ੍ਰਦਾਨ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਮੁੱਖ: ਦੋ ਵਰਗਾਂ ਵਿੱਚ ਰੱਖਿਆ ਜਾ ਸਕਦਾ ਹੈ। ਮਾਤਰਾਤਮਕ ਅਤੇ ਗੁਣਾਤਮਕ। ਆਮ ਤੌਰ 'ਤੇ ਮਾਤਰਾਤਮਕ ਵਿਧੀਆਂ ਨਾਲ 'ਸੰਖਿਆਵਾਂ' ਪ੍ਰਾਪਤ ਹੁੰਦੀਆਂ ਹਨ ਅਤੇ ਗੁਣਾਤਮਕ ਵਿਧੀਆਂ ਨਾਲ ਵਿਸਥਾਰਤ ਅੰਕੜੇ। ਮਾਤਰਾਤਮਕ ਅਤੇ ਗੁਣਾਤਮਕ ਦੋਨੋਂ ਤਕਨੀਕਾਂ ਬੱਚਿਆਂ ਦੇ ਸਿਖਲਾਈ ਦੇ ਵਿਭਿੰਨ ਪੱਖਾਂ ਦੇ ਬਾਰੇ ਵਿੱਚ ਵਿਸ਼ਾਲ ਅਤੇ ਸਿਖਲਾਈ ਵਿਆਪਕ ਸਮਾਂ ਪੈਦਾ ਕਰਦੇ ਹਨ। ਵਿਧੀਆਂ ਦਾ ਨਿਰਧਾਰਨ ਮੁਲਾਂਕਣ ਦੇ ਉਦੇਸ਼ਾਂ 'ਤੇ ਨਿਰਭਰ ਕਰਦਾ ਹੈ।

- ਮਾਤਰਾਤਮਕ ਵਿਧੀਆਂ (ਜਿਵੇਂ ਪ੍ਰਯੋਗ, ਪ੍ਰਸ਼ਨਾਵਲੀ ਅਤੇ ਸਾਇਕੋਮੈਟ੍ਰਿਕ ਟੈਸਟ ਆਦਿ) ਉਹ ਹਨ ਜੋ ਸੰਖਿਆਵਾਂ ਅਤੇ ਪ੍ਰਕਿਰਿਆਵਾਂ 'ਤੇ ਕੇਂਦਰਿਤ ਹਨ, ਅਰਥ ਜਾਂ ਅਨੁਭਵ 'ਤੇ ਨਹੀਂ ਅਤੇ ਉਹ ਸੂਚਨਾ ਪ੍ਰਦਾਨ ਕਰਦੇ ਹਨ ਜਿਸ ਦਾ ਸੰਖਿਆ ਰਾਹੀਂ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ, ਪਰ ਉਹ ਕਿਸੇ ਪ੍ਰਕਾਰ ਦਾ ਗਹਿਰਾ ਵਰਣਨ ਪ੍ਰਦਾਨ ਨਹੀਂ ਕਰ ਪਾਉਂਦੇ। ਗੁਣਾਤਮਕ ਵਿਧੀਆਂ (ਜਿਵੇਂ ਕੇਸ ਅਧਿਐਨ ਅਤੇ ਇੰਟਰਵਿਊ ਆਦਿ) ਅੰਕੜੇ ਇਕੱਠੇ ਕਰਨ ਦੀਆਂ ਉਹ ਵਿਧੀਆਂ ਹਨ ਜੋ ਅਰਥ ਵਰਣਨ ਕਰਦੀਆਂ ਹਨ, ਕੇਵਲ ਸੰਖਿਆ ਨਤੀਜੇ ਨਹੀਂ ਕੱਢਦੀਆਂ। ਇਨ੍ਹਾਂ ਨਾਲ ਗਹਿਰੀਆਂ ਅਤੇ ਵਿਸ਼ਾਲ ਸੂਚਨਾਵਾਂ ਮਿਲਦੀਆਂ ਹਨ ਜੋ ਕਿ ਪ੍ਰਕਿਰਤੀ ਵਿੱਚ ਵਿਸ਼ਾਪੂਰਕ ਹੁੰਦੀਆਂ ਹਨ।

13.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ: 1 ਸੁਮਨ ਟੀਚੇ ਦੀ ਪ੍ਰਾਪਤੀ ਲਈ ਇੱਕ ਟੈਸਟ ਦਿੰਦੀ ਹੈ ਅਤੇ 25 ਵਿੱਚੋਂ 15 ਅੰਕ ਪ੍ਰਾਪਤ ਕਰਦੀ ਹੈ। ਜੇ ਉਹ ਇੱਕ ਮਹੀਨੇ ਬਾਅਦ ਉਸੇ ਟੈਸਟ ਨੂੰ ਦੁਹਰਾਉਂਦੀ ਹੈ ਤਾਂ ਉਹ ਜ਼ਿਆਦਾ ਅੰਕ ਲੈ ਸਕਦੀ ਹੈ ਕਿਉਂਕਿ ਹੇਠ ਲਿਖੇ ਸੰਭਵ ਕਾਰਨਾਂ ਕਰਕੇ:

- ਉੱਤਰਾਂ ਨੂੰ ਯਾਦ ਕਰਕੇ।
- ਟੈਸਟ ਦਾ ਗਹਿਰਾਈ ਨਾਲ ਅਭਿਆਸ ਕਰਕੇ।
- ਆਪਣੇ ਸ਼ੱਕ ਆਪਣੇ ਅਧਿਆਪਕ/ਮਾਪੇ/ਸਾਥੀਆਂ ਤੋਂ ਸਲਾਹ ਲੈ ਕੇ ਦੂਰ ਕਰ ਸਕਦੀ ਹੈ।

ਈ: 2 ਜਾਬਾ ਵੱਲੋਂ ਸਾਇੰਸ ਵਿੱਚ ਹਾਸਿਲ ਕੀਤੇ ਅੰਕਾਂ ਤੋਂ ਇਲਾਵਾ ਤੁਸੀਂ ਸਾਇੰਸ ਸਿਖਲਾਈ ਵਿੱਚ ਉਸ ਦਾ ਨਿਰਧਾਰਨ ਕਰਨ ਲਈ ਹੇਠ ਲਿਖੇ ਤਿੰਨ ਪਹਿਲੂਆਂ ਨੂੰ ਚੁਣ ਕੇ:

- ਕੁਦਰਤ ਅਤੇ ਕੁਦਰਤੀ ਤੱਤਾਂ ਨੂੰ ਦੇਖਣ ਦਾ ਹੁਨਰ
- ਪ੍ਰਯੋਗ ਕਰਨ ਦਾ ਹੁਨਰ
- ਵਿਸ਼ਲੇਸ਼ਣ, ਵਰਗੀਕਰਨ ਅਤੇ ਵਸਤੂਆਂ ਦਾ ਨਿਰਮਾਣ ਕਰਨ ਦਾ ਹੁਨਰ
- ਪ੍ਰਯੋਗ ਕਰਨੇ ਜੋ ਪ੍ਰਕਿਰਤੀ ਵਿੱਚ ਵਿਗਿਆਨਕ ਹੋਣ।

- ਪ੍ਰਸ਼ਨ ਪੁੱਛਣ ਦਾ ਹੁਨਰ ਆਦਿ।

ਈ: 3 ਅੰਕ ਸੰਖੇਪ ਮੁਲਾਂਕਣ ਵਿੱਚ ਮਹੱਤਵਪੂਰਨ ਹਨ ਪਰ ਵਿਸਥਾਰਤ ਮੁਲਾਂਕਣ ਵਿੱਚ ਨਹੀਂ ਕਿਉਂਕਿ ਸੰਖੇਪ ਮੁਲਾਂਕਣ

- ਇਹ ਨਿਰਧਾਰਤ ਕਰਦਾ ਹੈ ਕਿ ਵਿਦਿਆਰਥੀ ਨੇ ਸਮੁੱਚੇ ਕੋਰਸ ਤੋਂ ਕੀ ਸਿੱਖਿਆ ਅਤੇ ਜੇਕਰ ਉਹ ਨਿਰਧਾਰਤ ਅਕਾਦਮਿਕ ਮਿਆਰਾਂ ਨੂੰ ਪੂਰਾ ਕਰ ਚੁੱਕਾ ਹੈ।
- ਟਰਮ/ਕੋਰਸ ਦੇ ਅੰਤ ਵਿੱਚ ਕਲਾਸ ਵਿੱਚ ਹੋਰ ਵਿਦਿਆਰਥੀਆਂ ਨਾਲ ਵਿਦਿਆਰਥੀ ਦੀ ਸਥਿਤੀ ਨਿਰਧਾਰਤ ਕਰਦਾ ਹੈ।
- ਵਿਦਿਆਰਥੀਆਂ ਨੂੰ ਕੋਰਸ ਗ੍ਰੇਡ ਦੇਣ ਵਿੱਚ ਮਦਦ ਕਰਦਾ ਹੈ।

ਈ: 4 ਇੱਕ ਅਧਿਆਪਕ ਵਜੋਂ ਵਿਦਿਆਰਥੀ ਦੀ ਸਿਖਲਾਈ ਦਾ ਮੁਲਾਂਕਣ ਕਰਦੇ ਸਮੇਂ ਹੋਣਾ ਚਾਹੀਦਾ ਹੈ:

- ਵਿਦਿਆਰਥੀ ਦੀ ਸਿਖਲਾਈ ਅਤੇ ਸਾਰੇ ਵਿਸ਼ਿਆਂ ਵਿੱਚ ਪ੍ਰਗਤੀ ਸਬੰਧੀ ਸੂਚਨਾ ਇਕੱਠੀ ਕਰਨ ਲਈ ਵਿਭਿੰਨ ਸਾਧਨਾਂ ਦੀ ਵਰਤੋਂ ਕਰਨੀ।
- ਨਿਰੰਤਰ ਸੂਚਨਾ ਇਕੱਤਰ ਕਰਨੀ ਅਤੇ ਉਸ ਨੂੰ ਰਿਕਾਰਡ ਕਰਨਾ।
- ਹਰ ਵਿਦਿਆਰਥੀ ਦੇ ਪ੍ਰਤੀਕਿਰਿਆ ਦੇ ਢੰਗ, ਸਿਖਲਾਈ ਅਤੇ ਅਜਿਹਾ ਕਰਨ ਵਿੱਚ ਬੱਚੇ ਵੱਲੋਂ ਲਏ ਸਮੇਂ ਨੂੰ ਮਹੱਤਵ ਦੇਣਾ।
- ਲਗਾਤਾਰ ਰਿਪੋਰਟ ਕਰੋ ਅਤੇ ਹਰ ਵਿਦਿਆਰਥੀ ਦੀ ਪ੍ਰਤੀਕਿਰਿਆ ਪ੍ਰਤੀ ਸੰਵੇਦਨਸ਼ੀਲ ਹੋਵੋ।
- ਫੀਡਬੈਕ ਮੁਹੱਈਆ ਕਰਾਓ ਜਿਹੜੀ ਸਾਕਾਰਾਤਮਕ ਕਿਰਿਆ ਅਤੇ ਵਿਦਿਆਰਥੀ ਨੂੰ ਬਿਹਤਰ ਕਰਨ ਵਿੱਚ ਅਗਵਾਈ ਕਰੇ।
- ਅਧਿਆਪਕ ਵਜੋਂ ਵਿਦਿਆਰਥੀ ਦੀ ਸਿਖਲਾਈ ਦੇ ਮੁਲਾਂਕਣ ਦੌਰਾਨ ਇਹ ਨਹੀਂ ਕਰਨਾ ਚਾਹੀਦਾ:
- ਵਿਦਿਆਰਥੀ ’ਤੇ ਹੌਲੀ, ਨਾਲਾਇਕ ਅਤੇ ਹੁਸ਼ਿਆਰ ਆਦਿ ਦਾ ਲੇਬਲ ਨਾ ਲਗਾਉਣਾ
- ਉਨ੍ਹਾਂ ਵਿੱਚ ਮੁਕਾਬਲਾ ਕਰਨਾ।
- ਨਾਕਾਰਾਤਮਕ ਟਿੱਪਣੀਆਂ ਦੇਣੀਆਂ

13.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਤਸਕਾਂ


1. Bridges, L. (1995). Assessment: Continuous learning.

   California: Stenhouse Publishers.

2. Central Board of Secondary Education (2010). Continuous

   And Comprehensive Evaluation: Manual for Teachers. Shiksha Kendra, Delhi.

3. Gallagher, J.D. (1998). Classroom assessment for teachers

   New Jersey:Prentice-Hall Inc.

4. Grauwe, A.D. &Naidoo, J.P. (2002). School Evaluation for

   Quality Improvement: An Asian Network of Training and Research Institutions in Educational Planning (ANTRIEP) Report (Ed.). Kuala Lumpur, Malaysia.

5. Gronlund, N.E. & Linn, R. (1990). Measurement and

   Evaluation in Teaching (6th Ed.). Macmillan Publishing, New York.

6. Hogan, T.P. (2007). Educational Assessment: A practical

   introduction. Danvers: Wiley.

7. Hopkins, K. D. & Stanley, J. C. (1981). Educational and

   Psychological Measurement and Evaluation.Englewood Cliffs, N. J. Prentice Hall.

8. National Council of Educational Research and Training (2005). National 3✝☛☛➪✵✝⇩✝✡ 6☛▲✡✥↰✤☛⇧ - २००५.♥☛➪ 1✝☛✤✫➪✪➢✤$▲☛✚, ©✥↰ 4✥⇩✶➪ – ११० ०१६.

9. National Council of Educational Research and Training (2006). Position Paper: National Focus Group on Examination Reforms. Sri Aurobindo Marg, New Delhi - 110 016.

13.8 ਇਕਾਈ ਅੰਤ ਅਭਿਆਸ

1. ਸਿੱਖਿਆਰਥੀਆਂ ਦੀ ਸਿਖਲਾਈ ਦੇ ਪ੍ਰਭਾਵਸ਼ਾਲੀ ਵਾਧੇ ਲਈ ਸਿਰਜਣਾਤਮਕ ਅਤੇ ਸਕੰਲਨਾਤਮਕ ਨਿਰਧਾਰਨ ਦੀ ਭੂਮਿਕਾ ਦਾ ਵਰਣਨ ਕਰੋ।

2. ਇੱਕ ਅਧਿਆਪਕ ਹੋਣ ਦੇ ਨਾਤੇ ਤੁਸੀਂ ਸਕੂਲ ਵਿੱਚ ਨਿਰੰਤਰ ਅਤੇ ਵਿਆਪਕ ਮੁਲਾਂਕਣ ਕਿਸ ਪ੍ਰਕਾਰ ਲਾਗੂ ਕਰਨਾ ਪਸੰਦ ਕਰੋਗੇ ?

## ਇਕਾਈ 14 ਸਿਖਲਾਈ ਅਤੇ ਨਿਰਧਾਰਨ

ਸੰਰਚਨਾ

14.0 ਜਾਣ ਪਛਾਣ

14.1 ਸਿਖਲਾਈ ਉਦੇਸ਼

14.2 ਸਿਖਲਾਈ ਅਤੇ ਨਿਰਧਾਰਨ

14.2.1 ਸਿਖਲਾਈ ਦਾ ਨਿਰਧਾਰਨ

14.2.2 ਸਿਖਲਾਈ ਲਈ ਨਿਰਧਾਰਨ

14.2.3 ਸਿਖਲਾਈ ਦੀ ਤਰ੍ਹਾਂ ਨਿਰਧਾਰਨ

14.3 ਨਿਰਧਾਰਨ ਲਈ ਯੋਜਨਾ ਦਾ ਡਿਜ਼ਾਇਨ ਬਣਾਉਣਾ

14.4 ਸਾਰਾਂਸ਼

14.5 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

14.6 ਇਕਾਈ ਅੰਤ ਅਭਿਆਸ

### 14.0 ਜਾਣ ਪਛਾਣ

ਤੁਸੀਂ ਇਹ ਦੇਖਿਆ ਹੋਏਗਾ ਕਿ ਇਸ ਕੋਰਸ ਦੇ ਸਾਰੇ ਭਾਗਾਂ ਵਿੱਚ ਕੇਂਦਰ ਸਿਖਲਾਈ ਅਤੇ ਸਿਖਲਾਈ ਆਧਾਰਿਤ ਸਿੱਖਿਆ ਰਿਹਾ ਹੈ। 'ਬੱਚੇ ਕਿਵੇਂ ਸਿੱਖਦੇ ਹਨ।' ਅਤੇ 'ਜ਼ਿਆਦਾਤਰ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਦੇ ਕੀ ਰਸਤੇ ਹਨ।' ਕਲਾਸ ਪ੍ਰਕਿਰਿਆਵਾਂ ਦੇ ਵਿਭਿੰਨ ਮੁੱਦਿਆਂ ਲਈ ਚਰਚਾ ਦਾ ਕੇਂਦਰ ਰਹੇ ਹਨ। ਅਧਿਆਪਨ, ਅਧਿਆਪਨ ਸਿਖਲਾਈ ਸਮੱਗਰੀ, ਕਲਾਸ ਪ੍ਰਬੰਧਨ, ਨਿਰਧਾਰਨ ਅਤੇ ਮੁਲਾਂਕਣ ਅਤੇ ਹੋਰ ਅਜਿਹੇ ਮੁੱਦੇ ਜੋ ਕਿ ਕਲਾਸ ਪ੍ਰਕਿਰਿਆਵਾਂ ਨਾਲ ਸਬੰਧਿਤ ਹਨ, ਨੂੰ ਅਜਿਹੇ ਤੱਤਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਜੋ ਸਿੱਖਿਆਰਥੀਆਂ ਦੀ ਸਿਖਲਾਈ ਲਈ ਪ੍ਰੇਰਣਾਦਾਇਕ ਸਥਿਤੀਆਂ ਹਨ। ਪਰੰਪਰਿਕ ਤੌਰ 'ਤੇ ਸਾਡੇ ਸਕੂਲਾਂ ਵਿੱਚ ਸਿਖਲਾਈ ਅਤੇ ਮੁਲਾਂਕਣ ਦੀਆਂ ਪ੍ਰਕਿਰਿਆਵਾਂ ਕਲਾਸ ਵਿੱਚ ਬੱਚਿਆਂ ਦੇ ਵਿਚਕਾਰ ਮੁਕਾਬਲੇ ਨੂੰ ਪ੍ਰੋਤਸਾਹਨ ਦਿੰਦੀਆਂ ਹਨ। ਕਿਸੇ ਵੀ ਕਲਾਸ ਪ੍ਰੀਖਿਆ ਦੇ ਅੰਤ ਵਿੱਚ, ਅਸੀਂ ਆਪਣੇ ਨਤੀਜਿਆਂ ਦਾ ਵਿਸ਼ਲੇਸ਼ਣ ਆਪਣੇ ਆਪ ਨੂੰ ਸੰਤੁਸ਼ਟ ਕਰਨ ਲਈ ਕਰਦੇ ਹਾਂ। ਕਈ ਪ੍ਰਸ਼ਨਾਂ ਦਾ ਉੱਤਰ ਪ੍ਰਾਪਤ ਕਰਕੇ ਜਿਵੇਂ ਕਿ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ? ਜਾਂ ਕਿਸ ਨੂੰ ਏ ਜਾਂ ਬੀ ਗਰੇਡ ਮਿਲਿਆ ? ਜਾਂ ਕਿੰਨਿਆਂ ਦੇ ਭਾਸ਼ਾ ਵਿੱਚ ਕੁੱਲ ਅੰਕਾਂ ਦੇ 30 ਫੀਸਦੀ ਵੀ ਨਹੀਂ ਆਏ ? ਪਰ ਇਨ੍ਹਾਂ ਸਾਰੇ ਪ੍ਰਸ਼ਨਾਂ ਤੋਂ ਅਸੀਂ ਸਿੱਖਿਆਰਥੀਆਂ ਨੂੰ ਉਨ੍ਹਾਂ ਦੇ ਅੰਕਾਂ ਜਾਂ ਗ੍ਰੇਡਾਂ ਜੋ ਕਿ ਉਨ੍ਹਾਂ ਨੇ ਟੈਸਟਾਂ ਜਾਂ ਨਿਰਧਾਰਨ ਦੇ ਯੰਤਰਾਂ ਦੇ ਪ੍ਰਯੋਗ ਰਾਹੀਂ ਪ੍ਰਾਪਤ ਕੀਤੇ ਹਨ, ਦੇ ਆਧਾਰ 'ਤੇ ਭੇਦ ਕਰਦੇ ਹਾਂ, ਉਨ੍ਹਾਂ ਦੀਆਂ ਯੋਗਤਾਵਾਂ ਜਾਂ ਸਮਰੱਥਾਵਾਂ ਨੂੰ ਪਛਾਨਣ ਲਈ।

ਨਤੀਜਿਆਂ ਦੇ ਆਧਾਰ 'ਤੇ ਕਈ ਵਾਰ ਅਸੀਂ ਵਿਦਿਆਰਥੀਆਂ ਦੇ ਵਰਗ ਬਣਾ ਦਿੰਦੇ ਹਾਂ। ਅਲੱਗ ਅਧਿਆਪਨ ਦੇ ਕੇ ਉਨ੍ਹਾਂ ਦੀ ਉਪਲੱਬਧੀ ਨੂੰ ਸੁਧਾਰਨ ਲਈ। ਉਦਾਹਰਨ ਦੇ ਤੌਰ 'ਤੇ ਕਲਾਸ ਪੰਜਵੀਂ ਵਿੱਚ ਅੰਕਾਂ ਦੇ ਆਧਾਰ 'ਤੇ ਤਿੰਨ ਵਰਗ ਬਣਾਏ ਜਾ ਸਕਦੇ ਹਨ-ਪਹਿਲਾ ਵਰਗ ਉਨ੍ਹਾਂ ਵਿਦਿਆਰਥੀਆਂ ਦਾ ਹੈ ਜਿਨ੍ਹਾਂ ਨੇ 60 ਫੀਸਦੀ ਅੰਕ ਪ੍ਰਾਪਤ ਕੀਤੇ ਹਨ। (ਇਸ ਨੂੰ ਉੱਚ ਕਾਰਜਕੁਸ਼ਲਤਾ ਵਰਗ ਕਹਾਂਗੇ), ਦੂਜਾ ਵਰਗ ਉਹ ਹੈ ਜਿਨ੍ਹਾਂ ਨੇ 30 ਤੋਂ 50 ਫੀਸਦੀ (ਔਸਤ ਕਾਰਜਕੁਸ਼ਲਤਾ ਵਰਗ) ਅੰਕ ਪ੍ਰਾਪਤ ਕੀਤੇ ਅਤੇ ਤੀਜੇ ਵਰਗ ਵਿੱਚ ਉਹ ਵਿਦਿਆਰਥੀ ਹਨ ਜਿਨ੍ਹਾਂ ਨੇ 30 ਫੀਸਦੀ (ਨਿਮਨ ਕਾਰਜਕੁਸ਼ਲਤਾ ਵਰਗ) ਅੰਕ ਤੋਂ ਘੱਟ ਪ੍ਰਾਪਤ ਕੀਤੇ। ਉੱਚ ਕਾਰਜਕੁਸ਼ਲਤਾ ਵਰਗ ਨੂੰ ਵਾਧੂ ਅਧਿਆਪਨ ਦਿੱਤਾ ਜਾਂਦਾ ਹੈ, ਗਣਿਤ ਪ੍ਰਤੀਯੋਗਤਾਵਾਂ ਵਿੱਚ ਵਜ਼ੀਫਾ ਜਿੱਤਣ ਲਈ ਜਦੋਂਕਿ ਨਿਮਨ ਕਾਰਜਕੁਸ਼ਲਤਾ ਵਰਗ ਨੂੰ ਵੀ ਵਾਧੂ ਅਧਿਆਪਨ ਦਿੱਤਾ ਜਾਂਦਾ ਹੈ ਤਾਂ ਕਿ ਉਹ 30 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕਰ ਸਕਣ ਅਤੇ ਅਸਫਲ ਨਾ ਕਹਾਉਣ। ਹਾਲਾਂਕਿ ਇਸ ਪ੍ਰਕਾਰ ਦਾ ਮੁਲਾਂਕਣ ਕਿਸੇ ਕਲਾਸ ਜਾਂ ਵਿਦਿਆਰਥੀਆਂ ਦੇ ਸਮੂਹ ਵਿੱਚ ਮੁਕਾਬਲੇ ਨੂੰ ਪ੍ਰੋਤਸਾਹਨ ਦਿੰਦਾ ਹੈ ਅਤੇ ਨਿਸ਼ਚਤ ਰੂਪ ਵਿੱਚ ਬੱਚਿਆਂ ਵਿੱਚ ਭੇਦਭਾਵ ਵੀ ਵਧਦਾ ਹੈ। ਸਕੂਲ ਸਿੱਖਿਆ ਦੇ ਤੰਤਰ ਵਿੱਚ ਮਹੱਤਵਪੂਰਨ ਤਬਦੀਲੀ ਆ ਰਹੀ ਹੈ। ਹੁਣ ਕੇਂਦਰ ਅਧਿਆਪਨ ਨਹੀਂ ਬਲਕਿ ਸਿਖਲਾਈ 'ਤੇ ਹੈ। ਸਿਖਲਾਈ ਕੇਂਦਰਿਤ ਤੰਤਰ ਵਿੱਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕੋਈ ਵੀ ਬੱਚਾ ਜਿਸ ਨੂੰ ਸਿਖਲਾਈ ਨੂੰ ਪ੍ਰੇਰਿਤ ਕਰਨ ਵਾਲੀਆਂ ਸਥਿਤੀਆਂ ਪ੍ਰਦਾਨ ਕੀਤੀਆਂ ਜਾਣ, ਉੱਚ ਪੱਧਰ ਦੀ ਉਪਲੱਬਧੀ ਪ੍ਰਾਪਤ ਕਰ ਸਕਦਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਪਰੰਪਰਿਕ ਮੁਕਾਬਲੇ 'ਤੇ ਆਧਾਰਿਤ ਪ੍ਰੀਖਿਆ ਕੋਈ ਸਹਾਇਤਾ ਨਹੀਂ ਕਰਦੀ। ਬਲਕਿ ਅਜਿਹੇ ਮੁਲਾਂਕਣ/ਨਿਰਧਾਰਨ ਅਭਿਆਸਾਂ ਨੂੰ ਅਪਣਾਉਣਾ ਹੋਏਗਾ ਜਿਨ੍ਹਾਂ ਵਿੱਚ ਸਫਲਤਾ ਦੇ ਮਿਆਰ ਸਾਰੇ ਬੱਚਿਆਂ ਨੂੰ ਸਪੱਸ਼ਟ ਕੀਤੇ ਜਾਣ ਅਤੇ ਸਾਰੇ ਬੱਚੇ ਉਸ ਪੱਧਰ ਤੱਕ ਪਹੁੰਚੇ ਇਹ ਚਾਹਿਆ ਜਾਵੇ। ਅਜਿਹੇ ਮੁਲਾਂਕਣ ਵਿੱਚ ਗ੍ਰੇਡਿੰਗ ਤੰਤਰ ਬੱਚਿਆਂ ਨੂੰ ਗ੍ਰੇਡ ਨਹੀਂ ਦਿੰਦਾ ਬਲਕਿ ਕਾਰਜਕੁਸ਼ਲਤਾ ਨੂੰ ਗ੍ਰੇਡ ਦਿੰਦਾ ਹੈ। ਗ੍ਰੇਡ 'ਏ' ਬੱਚੇ ਨਹੀਂ ਹੁੰਦੇ, ਬਲਕਿ ਗ੍ਰੇਡ 'ਏ' ਕਾਰਜਕੁਸ਼ਲਤਾ ਹੁੰਦੀ ਹੈ ਅਤੇ ਅਧਿਆਪਕ ਨੂੰ ਇਸ ਤਰੀਕੇ ਨਾਲ ਪੜ੍ਹਾਉਣਾ ਅਤੇ ਕਾਰਜਕੁਸ਼ਲਤਾ ਕਰਨੀ ਹੈ ਕਿ ਸਾਰੇ ਬੱਚੇ ਸਫਲਤਾ ਪ੍ਰਾਪਤੀ ਲਈ ਪ੍ਰੇਰਿਤ ਹੋ ਜਾਣ। ਤਾਂ ਸਿਖਲਾਈ ਨਿਰਧਾਰਨ ਦੇ ਬਦਲਦੇ ਹੋਏ ਵਿਸ਼ਵਾਸ ਅਤੇ ਪ੍ਰਕਿਰਿਆਵਾਂ ਕੀ ਹਨ ?

ਇਸ ਇਕਾਈ ਵਿੱਚ ਤੁਹਾਨੂੰ ਕਈ ਪ੍ਰਕਾਰ ਦੇ ਨਿਰਧਾਰਨ ਯੰਤਰਾਂ ਅਤੇ ਵਿਧੀਆਂ ਤੋਂ ਜਾਣੂ ਕਰਾਇਆ ਜਾਏਗਾ ਜੋ ਹੁਣ ਕਲਾਸਾਂ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ, ਕੇਵਲ ਬੱਚਿਆਂ ਨੇ ਜੋ ਸਿੱਖਿਆ ਉਸ ਦੇ ਨਿਰਧਾਰਨ ਲਈ ਹੀ ਨਹੀਂ ਬਲਕਿ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਵੀ।

ਇਸ ਇਕਾਈ ਨੂੰ ਸੰਪੂਰਨ ਕਰਨ ਲਈ ਤੁਹਾਨੂੰ ਅਧਿਆਪਨ ਦੇ 10 ਘੰਟੇ ਚਾਹੀਦੇ ਹਨ।

## 14.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ ਕਿ:

- ਨਿਰਧਾਰਨ ਦੀ ਪ੍ਰਕਿਰਿਆ ਦਾ ਕਲਾਸ ਵਿੱਚ ਸਿਖਲਾਈ ਦੇ ਵਿਭਿੰਨ ਪੜਾਵਾਂ ਨਾਲ ਸਬੰਧ ਸਥਾਪਿਤ ਕਰ ਸਕੋਗੇ।
- ਨਿਰਧਾਰਨ ਦੇ ਯੰਤਰਾਂ ਅਤੇ ਵਿਧੀਆਂ ਦਾ ਪ੍ਰਯੋਗ ਕਲਾਸ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਕਰ ਸਕੋਗੇ।
- ਨਿਰਧਾਰਨ ਦੀਆਂ ਘਟਨਾਵਾਂ ਦਾ ਉਪਯੋਗ ਸਿਖਲਾਈ ਦੇ ਸਰੋਤਾਂ ਦੇ ਰੂਪ ਵਿੱਚ ਕਰ ਸਕੋਗੇ।
- ਆਪਣੇ ਸਕੂਲ ਵਿੱਚ ਨਿਰਧਾਰਨ ਦੇ ਪ੍ਰੋਗਰਾਮਾਂ ਦੀ ਯੋਜਨਾ ਬਣਾ ਸਕੋਗੇ।

## 14.2 ਸਿਖਲਾਈ ਅਤੇ ਨਿਰਧਾਰਨ

ਪਿਛਲੀਆਂ ਇਕਾਈਆਂ ਵਿੱਚ ਸਾਨੂੰ ਇਹ ਗਿਆਨ ਹੋਇਆ ਕਿ ਹਾਲਾਂਕਿ ਸਿਖਲਾਈ ਅਤੇ ਨਿਰਧਾਰਨ ਨਾਲ ਨਾਲ ਚੱਲਦੇ ਹਨ। ਇਹ ਦੋਨੋਂ ਵਿਸ਼ੇਸ਼ ਪ੍ਰਕਿਰਿਆਵਾਂ ਹਨ। ਇਸ ਸੰਦਰਭ ਵਿੱਚ ਆਓ ਅਸੀਂ ਹੇਠ ਲਿਖੀਆਂ ਸਥਿਤੀਆਂ ’ਤੇ ਗੌਰ ਕਰੀਏ:

ਸਥਿਤੀ 1: ਸੋਹਾਨਾ ਨੇ ਆਪਣੇ ਸਕੂਲ ਦੀ ਪੰਜਵੀਂ ਕਲਾਸ ਨੂੰ ਵਿਸ਼ਾ ‘ਸੁਤੰਤਰਤਾ ਲਈ ਸਾਡਾ ਸੰਘਰਸ਼’ ਪੜ੍ਹਾਉਣ ਵਿੱਚ ਛੇ ਪੀਰੀਅਡ ਲਗਾਏ। ਵਿਸ਼ਾ ਪੂਰਾ ਕਰਨ ਤੋਂ ਬਾਅਦ ਉਸਨੇ ਇਹ ਸੁਨਿਸ਼ਚਤ ਕਰਨ ਲਈ ਹਰ ਬੱਚੇ ਨੇ ਵਿਸ਼ੇ ’ਤੇ ਕਿੰਨਾ ਗਿਆਨ ਅਤੇ ਸਮਝ ਹਾਸਲ ਕੀਤੀ ਹੈ, ਉਸ ਨੇ ਇੱਕ ਟੈਸਟ ਲਿਆ।ਸਥਿਤੀ 2: ਚੌਥੀ ਕਲਾਸ ਨੂੰ ਭਿੰਨਾਂ ਦੇ ਜੋੜ ਅਤੇ ਘਟਾ ਨੂੰ ਸਮਝਣ ਵਿੱਚ ਮਦਦ ਕਰਦੇ ਹੋਏ ਰੋਹਨ ਨੇ ਦੇਖਿਆ ਕਿ ਕਈ ਵਿਦਿਆਰਥੀ ਦੋ ਅਸੰਗਤ ਭਿੰਨਾਂ ਦੇ ਜੋੜਾਂ ਨੂੰ ਪੂਰਾ ਕਰਨ ਦੇ ਸਮਰੱਥ ਨਹੀਂ ਹਨ। ਉਸ ਨੇ ਸੰਗਤ ਭਿੰਨਾਂ ਦੇ ਜੋੜ ਵਿੱਚੋਂ ਇੱਕ ਛੋਟਾ ਜਿਹਾ ਟੈਸਟ ਦਿੱਤਾ। (ਦੋ ਸੰਗਤ ਭਿੰਨਾਂ ਦੇ ਜੋੜ ਦਾ ਇੱਕ ਪ੍ਰਸ਼ਨ, ਸੰਗਤ ਅਤੇ ਅਸੰਗਤ ਭਿੰਨਾਂ ਦੇ ਜੋੜ ਦੇ ਤਿੰਨ ਪ੍ਰਸ਼ਨ ਅਤੇ ਅਭਿੰਨ ਭਿੰਨਾਂ ਦੇ ਜੋੜ ਦੇ ਚਾਰ ਪ੍ਰਸ਼ਨ)। ਉਸ ਨੇ ਹਰ ਬੱਚੇ ਦੇ ਨਤੀਜੇ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਲਗਪਗ 45 ਫੀਸਦੀ ਵਿਦਿਆਰਥੀਆਂ ਨੂੰ ਸੰਗਤ ਅਤੇ ਅਸੰਗਤ ਭਿੰਨਾਂ ਦੇ ਜੋੜ ’ਤੇ ਸਪੱਸ਼ਟਤਾ ਨਹੀਂ ਸੀ ਜਿਸ ਨਾਲ ਉਨ੍ਹਾਂ ਦਾ ਦੋ ਅਸੰਗਤ ਭਿੰਨਾਂ ਦੇ ਜੋੜ ਵਿੱਚ ਕਾਰਜਕੁਸ਼ਲਤਾ ਪ੍ਰਭਾਵਿਤ ਹੋ ਰਹੀ ਸੀ। ਇਸ ਲਈ ਉਸ ਨੇ ਅਸੰਗਤ ਭਿੰਨਾਂ ਦੇ ਜੋੜ ਦੀ ਸਮਝ ਦੇ ਵਿਕਾਸ ’ਤੇ ਧਿਆਨ ਕੇਂਦਰਿਤ ਕੀਤਾ ਅਤੇ ਉਨ੍ਹਾਂ ਦੇ ਸੰਗਤ ਭਿੰਨਾਂ ਦੇ ਨਾਲ ਜੋੜ ’ਤੇ ਜਿਸ ਦੇ ਬਾਅਦ ਉਹ ਅਸੰਗਤ ਭਿੰਨਾਂ ਦੇ ਜੋੜ ਦੇ ਅਧਿਆਪਨ ਦੀ ਤਰਫ਼ ਵਧਿਆ।ਸਥਿਤੀ 3: ਸੋਹਾ, ਜੋ ਕਿ ਭਾਸ਼ਾ ਪੜ੍ਹਾ ਰਹੀ ਸੀ, ਨੇ ਆਪਣੀ ਸੱਤਵੀਂ ਕਲਾਸ ਦੇ ਵਿਦਿਆਰਥੀਆਂ ਨਾਲ ਆਪਣੇ ਸਕੂਲ ਅਤੇ ਮੁਹੱਲੇ ਵਿੱਚ ਕਰਵਾਏ ਗਏ ਸੁਤੰਤਰਤਾ ਦਿਵਸ ਦੇ ਸਮਾਰੋਹ ’ਤੇ ਇੱਕ ਛੋਟਾ ਰਿਹਾ ਵਰਣਨ ਲਿਖਣ ਨੂੰ ਕਿਹਾ। ਉਦੇਸ਼ ਸੀ ਉਨ੍ਹਾਂ ਦੀ ਪੈਰਾਗ੍ਰਾਫ਼ ਬਣਾਉਣ ਦੀ ਯੋਗਤਾ ਦਾ ਨਿਰਧਾਰਨ ਕਰਨਾ। ਵਿਦਿਆਰਥੀਆਂ ਦੇ ਸੂਚਨਾ ਇਕੱਤਰ ਕਰਨ ਲਈ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਸੂਚਨਾ ਇਕੱਤਰ ਕਰਨ ਦੇ ਨਿਯਮ ਅਤੇ ਪ੍ਰਕਿਰਿਆ ’ਤੇ ਚਰਚਾ ਕੀਤੀ। ਉਨ੍ਹਾਂ ਇਹ ਫੈਸਲਾ ਲਿਆ ਕਿ ਇਹ ਨਿਯਮ ਪੈਰਾਗ੍ਰਾਫ ਦਾ ਨਿਰਧਾਰਨ ਕਰਨ ਲਈ ਪ੍ਰਯੋਗ ਕੀਤੇ ਜਾਣਗੇ। ਸੋਹਾ ਨੇ ਹਰ ਬੱਚੇ ਨੂੰ ਆਪਣੇ ਪੈਰਾਗ੍ਰਾਫ ਨੂੰ ਜਿਵੇਂ ਚਾਹੇ ਉਸ ਤਰ੍ਹਾਂ ਦਾ ਰੂਪ ਦੇਣ ਦੀ ਆਜ਼ਾਦੀ ਦਿੰਦੇ ਹੋਏ ਨਿਰਧਾਰਨ ਦੇ ਨਿਯਮਾਂ ’ਤੇ ਸਹਿਮਤ ਕਰ ਲਿਆ। ਵਿਭਿੰਨ ਥਾਵਾਂ ’ਤੇ ਆਯੋਜਿਤ

ਸਮਾਰੋਹ ਸਬੰਧੀ ਸੂਚਨਾ ਇਕੱਠੀ ਕਰਦੇ ਹੋਏ ਉਨ੍ਹਾਂ ਨੇ ਸਮਾਰੋਹ ਆਯੋਜਨ ਵਿੱਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਦਾ ਪ੍ਰੇਖਣ ਕਰਨਾ ਹੈ। ਸੂਚਨਾ ਇਕੱਤਰ ਅਤੇ ਸੰਗਠਿਤ ਕਰਦੇ ਹੋਏ ਹਰ ਪੜਾਅ 'ਤੇ ਹਰ ਵਿਦਿਆਰਥੀ ਨਿਰਧਾਰਤ ਨਿਯਮਾਂ ਦੇ ਸੰਦਰਭ ਵਿੱਚ ਆਪਣੀ ਪ੍ਰਕਿਰਿਆ ਵਿੱਚ ਸੁਧਾਰ ਜਾਂ ਪਰਿਵਰਤਨ ਕਰੇਗਾ। ਉਨ੍ਹਾਂ ਨੇ ਇਸ ਦਿਵਸ 'ਤੇ ਕਈ ਸੰਗਠਨਾਂ ਵੱਲੋਂ ਜਾਰੀ ਕੀਤੀਆਂ ਗਈਆਂ ਪੁਸਤਕਾਂ ਵੀ ਇਕੱਠੀਆਂ ਕੀਤੀਆਂ। ਅਤੇ ਕੁਝ ਮੈਂਬਰਾਂ ਜਿਨ੍ਹਾਂ ਵਿੱਚ ਮੁਹੱਲੇ ਦੇ ਬੱਚੇ ਵੀ ਸ਼ਾਮਲ ਸਨ, ਉਨ੍ਹਾਂ ਦੀਆਂ ਭਾਵਨਾਵਾਂ ਵੀ ਸੁਣੀਆਂ। ਵਰਣਨ ਦੇ ਵਿਚਕਾਰ ਜਾਂ ਅੰਤ ਵਿੱਚ ਉਨ੍ਹਾਂ ਨੇ ਦਿਸਵ ਸਬੰਧੀ ਆਪਣੇ ਵਿਚਾਰ ਅਤੇ ਲੋਕਾਂ ਦੇ ਉਤਸ਼ਾਹ ਸਬੰਧੀ ਵੀ ਲਿਖਿਆ। ਪ੍ਰਾਜੈਕਟ ਪੂਰਾ ਹੋਣ ਤੋਂ ਬਾਅਦ ਉਹ ਕਲਾਸ ਵਿੱਚ ਸੋਹਾ ਦੇ ਨਾਲ ਇਕੱਠੇ ਬੈਠੇ ਅਤੇ ਆਪਣੀ ਰਿਪੋਰਟ ਦਾ ਉਚਾਰਣ ਕੀਤਾ। ਹਰ ਵਰਣਨ ਲਈ ਉਨ੍ਹਾਂ ਨੇ ਗ੍ਰੇਡ ਦੇਣ ਦੀ ਕੋਸ਼ਿਸ਼ ਕੀਤੀ ਜੋ ਕਿ ਨਿਰਧਾਰਨ ਲਈ ਨਿਰਧਾਰਨ ਨਿਯਮਾਂ 'ਤੇ ਆਧਾਰਿਤ ਸੀ। ਨਿਰਧਾਰਨ ਦੇ ਬਾਅਦ ਹਰ ਬੱਚੇ ਨੂੰ ਨਿਰਧਾਰਨ ਦੇ ਪ੍ਰੇਖਣ ਨੂੰ ਆਧਾਰ ਬਣਾ ਕੇ ਆਪਣੇ ਵਰਣਨ ਨੂੰ ਸੁਧਾਰਨ ਲਈ ਕਿਹਾ ਗਿਆ।

ਗਤੀਵਿਧੀ–1

ਥੋੜ੍ਹੀ ਦੇਰ ਲਈ ਸੋਚੋ ਅਤੇ ਉੱਪਰ ਦਿੱਤੀਆਂ ਗਈਆਂ ਤਿੰਨੋਂ ਸਥਿਤੀਆਂ ਦੀ ਪ੍ਰਕਿਰਿਆ ਅਤੇ ਉਦੇਸ਼ਾਂ ਵਿੱਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਦੀ ਸੂਚੀ ਬਣਾਓ।

ਕੀ ਉੱਪਰ ਦਿੱਤੀਆਂ ਗਈਆਂ ਸਥਿਤੀਆਂ ਦੀ ਪ੍ਰਕਿਰਿਆ ਅਤੇ ਉਦੇਸ਼ਾਂ ਵਿੱਚ ਕੋਈ ਅੰਤਰ ਹੈ ?

ਹਾਂ, ਅਸੀਂ ਪਹਿਲੀ ਸਥਿਤੀ ਤੋਂ ਕਾਫ਼ੀ ਸੀਮਾ ਤੱਕ ਜਾਣੂ ਹਾਂ। ਇੱਕ ਇਕਾਈ ਜਾਂ ਵਿਸ਼ੇ ਦੇ ਪੂਰਾ ਹੋਣ ਤੋਂ ਬਾਅਦ ਸਾਡੀ ਹਮੇਸ਼ਾ ਇਹ ਇੱਛਾ ਹੁੰਦੀ ਹੈ ਕਿ ਉਸ ਵਿਸ਼ੇ 'ਤੇ ਗਿਆਨ ਅਤੇ ਸਮਝ ਦੀ ਪ੍ਰਾਪਤੀ ਦੀ ਮਾਤਰਾ ਜਾਂਚ ਲਈਏ ਅਤੇ ਹਰ ਵਿਅਕਤੀ ਦੀ ਪ੍ਰਾਪਤੀ ਨੂੰ ਪ੍ਰਾਪਤੀ ਦੇ ਇਛੁੱਕ ਪੱਧਰ ਨਾਲ ਤੁਲਨਾ ਕਰ ਲਈਏ। ਦੂਜੇ ਸ਼ਬਦਾਂ ਵਿੱਚ ਹਰ ਸਿਖਲਾਈ ਦੇ ਨਤੀਜੇ ਦਾ ਨਿਰਧਾਰਨ ਕਰਦੇ ਹਾਂ। ਇਸ ਪ੍ਰਕਿਰਿਆ ਨੂੰ 'ਸਿਖਲਾਈ ਦਾ ਨਿਰਧਾਰਨ' ਕਿਹਾ ਜਾਂਦਾ ਹੈ ਅਤੇ ਇਹ ਅਕਸਰ ਵਿਸ਼ੇ/ਪਾਠ ਦੀ ਇਕਾਈ ਦੇ ਅੰਤ ਵਿੱਚ ਕੀਤਾ ਜਾਂਦਾ ਹੈ। ਦੂਜੀ ਸਥਿਤੀ ਵਿੱਚ ਰੋਹਨ ਬੱਚਿਆਂ ਦੀ ਕਾਰਜਕੁਸ਼ਲਤਾ ਦਾ ਨਿਰਧਾਰਨ ਉਸ ਸਮੇਂ ਕਰ ਰਿਹਾ ਸੀ ਜਦੋਂ ਅਧਿਆਪਨ ਸਿਖਲਾਈ ਦੀ ਪ੍ਰਕਿਰਿਆ ਚੱਲ ਰਹੀ ਸੀ। ਉਸਨੇ ਨਿਰਧਾਰਨ ਦੇ ਨਤੀਜਿਆਂ ਨੂੰ ਸਿਖਲਾਈ ਵਿੱਚ ਸੁਧਾਰ ਅਤੇ ਆਪਣੇ ਅਧਿਆਪਨ ਦੀ ਪ੍ਰਕਿਰਿਆ ਨੂੰ ਸੁਧਾਰਨ ਲਈ ਕੀਤਾ। ਇਹ ਇੱਕ ਪ੍ਰਕਾਰ ਦਾ ਸਿਰਜਣਾਤਮਕ ਨਿਰਧਾਰਨ ਹੈ ਜਿਸਦੀ ਚਰਚਾ ਪਹਿਲੀਆਂ ਇਕਾਈਆਂ ਵਿੱਚ ਕੀਤੀ ਜਾ ਚੁੱਕੀ ਹੈ ਅਤੇ ਇਸ ਨੂੰ 'ਸਿਖਲਾਈ ਲਈ ਨਿਰਧਾਰਨ' ਕਿਹਾ ਜਾਂਦਾ ਹੈ।

ਸੋਹਾ ਦੇ ਵਿਦਿਆਰਥੀਆਂ ਨੇ ਨਿਰਧਾਰਨ ਦੇ ਨਿਯਮਾਂ 'ਤੇ ਫੈਸਲਾ ਲਿਆ ਅਤੇ ਸਿਖਲਾਈ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਸੰਦਰਭ ਰੱਖਿਆ ਜਿਸ ਨਾਲ ਉਨ੍ਹਾਂ ਨੂੰ ਆਪਣੀ ਸਿਖਲਾਈ ਦੀ ਪ੍ਰਕਿਰਿਆ ਨੂੰ ਸਹੀ ਦਿਸ਼ਾ ਵਿੱਚ ਰੱਖਣ ਵਿੱਚ ਸਹਾਇਤਾ ਮਿਲੀ ਅਤੇ ਆਪਣੀ ਸਿਖਲਾਈ ਵਿੱਚ ਸੁਧਾਰ ਅਤੇ ਪਰਿਵਰਤਨ ਕਰਨ ਵਿੱਚ ਵੀ ਸੰਖੇਪ ਵਿੱਚ ਵਿਦਿਆਰਥੀ ਸਿਖਲਾਈ ਦੀ ਪ੍ਰਕਿਰਿਆ ਲਈ ਨਿਰਧਾਰਨ ਦੇ ਨਿਯਮਾਂ ਦਾ ਪ੍ਰਯੋਗ ਕਰ ਰਹੇ ਸਨ। ਇਸ ਲਈ ਇਸ ਨੂੰ ਕਿਹਾ ਜਾਂਦਾ ਹੈ 'ਨਿਰਧਾਰਨ ਸਿਖਲਾਈ ਵਰਗ।'

ਜਦੋਂ ਕਿ ਅਸੀਂ ਸਿਖਲਾਈ ਦੇ ਨਿਰਧਾਰਨ ਤੋਂ ਆਮਤੌਰ 'ਤੇ ਜਾਣੂ ਹਾਂ, ਆਓ ਅਸੀਂ ਦੂਜੀਆਂ ਦੋ ਪ੍ਰਕਿਰਿਆਵਾਂ ਨੂੰ ਸਮਝੀਏ ਜੋ ਕਿ ਸਿਖਲਾਈ ਕੇਂਦਰਿਤ ਹਨ।

14.2.1 ਸਿਖਲਾਈ ਦਾ ਨਿਰਧਾਰਨ

ਸਿਖਲਾਈ ਦੇ ਨਿਰਧਾਰਨ ਤੋਂ ਮਤਲਬ ਦੋ ਪ੍ਰਕਾਰ ਦੇ ਨਿਰਧਾਰਨ ਤੋਂ ਹੈ-ਮੌਖਿਕ, ਕਾਰਜਕੁਸ਼ਲਤਾ ਅਤੇ ਲਿਖਤੀ ਜਾਂ ਇਨ੍ਹਾਂ ਵਿੱਚੋਂ ਦੋ ਜਾਂ ਜ਼ਿਆਦਾ ਵਿਧੀਆਂ ਦਾ ਮਿਸ਼ਰਣ ਜਿਸਨੂੰ ਕਿਸੇ ਅਧਿਆਪਨ ਇਕਾਈ ਜਾਂ ਸੈਸ਼ਨ ਦੇ ਅੰਤ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਨਿਰਧਾਰਨ ਦਾ ਪ੍ਰਯੋਗ ਕਰਕੇ ਤੁਸੀਂ ਆਪਣੇ ਵਿਦਿਆਰਥੀਆਂ ਦੀ ਯੋਗਤਾ ਦੀ ਜਾਂਚ ਕਰ ਸਕਦੇ ਹੋ-ਧਾਰਨਾਵਾਂ ਜਾਂ ਅਨੁਭਵਾਂ ਦਾ ਸੰਸ਼ਲੇਸ਼ਣ ਅਤੇ ਕਾਰਜਕੁਸ਼ਲਤਾ ਕਰਵਾ ਕੇ ਜੋ ਕਿ ਉਨ੍ਹਾਂ ਨੇ ਅਕਾਦਮਿਕ ਸੈਸ਼ਨ ਵਿੱਚ ਧਾਰਨ ਕੀਤੇ ਹਨ। ਸਿਖਲਾਈ ਦੇ ਨਿਰਧਾਰਨ ਦੇ ਨਤੀਜੇ ਨੂੰ ਹਰ ਸਥਾਨ 'ਤੇ ਵਿਦਿਆਰਥੀਆਂ ਦੀ ਸਿਖਲਾਈ ਦੇ ਵਾਧੇ ਦੀ ਜਾਂਚ ਲਈ ਮਹੱਤਵਪੂਰਨ ਸੂਚਕ ਮੰਨਿਆ ਜਾਂਦਾ ਹੈ। ਇਸ ਦਾ ਪ੍ਰਯੋਗ ਵਿਭਿੰਨ ਤੁਲਨਾਵਾਂ ਕਰਨ ਲਈ ਵੀ ਕੀਤਾ ਜਾਂਦਾ ਹੈ ਜਿਵੇਂ ਕਿ ਵਿਭਿੰਨ ਵਿਸ਼ਿਆਂ ਵਿੱਚ ਵਿਦਿਆਰਥੀ ਦੀ ਕਾਰਜਕੁਸ਼ਲਤਾ, ਕਲਾਸ ਵਿੱਚ ਵਿਦਿਆਰਥੀਆਂ ਦੇ ਵਿਚਕਾਰ ਤੁਲਨਾ, ਵਿਭਿੰਨ ਸਕੂਲਾਂ ਦੇ ਵਿਦਿਆਰਥੀਆਂ ਦੇ ਵਿਚਕਾਰ ਤੁਲਨਾ ਆਦਿ। ਨਤੀਜਿਆਂ ਨੂੰ ਅਗਲੇ ਸੈਸ਼ਨ ਜਾਂ ਅਕਾਦਮਿਕ ਸਾਲ ਲਈ ਪਾਠਕ੍ਰਮ ਕਿਰਿਆਵਾਂ ਦੀ ਯੋਜਨਾ ਬਣਾਉਣ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ। ਅੱਗੇ ਸਿਖਲਾਈ ਦੇ ਨਿਰਧਾਰਨ ਦੇ ਨਤੀਜਿਆਂ ਨੂੰ ਅੰਕਾਂ ਜਾਂ ਗ੍ਰੇਡਾਂ ਦੇ ਜ਼ਰੀਏ ਦਿਖਾਇਆ ਜਾਂਦਾ ਹੈ ਜਿਨ੍ਹਾਂ ਤੋਂ ਸਕੂਲ ਸਿਖਲਾਈ ਨਾਲ ਸੰਬੰਧਿਤ ਹਰ ਵਿਅਕਤੀ ਜਾਣੂ ਹੈ ਅਤੇ ਜਿਨ੍ਹਾਂ ਦੇ ਬਾਰੇ ਵਿੱਚ ਤੁਸੀਂ ਪਹਿਲੀਆਂ ਇਕਾਈਆਂ ਵਿੱਚ ਪਹਿਲਾਂ ਹੀ ਪੜ੍ਹ ਚੁੱਕੇ ਹੋ।

ਉਪਕਰਨ ਅਤੇ ਰਣਨੀਤੀਆਂ: ਸਿਖਲਾਈ ਦੇ ਨਿਰਧਾਰਨ ਲਈ ਨਿਰਧਾਰਤ ਕੀਤੇ ਜਾਣ ਵਾਲੇ ਕਾਰਜ ਦੀ ਪ੍ਰਕਿਰਤੀ 'ਤੇ ਆਧਾਰਿਤ ਤੁਹਾਨੂੰ ਤਰ੍ਹਾਂ ਤਰ੍ਹਾਂ ਦੇ ਯੰਤਰ ਅਤੇ ਵਿਧੀਆਂ ਦਾ ਪ੍ਰਯੋਗ ਕਰਨਾ ਪੈਂਦਾ ਹੈ। ਜਿਵੇਂ ਕਿ ਪਹਿਲੀਆਂ ਇਕਾਈਆਂ ਵਿੱਚ ਕਿਹਾ ਗਿਆ ਹੈ ਕਿ ਤੁਹਾਨੂੰ ਯੰਤਰਾਂ ਅਤੇ ਵਿਧੀਆਂ ਦੀ ਚੋਣ, ਉਦੇਸ਼ਾਂ ਸਮੇਤ, ਸੂਚਨਾ ਦੀ ਇਛੁੱਕ ਮਾਤਰਾ ਅਤੇ ਕਿਸਮ ਅਨੁਸਾਰ ਕਰਨੀ ਹੈ। ਸਿਖਲਾਈ ਦੇ ਨਿਰਧਾਰਨ ਲਈ ਪ੍ਰਯੋਗ ਕੀਤੇ ਜਾਣ ਵਾਲੇ ਕੁਝ ਉਪਕਰਨ ਹਨ-ਵਿਭਿੰਨ ਪ੍ਰਕਾਰ ਦੇ ਪ੍ਰਸ਼ਨਾਂ ਵਾਲੇ ਟੈਸਟ, ਘਟਨਾ ਗਿਆਨ (ਵਿਦਿਆਰਥੀ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵਰਣਨ ਜਿਨ੍ਹਾਂ ਦਾ ਸੰਬੰਧ ਨਿਰਧਾਰਤ ਕੀਤੇ ਜਾਣ ਵਾਲੇ ਕਾਰਜ ਜਾਂ ਪ੍ਰਕਿਰਿਆ ਨਾਲ ਹੈ), ਰੇਟਿੰਗ ਸਕੇਲ, ਚੈੱਕ ਲਿਸਟ ਆਦਿ।

ਇਸ ਨਿਰਧਾਰਨ ਵਿੱਚ ਵਿਧੀਆਂ ਹਨ ਪ੍ਰੇਖਣ, ਵਿਦਿਆਰਥੀਆਂ ਦੇ (ਮੌਖਿਕ ਅਤੇ ਲਿਖਤੀ) ਉੱਤਰਾਂ ਦਾ ਵਿਸ਼ਲੇਸ਼ਣ, ਵਿਦਿਆਰਥੀ ਦੇ ਕਾਰਜ ਦਾ ਵਿਸ਼ਲੇਸ਼ਣ, ਵਿਦਿਆਰਥੀ ਦੇ ਨਾਲ ਚਰਚਾ।

ਇਛੁੱਕ ਜ਼ਿੰਮੇਵਾਰੀਆਂ: ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਇਹ ਅਹਿਸਾਸ ਕਰਨਾ ਹੋਏਗਾ ਕਿ ਸਿਖਲਾਈ ਦੇ ਨਿਰਧਾਰਨ ਦੀ ਪੂਰੀ ਜ਼ਿੰਮੇਵਾਰੀ ਅਤੇ ਉਸਦਾ ਪਾਲਣ ਤੁਹਾਡੇ 'ਤੇ ਹੈ। ਇਸ ਲਈ ਕਈ ਮੁੱਦਿਆਂ 'ਤੇ ਤੁਹਾਡਾ ਧਿਆਨ ਜ਼ਰੂਰੀ ਹੈ:

- ਤੁਹਾਨੂੰ ਇਹ ਸੁਨਿਸ਼ਚਤ ਕਰਨਾ ਹੈ ਕਿ ਨਿਰਧਾਰਨ ਕਾਰਜ ਦੇ ਉਦੇਸ਼ ਵਿਦਿਆਰਥੀਆਂ ਨੂੰ ਸਪੱਸ਼ਟਤਾ ਨਾਲ ਸਮਝ ਆ ਗਏ ਹਨ।
- ਤੁਹਾਨੂੰ ਕਾਰਜਾਂ ਦੀ ਪੂਰਤੀ ਲਈ ਉਚਿਤ ਸਮਾਂ ਸੀਮਾ ਨਿਰਧਾਰਨ ਕਰਨਾ ਹੈ।
- ਤੁਹਾਨੂੰ ਕਾਰਜ ਪੂਰੇ ਕਰਨ ਵਿੱਚ ਕੁਝ ਵਿਦਿਆਰਥੀਆਂ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦੇ ਬਾਰੇ ਵਿੱਚ ਸੰਵੇਦਨਸ਼ੀਲ ਹੋਣ ਦੀ ਲੋੜ ਹੈ।
- ਤੁਹਾਨੂੰ ਆਪਣੇ ਫੈਸਲੇ ਲੈਣ ਲਈ ਉਚਿਤ ਮਾਤਰਾ ਵਿੱਚ ਪ੍ਰਮਾਣ ਇਕੱਠੇ ਕਰਨੇ ਹੋਣਗੇ।
- ਜੋ ਅੰਕ/ ਗ੍ਰੇਡ ਤੁਸੀਂ ਵਿਦਿਆਰਥੀਆਂ ਨੂੰ ਦਿੰਦੇ ਹੋ ਉਸ ਦੇ ਪਿੱਛੇ ਤੁਹਾਡੇ ਕੋਲ ਮਜ਼ਬੂਤ ਤਰਕ ਹੋਣੇ ਚਾਹੀਦੇ ਹਨ।

ਗਤੀਵਿਧੀ-2

ਤੁਸੀਂ ਆਪਣੇ ਸਕੂਲ ਵਿੱਚ 'ਸਿਖਲਾਈ ਦੇ ਨਿਰਧਾਰਨ' ਦੀਆਂ ਪ੍ਰਕਿਰਿਆਵਾਂ ਤੋਂ ਜਾਣੂ ਹੋ। ਉਨ੍ਹਾਂ ਕਿਰਿਆਵਾਂ ਦੀ ਸੂਚੀ ਬਣਾਓ ਜਿਨ੍ਹਾਂ ਨਾਲ ਇਨ੍ਹਾਂ ਨਿਰਧਾਰਨਾਂ ਨੂੰ ਵਿਦਿਆਰਥੀਆਂ ਦੀ ਸਿਖਲਾਈ ਅਤੇ ਉਪਲੱਬਧੀ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਜ਼ਿਆਦਾ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

ਸਿਖਲਾਈ ਦੇ ਨਿਰਧਾਰਨ ਨੂੰ ਪ੍ਰਭਾਵਸ਼ਾਲੀ ਬਣਾਉਣਾ: ਹੇਠ ਕੁਝ ਬਿੰਦੂ ਦਿੱਤੇ ਗਏ ਹਨ ਜਿਨ੍ਹਾਂ ਦਾ ਧਿਆਨ ਤੁਹਾਨੂੰ ਸਿਖਲਾਈ ਦੇ ਨਿਰਧਾਰਨ ਨੂੰ ਵੈਧ ਅਤੇ ਨਿਆਂਪੂਰਨ ਸੁਨਿਸ਼ਚਤ ਕਰਨ ਲਈ ਰੱਖਣਾ ਹੈ।

- ਤੁਹਾਨੂੰ ਉਚਿਤ ਮਾਤਰਾ ਵਿੱਚ ਪ੍ਰਮਾਣ ਇਕੱਤਰ ਕਰਨੇ ਹੋਣਗੇ ( ਲਿਖਤੀ, ਮੌਖਿਕ ਅਤੇ ਕਾਰਜਕੁਸ਼ਲਤਾ ਦੇ) ਤਾਂ ਕਿ ਤੁਹਾਡੇ ਲਈ ਆਪਣੀ ਤਰਫ਼ ਤੋਂ ਵਿਦਿਆਰਥੀ ਦੀ ਉਪਲੱਬਧੀ ਦਾ ਸਹੀ ਚਿਤਰਣ ਦੇਣਾ ਸੰਭਵ ਹੋਵੇ। ਇਸ ਉਦੇਸ਼ ਲਈ ਕੇਵਲ ਲਿਖਤ ਪ੍ਰੀਖਿਆ (ਜਾਂ ਪ੍ਰੀਖਿਆ ਦੇ ਨਤੀਜੇ) ਦੇ ਨਤੀਜੇ 'ਤੇ ਨਿਰਭਰ ਹੋਣਾ ਉਚਿਤ ਨਹੀਂ ਹੋਏਗਾ।

- ਤੁਹਾਡੇ ਨਿਰਧਾਰਨ ਦੀਆਂ ਕਈ ਵਿਧੀਆਂ ਦਾ ਪ੍ਰਯੋਗ ਪ੍ਰਮਾਣ ਇਕੱਤਰ ਕਰਨ ਲਈ ਕਰਨਾ ਹੋਏਗਾ ਤਾਂ ਕਿ ਸਾਰੇ ਵਿਦਿਆਰਥੀ ਆਪਣੀ ਸਿਖਲਾਈ ਦੀ ਕਾਰਜਕੁਸ਼ਲਤਾ ਕਰ ਸਕਣ। ਜੇਕਰ ਤੁਸੀਂ ਕੇਵਲ ਇੱਕ ਲਿਖਤ ਪ੍ਰੀਖਿਆ ਦਾ ਆਯੋਜਨ ਕਰਦੇ ਹੋ ਅਤੇ ਇਸ ਨੂੰ ਸਿਖਲਾਈ ਦੇ ਨਿਰਧਾਰਨ ਲਈ ਪ੍ਰਯੋਗ ਕਰਦੇ ਹੋ ਤਾਂ ਇਹ ਕਾਫ਼ੀ ਹੱਦ ਤੱਕ ਸੰਭਾਵਨਾ ਹੈ ਕਿ ਕਾਫ਼ੀ ਵਿਦਿਆਰਥੀਆਂ ਨੂੰ ਕੁਝ ਪ੍ਰਸ਼ਨਾਂ ਦੇ ਉੱਤਰ ਦੇਣ ਵਿੱਚ ਅਸੁਵਿਧਾ ਹੋਈ ਹੋਏਗੀ। ਇਸ ਪ੍ਰਕਾਰ ਉਨ੍ਹਾਂ ਨੂੰ ਨਿਮਨ ਅੰਕ/ ਗ੍ਰੇਡ ਮਿਲੇ ਜਦੋਂ ਕਿ ਦੂਜੇ ਪ੍ਰਕਾਰ ਦੇ ਕਾਰਜ ਵਿੱਚ ਇਹ ਸੰਭਾਵਨਾ ਹੈ ਕਿ ਉਹ ਬਿਹਤਰ ਕਰ ਸਕਦੇ ਸਨ।

- ਨਿਰਧਾਰਨ ਦੇ ਕਾਰਜ/ਯੰਤਰ ਦੇ ਅੰਤਰ ਹੀ ਵਿਦਿਆਰਥੀਆਂ ਲਈ ਉਨ੍ਹਾਂ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਉਚਿਤ ਵਿਕਲਪ ਹੋਣੇ ਚਾਹੀਦੇ ਹਨ।

- ਜੇਕਰ ਤੁਸੀਂ ਆਪਣੇ ਵਿਦਿਆਰਥੀਆਂ ਦੀ ਸਿਖਲਾਈ ਦੇ ਬਾਰੇ ਵਿੱਚ ਇੱਕ ਵਿਸ਼ੇਸ਼ ਵਿਸ਼ਾ ਵਸਤੂ ਦੀ ਇਕਾਈ 'ਤੇ ਉਚਿਤ ਅੰਕੜੇ ਇਕੱਤਰ ਕਰ ਵੀ ਲਏ ਹਨ ਤਾਂ ਵੀ ਤੁਹਾਨੂੰ ਸਿਖਲਾਈ ਦੇ ਨਿਰਧਾਰਨ ਲਈ ਸਭ ਤੋਂ ਸੁਸੰਗਤ ਅਤੇ ਸਭ ਤੋਂ ਬਾਅਦ ਵਿੱਚ ਲਏ ਗਏ ਜਾਂ ਨਵੇਂ ਅੰਕੜਿਆਂ ਦਾ ਪ੍ਰਯੋਗ ਕਰਨਾ ਹੋਏਗਾ।

- ਕਿਸੇ ਵਿਸ਼ੇ/ਖੇਤਰ ਦੀ ਸਿਖਲਾਈ ਦਾ ਨਿਰਧਾਰਨ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਸੁਨਿਸ਼ਚਤ ਕਰਨਾ ਹੋਏਗਾ ਕਿ ਹਰੇਕ ਵਿਦਿਆਰਥੀ ਨੂੰ ਉਚਿਤ ਫੀਡਬੈਕ ਨਾਲ ਅਭਿਆਸ ਕਰਨ ਅਤੇ ਅਭਿਆਸ ਦੇ ਦੌਰਾਨ ਸੁਧਾਰ ਲਈ ਉਚਿਤ ਅਵਸਰ ਪ੍ਰਦਾਨ ਕੀਤੇ ਜਾ ਚੁੱਕੇ ਹਨ।

- ਤੁਹਾਨੂੰ ਵਿਦਿਆਰਥੀਆਂ ਦੀਆਂ ਪ੍ਰਤੀਕਿਰਿਆਵਾਂ ਅਤੇ ਕਾਰਜਕੁਸ਼ਲਤਾਵਾਂ ਨੂੰ ਅੰਕ ਜਾਂ ਗ੍ਰੇਡ ਦਿੰਦੇ ਹੋਏ ਬਹੁਤ ਜ਼ਿਆਦਾ ਸਾਵਧਾਨੀ ਰੱਖਣੀ ਹੈ ਤਾਂ ਕਿ ਇਹ ਕਾਰਜ ਬਿਲਕੁਲ ਨਿਰਪੱਖ ਹੋਵੇ। ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਿਆ ਹੈ ਤੁਹਾਨੂੰ ਆਪਣੀ ਪੇਸ਼ੇਵਰ ਨਿਆਂਸੰਗਤ ਦਾ ਪ੍ਰਯੋਗ ਕਰਕੇ ਅੰਕ ਜਾਂ ਗ੍ਰੇਡ ਦੇਣੇ ਹਨ ਤਾਂ ਕਿ ਜੇਕਰ ਲੋੜ ਪਏ ਤਾਂ ਤੁਸੀਂ ਉਨ੍ਹਾਂ ਨੂੰ ਨਿਆਂਸੰਗਤ ਪੇਸ਼ ਕਰ ਸਕੋ।

- ਜੇਕਰ ਤੁਹਾਨੂੰ ਕੁਝ ਵਿਦਿਆਰਥੀਆਂ ਦੇ ਨਤੀਜੇ ਸਭ ਤੋਂ ਬਾਅਦ ਵਾਲੇ ਨਿਰਧਾਰਨ ਵਿੱਚ ਅਸੰਗਤ ਜਾਂ ਅਸਥਿਰ ਲੱਗਣ ਤਾਂ ਉਨ੍ਹਾਂ ਨੂੰ ਸਾਵਧਾਨੀਪੂਰਬਕ ਦੁਬਾਰਾ ਦੇਖੋ ਅਤੇ ਜੇਕਰ

ਲੋੜ ਲੱਗੇ ਤਾਂ ਉਨ੍ਹਾਂ ਵਿਦਿਆਰਥੀਆਂ ਦੇ ਘਰ ਅਤੇ ਸਕੂਲ ਦੀ ਸਿਖਲਾਈ ਦੀਆਂ ਸਥਿਤੀਆਂ ਦੀ ਜਾਂਚ ਕਰੋ ਤਾਂ ਕਿ ਅਜਿਹੇ ਅਸਥਿਰ ਨਤੀਜਿਆਂ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

ਈ-1 ਨਿਮਨਲਿਖਤ ਵਿੱਚੋਂ ਕਿਹੜਾ ਸਿਖਲਾਈ ਦੇ ਨਿਰਧਾਰਨ ਦਾ ਉਦਾਹਰਨ ਨਹੀਂ ਹੈ?

ੳ. ਸਾਲਾਨਾ ਪ੍ਰੀਖਿਆ

ਅ. ਗ੍ਰਹਿ ਕਾਰਜ ਦਾ ਨਿਰਧਾਰਨ

ੲ. ਵਜ਼ੀਫੇ ਦੀ ਪ੍ਰੀਖਿਆ

ਈ-2 ਕੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿੱਚ ਉੱਨਤੀ ਲਈ ਸਾਲਾਨਾ ਪ੍ਰੀਖਿਆ ਦੇ ਅੰਕਾਂ/ਗ੍ਰੇਡਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ?

14.2.2 ਸਿਖਲਾਈ ਲਈ ਨਿਰਧਾਰਨ

ਸਿਖਲਾਈ ਦੇ ਉਸ ਨਿਰਧਾਰਨ ਦੇ ਬਾਰੇ ਵਿੱਚ ਸੋਚੋ ਜਿਸ ਵਿੱਚ ਨਿਰਧਾਰਨ ਦੇ ਨਤੀਜੇ ਹਰ ਵਿਸ਼ੇ ਵਸਤੂ ਦੀ ਇਕਾਈ/ਵਿਸ਼ੇ ਦੇ ਅੰਤ ਵਿੱਚ ਉਪਲੱਬਧ ਹਨ ਅਤੇ ਵੰਡੇ ਜਾਂਦੇ ਹਨ। ਕੀ ਇਕਾਈ ਜਾਂ ਟਰਮ ਦੇ ਅੰਤ ਵਿੱਚ ਫੀਡਬੈਕ ਮਿਲਣ 'ਤੇ ਉਸ 'ਤੇ ਕਾਰਜ ਕਰਨਾ, ਕਾਰਜ ਕਰਨ ਵਿੱਚ ਕਾਫ਼ੀ ਦੇਰ ਹੋ ਚੁੱਕੀ ਹੈ, ਮੰਨਿਆ ਜਾਏਗਾ। ਜੇਕਰ ਵਿਦਿਆਰਥੀ ਨੂੰ ਆਪਣੀ ਕਾਰਜਕੁਸ਼ਲਤਾ 'ਤੇ ਫੀਡਬੈਕ ਸਹੀਂ ਸਮੇਂ 'ਤੇ ਮਿਲ ਜਾਏ, ਇਕਾਈ/ਟਰਮ ਦੇ ਅੰਤ ਵਿੱਚ ਨਹੀਂ ਤਾਂ ਸ਼ਾਇਦ ਉਹ ਆਪਣੇ ਸਿਖਲਾਈ ਦੇ ਤਰੀਕਿਆਂ ਵਿੱਚ ਸੁਧਾਰ ਕਰਕੇ ਬਿਹਤਰ ਕਾਰਜਕੁਸ਼ਲਤਾ ਦਾ ਪ੍ਰਦਰਸ਼ਨ ਕਰ ਸਕਦਾ ਹੈ। ਇਸ ਲਈ ਸਿਖਲਾਈ ਉਦੋਂ ਪ੍ਰਭਾਵਸ਼ਾਲੀ ਹੁੰਦੀ ਹੈ ਜਦੋਂ ਉਸ ਨੂੰ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਦੀ ਸਿਖਲਾਈ ਵਿੱਚ ਸੁਧਾਰ ਲਈ ਰੁਪਾਂਤਰਿਤ ਕੀਤਾ ਜਾਂਦਾ ਹੈ, ਇਸ ਲਈ ਸਿਖਲਾਈ ਨੂੰ ਸਮੇਂ ਸਮੇਂ 'ਤੇ ਗੈਰ ਰਸਮੀ ਰੂਪ ਨਾਲ ਕਰਨਾ ਹੋਏਗਾ ਅਤੇ ਸਹੀ ਸਮੇਂ 'ਤੇ ਫੀਡਬੈਕ ਵੀ ਕਰਨੀ ਹੋਏਗੀ। ਇਸ ਪ੍ਰਕਾਰ ਦੇ ਨਿਰਧਾਰਨ ਨੂੰ ਸਿਖਲਾਈ ਲਈ ਨਿਰਧਾਰਨ ਕਿਹਾ ਜਾਂਦਾ ਹੈ।

ਸਿਖਲਾਈ ਲਈ ਨਿਰਧਾਰਨ ਦੇ ਮੁੱਖ ਉਦੇਸ਼ ਨਿਮਨਲਿਖਤ ਹਨ:

- ਹਰ ਬੱਚੇ ਨੂੰ ਇਹ ਪਤਾ ਕਰਾਉਣਾ ਹੈ ਕਿ ਉਹ ਕੀ ਕਰ ਰਿਹਾ ਹੈ, ਇਹ ਸਮਝਾਉਣਾ ਕਿ ਉਸ ਨੂੰ ਸੁਧਾਰ ਲਈ ਕੀ ਕਰਨ ਦੀ ਲੋੜ ਹੈ ਅਤੇ ਉੱਥੇ ਤੱਕ ਕਿਵੇਂ ਪਹੁੰਚਣਾ ਹੈ। ਬੱਚੇ ਨੂੰ ਬਲ ਪ੍ਰਦਾਨ ਕੀਤਾ ਜਾਂਦਾ ਹੈ, ਉਸ ਨੂੰ ਸਰਗਰਮ ਸਿਖਿਆਰਥੀ ਬਣਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਕਿ ਆਪਣੀ ਸਿਖਲਾਈ ਵਿੱਚ ਲਗਾਤਾਰ ਸੁਧਾਰ ਕਰ ਸਕੇ।

- ਹਰ ਅਧਿਆਪਕ ਨੂੰ ਇਸ ਯੋਗ ਬਣਾਉਣਾ ਕਿ ਵਿਦਿਆਰਥੀਆਂ ਦੀ ਉਪਲੱਬਧੀ ਦੇ ਬਾਰੇ ਵਿੱਚ ਚੰਗੀ ਤਰ੍ਹਾਂ ਫੈਸਲਾ ਕਰ ਸਕੇ, ਪ੍ਰਗਤੀ ਦੀਆਂ ਧਾਰਨਾਵਾਂ ਅਤੇ ਨਿਯਮਾਂ ਨੂੰ ਸਮਝ ਸਕੇ ਅਤੇ ਨਿਰਧਾਰਨ ਦੇ ਨਤੀਜਿਆਂ ਦਾ ਪ੍ਰਯੋਗ ਕਿਵੇਂ ਕਰਨਾ ਹੈ, ਹਰ ਵਿਦਿਆਰਥੀ ਦੀ ਸਿਖਲਾਈ ਵਿੱਚ ਸੁਧਾਰ ਲਈ ਇਹ ਜਾਣ ਸਕੇ, ਵਿਸ਼ੇਸ਼ ਤੌਰ 'ਤੇ ਜੋ ਵਿਦਿਆਰਥੀ ਆਪਣੀ ਸਮਰੱਥਾ ਨੂੰ ਪੂਰਾ ਨਹੀਂ ਕਰ ਪਾਉਂਦੇ।

- ਘਰ ਸਕੂਲ ਵਿੱਚ ਸੰਗਠਿਤ ਅਤੇ ਸੰਯੋਜਿਤ ਨਿਰਧਾਰਨ ਤੰਤਰਾਂ ਦਾ ਹੋਣਾ ਤਾਂਕਿ ਵਿਦਿਆਰਥੀਆਂ ਦਾ ਨਿਯਮਤ, ਉਪਯੋਗੀ, ਪ੍ਰਬੰਧ ਯੋਗ ਅਤੇ ਸਹੀ ਨਿਰਧਾਰਨ ਹੋ ਸਕੇ ਅਤੇ ਨਿਰਧਾਰਨ ਦੇ ਨਤੀਜਿਆਂ ਦਾ ਉਪਯੋਗ ਬੱਚਿਆਂ ਦੀ ਸਿਖਲਾਈ ਦੀ ਪ੍ਰਗਤੀ ਦੀ ਜਾਂਚ ਲਈ ਕੀਤਾ ਜਾ ਸਕੇ।

- ਹਰ ਮਾਂ ਬਾਪ ਜਾਂ ਮਾਪੇ ਨੂੰ ਦੱਸਣਾ ਕਿ ਉਨ੍ਹਾਂ ਦਾ ਬੱਚਾ ਸਿਖਲਾਈ ਵਿੱਚ ਕਿਵੇਂ ਚੱਲ ਰਿਹਾ ਹੈ ਅਤੇ ਉਨ੍ਹਾਂ ਨੂੰ ਸੁਧਾਰ ਲਈ ਕੀ ਕਰਨ ਦੀ ਲੋੜ ਹੈ, ਅਤੇ ਉਹ ਬੱਚੇ ਅਤੇ ਅਧਿਆਪਕ ਦੀ ਕੀ

ਮਦਦ ਕਰ ਸਕਦੇ ਹਨ। ਸਿਖਲਾਈ ਲਈ ਨਿਰਧਾਰਨ ਦੇ ਦੋ ਪੜਾਅ ਹੁੰਦੇ ਹਨ ਪਹਿਲਾ ਜਾਂ ਨਿਦਾਨਾਤਮਕ ਨਿਰਧਾਰਨ ਅਤੇ ਸਿਰਜਣਾਤਮਕ ਨਿਰਧਾਰਨ।

- ਨਿਦਾਨਾਮਤਕ ਨਿਰਧਾਰਨ: ਇਕਾਈ ਦੀ ਸਿਖਲਾਈ ਸ਼ੁਰੂ ਹੋਣ ਤੋਂ ਪਹਿਲਾਂ ਇਹ ਜਾਣਨ ਲਈ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਨੂੰ ਵਿਸ਼ੇ ਸਬੰਧੀ ਕੀ ਪਤਾ ਹੈ, ਕੀ ਨਹੀਂ। ਇਸ ਪ੍ਰਕਾਰ ਦਾ ਨਿਰਧਾਰਨ ਇਹ ਜਾਣਨ ਵਿੱਚ ਸਹਾਇਤਾ ਕਰਦਾ ਹੈ ਕਿ ਤੁਹਾਡੇ ਵਿਦਿਆਰਥੀ ਸਿਖਲਾਈ ਦੇ ਕਿਸ ਪੱਧਰ ’ਤੇ ਹਨ ਅਤੇ ਵਿਦਿਆਰਥੀਆਂ ਦੇ ਸਿਖਲਾਈ ਪੱਧਰ ਦੇ ਅਨੁਸਾਰ ਸਿਖਲਾਈ ਲਈ ਕੀ ਵਿਧੀਆਂ ਅਪਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਉਨ੍ਹਾਂ ਦੇ ਸਿਖਲਾਈ ਪੱਧਰ ਵਿੱਚ ਲਗਾਤਾਰ ਸੁਧਾਰ ਹੋਵੇ। ਉਦਾਹਰਨ ਦੇ ਤੌਰ ’ਤੇ ਜੇਕਰ ਤੁਸੀਂ ਛੇਵੀਂ ਕਲਾਸ ਵਿੱਚ ਭਾਰਤ ਦੇ ਵਿਭਿੰਨ ਰਾਜਾਂ ਸਬੰਧੀ ਪੜ੍ਹਾਉਣ ਜਾ ਰਹੇ ਹੋ ਤਾਂ ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਬੱਚਿਆਂ ਨੂੰ ਐਟਲਸ ਦਾ ਚੰਗੀ ਤਰ੍ਹਾਂ ਪ੍ਰਯੋਗ ਕਰਨਾ ਆਉਂਦਾ ਹੈ ਜਾਂ ਨਹੀਂ। ਜੇਕਰ ਤੁਸੀਂ ਇਹ ਦੇਖਦੇ ਹੋ ਕਿ ਕਲਾਸ ਦੇ ਜ਼ਿਆਦਾਤਰ ਵਿਦਿਆਰਥੀਆਂ ਨੂੰ ਐਟਲਸ ਦਾ ਪ੍ਰਯੋਗ ਕਰਨਾ ਆਉਂਦਾ ਹੈ ਤਾਂ ਤੁਸੀਂ ਉਨ੍ਹਾਂ ਨੂੰ ਇਸ ਕਾਰਜ ਵਿੱਚ ਲਗਾਤਾਰ ਉਨ੍ਹਾਂ ਬੱਚਿਆਂ ਦੇ ਛੋਟੇ ਸਮੂਹ ਨਾਲ ਕਾਰਜ ਕਰ ਸਕਦੇ ਹਨ ਜਿਨ੍ਹਾਂ ਨੂੰ ਇਹ ਕਾਰਜ ਕਰਨਾ ਨਹੀਂ ਆਉਂਦਾ।

- ਸਿਰਜਣਾਤਮਕ ਨਿਰਧਾਰਨ: ਉਹ ਨਿਰਧਾਰਨ ਹੈ ਜਿਸ ਨਾਲ ਤੁਸੀਂ ਸਿਖਲਾਈ ਪ੍ਰਕਿਰਿਆ ਦੇ ਦੌਰਾਨ ਜਦੋਂ ਕਲਾਸ ਚੱਲ ਰਹੀ ਹੈ ਅਤੇ ਅਧਿਐਨ ਦੀ ਇੱਕ ਇਕਾਈ ’ਤੇ ਅੱਗੇ ਪ੍ਰਗਤੀ ਕਰ ਰਹੀ ਹੈ, ਅੰਕੜੇ ਇਕੱਠੇ ਕਰ ਸਕਦੇ ਹਨ, ਬੱਚਿਆਂ ਦੇ ਗਿਆਨ ਅਤੇ ਕੁਸ਼ਲਾਂ ਨੂੰ ਸੁਨਿਸ਼ਚਤ ਕਰਨ ਲਈ ਜਿਨ੍ਹਾਂ ਵਿੱਚ ਸਿਖਲਾਈ ਵਿੱਚ ਰਹਿ ਗਈਆਂ ਕਮੀਆਂ ਵੀ ਸ਼ਾਮਲ ਹੋਣਗੀਆਂ। ਤੁਸੀਂ ਸਿਰਜਣਾਤਮਕ ਨਿਰਧਾਰਨ ਦੇ ਨਤੀਜਿਆਂ ਨੂੰ ਸਿਖਲਾਈ ਦਾ ਮਾਰਗ ਦਰਸ਼ਨ ਕਰਨ ਲਈ ਬੱਚਿਆਂ ਦੀਆਂ ਲੋੜਾਂ ਅਨੁਸਾਰ ਆਪਣੀਆਂ ਅਧਿਆਪਨ ਵਿਧੀਆਂ ਵਿੱਚ ਤਬਦੀਲੀ ਲਈ ਵੀ ਕਰ ਸਕਦੇ ਹੋ। ਐਟਲਸ ਦੇ ਪ੍ਰਯੋਗ ਦਾ ਉਦਾਹਰਨ ਲੈਂਦੇ ਹੋਏ ਬੱਚਿਆਂ ਨੇ ਜੋ ਕਾਰਜ ਐਟਲਸ ਦਾ ਪ੍ਰਯੋਗ ਕਰਕੇ ਪੂਰਾ ਕੀਤਾ ਹੈ, ਤੁਸੀਂ ਉਸ ’ਤੇ ਫੀਡਬੈਕ ਪ੍ਰਦਾਨ ਕਰ ਸਕਦੇ ਹੋ ਅਤੇ ਆਪਣੀ ਸਿਖਲਾਈ ਨੂੰ ਦੁਬਾਰਾ ਤੋਂ ਵਿਵਸਥਿਤ ਕਰਨ, ਉਸ ’ਤੇ ਦੁਬਾਰਾ ਵਿਚਾਰ ਕਰਨ ਅਤੇ ਸਪੱਸ਼ਟ ਕਰਨ ਲਈ ਵਿਚਾਰ ਪੇਸ਼ ਕਰ ਸਕਦੇ ਹੋ।

- ਸਿਰਜਣਾਤਮਕ ਨਿਰਧਾਰਨਅ ਰਾਹੀਂ ਜੇਕਰ ਤੁਸੀਂ ਦੇਖਦੇ ਹੋ ਕਿ ਬਹੁਤ ਸਾਰੇ ਵਿਦਿਆਰਥੀਆਂ ਨੂੰ ਜੋ ਕਿ ਪੜ੍ਹਾਇਆ ਗਿਆ ਸੀ, ਸਮਝ ਵਿੱਚ ਨਹੀਂ ਆਇਆ ਤਾਂ ਤੁਹਾਨੂੰ ਅਗਲਾ ਪਾਠ ਪੜ੍ਹਾਉਣ ਤੋਂ ਪਹਿਲਾਂ ਅਲੱਗ ਜਾਂ ਵਿਕਲਪਿਕ ਵਿਧੀਆਂ ਦਾ ਪ੍ਰਯੋਗ ਧਾਰਨਾਵਾਂ ਅਤੇ ਕੁਸ਼ਲਾਂ ਨੂੰ ਪੜ੍ਹਾਉਣ ਲਈ ਕਰਨਾ ਹੋਏਗਾ।

ਸਿਖਲਾਈ ਲਈ ਨਿਰਧਾਰਨ ਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਹਨ:

- ਇਹ ਹਰੇਕ ਸਿੱਖਿਆਰਥੀ ਲਈ ਉਨ੍ਹਾਂ ਦੀ ਸ਼ਕਤੀ ਅਤੇ ਲੋੜਾਂ ਦੀ ਪਛਾਣ ਕਰਨ ਲਈ ਜ਼ਿੰਮੇਵਾਰ ਹੈ।

- ਇਹ ਪ੍ਰਕਿਰਤੀ ਵਿੱਚ ਵਿਅਕਤੀਗਤ ਹੈ ਅਤੇ ਫੈਸਲਾਕੁੰਨ ਨਹੀਂ ਹੈ, ਇਸ ਲਈ ਮੁਲਾਂਕਣ ਨਹੀਂ ਕਰਦਾ।

- ਉੱਚ ਗੁਣਵੱਤਾ ਵਾਲੀ ਫੀਡਬੈਕ ਰਾਹੀਂ, ਇਹ ਵਿਦਿਆਰਥੀਆਂ ਨੂੰ ਇਸ ਗੱਲ ਦੀ ਸੂਚਨਾ ਪ੍ਰਦਾਨ ਕਰਦਾ ਹੈ ਕਿ ਉਨ੍ਹਾਂ ਨੇ ਕੀ ਬਹੁਤ ਚੰਗਾ ਕੀਤਾ ਹੈ, ਉਨ੍ਹਾਂ ਨੂੰ ਕਿੱਥੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੂੰ ਆਪਣਾ ਕਾਰਜ ਹੋਰ ਬਿਹਤਰ ਕਰਨ ਲਈ ਕੁਝ ਅਲੱਗ ਕੀ ਕਰਨਾ ਹੋਏਗਾ।

- ਕਿਉਂਕਿ ਨਿਰੰਤਰ ਚੱਲਦੇ ਰਹਿਣ ਵਾਲੀ ਸਿਖਲਾਈ ਦੀ ਪ੍ਰਕਿਰਿਆ ਦੇ ਸੁਧਾਰ ਲਈ ਸਿੱਖਿਆਰਥੀ ਨੂੰ ਫੀਡਬੈਕ ਪ੍ਰਦਾਨ ਕਰਨਾ ਹੈ, ਨਿਰਧਾਰਨ ਵਾਰ ਵਾਰ ਅਤੇ ਲਗਾਤਾਰ, ਸਿਖਲਾਈ ਦੀ ਪ੍ਰਕਿਰਿਆ ਦੇ ਦੌਰਾਨ ਕੀਤਾ ਜਾਂਦਾ ਹੈ।

• ਇਹ ਵਿਦਿਆਰਥੀਆਂ ਨੂੰ ਆਪਣੇ ਕਾਰਜ ਅਤੇ ਸਿਖਲਾਈ 'ਤੇ ਮੁੜ ਵਿਚਾਰ ਕਰਨ ਅਤੇ ਸੁਧਾਰ ਲਈ ਵਿਸ਼ੇਸ਼ ਕਿਰਿਆਵਾਂ ਕਰਨ ਲਈ ਇੱਕ ਕਾਰਨ ਬਣਦਾ ਹੈ।

• ਇਹ ਵਿਦਿਆਰਥੀਆਂ ਤੋਂ ਗਲਤੀਆਂ ਦੀ ਸੰਭਾਵਨਾ ਰੱਖਦਾ ਹੈ ਅਤੇ ਉਨ੍ਹਾਂ ਨੂੰ ਗਲਤੀਆਂ ਦੀ ਜਾਂਚ ਕਰਕੇ ਆਪਣੀ ਸਿਖਲਾਈ ਨੂੰ ਸੁਧਾਰਨ ਲਈ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

• ਇਹ ਵਿਦਿਆਰਥੀਆਂ ਨੂੰ ਸਵੈ ਅਤੇ ਸਹਿਪਾਠੀਆਂ ਦੀ ਸੰਰਚਨਾਤਮਕ ਪ੍ਰੀਖਿਆ ਵਿੱਚ ਸ਼ਾਮਲ ਕਰਦਾ ਹੈ।

• ਇਸ ਦੀ ਯੋਜਨਾ ਇਸ ਪ੍ਰਕਾਰ ਬਣਾ ਕੇ ਇਸ ਦਾ ਉਪਯੋਗ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਦੀ ਸਿਖਲਾਈ ਨੂੰ ਬਲ ਪ੍ਰਦਾਨ ਕੀਤਾ ਜਾਂਦਾ ਹੈ ਤਾਂ ਕਿ ਅੰਤ ਵਿੱਚ ਉਹ ਸਿਖਲਾਈ ਦੇ ਨਿਰਧਾਰਨ ਵਿੱਚ ਬਿਹਤਰ ਕਾਰਜਕੁਸ਼ਲਤਾ ਕਰ ਸਕਣ ਜਿਸ ਨੂੰ ਗ੍ਰੇਡਿੰਗ ਅਤੇ ਰਿਪੋਰਟਿੰਗ ਦੇ ਉਦੇਸ਼ਾਂ ਲਈ ਪ੍ਰਯੋਗ ਕੀਤਾ ਜਾਏਗਾ।

ਯੂ.ਕੇ. ਰਿਫਾਰਮ ਗਰੁੱਪ (1999) ਨੇ ਸਿਖਲਾਈ ਲਈ ਨਿਰਧਾਰਨ ਦੇ 5 ਵੱਡੇ ਨਿਯਮਾਂ ਦੀ ਪਛਾਣ ਕੀਤੀ ਹੈ ਜੋ ਕਿ ਨਿਮਨਲਿਖਤ ਹਨ:

1. ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਫੀਡਬੈਕ ਪ੍ਰਦਾਨ ਕਰਨਾ।

2. ਆਪਣੀ ਹੀ ਸਿਖਲਾਈ ਵਿੱਚ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ।

3. ਨਿਰਧਾਰਨ ਦੇ ਨਤੀਜਿਆਂ ਦੇ ਮੱਦੇਨਜ਼ਰ ਰੱਖਦੇ ਹੋਏ ਅਧਿਆਪਨ ਨੂੰ ਅਨੁਕੂਲ ਬਣਾਉਣਾ।

4. ਨਿਰਧਾਰਨ ਦੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੇ ਆਤਮ ਸਨਮਾਨ 'ਤੇ ਪ੍ਰਭਾਵ ਦੀ ਪਛਾਣ ਕਰਨਾ ਇਨ੍ਹਾਂ ਦੋਨਾਂ ਦੇ ਉਨ੍ਹਾਂ ਦੀ ਸਿਖਲਾਈ 'ਤੇ ਮਹੱਤਵਪੂਰਨ ਪ੍ਰਭਾਵ ਪੈਂਦੇ ਹਨ।

5. ਵਿਦਿਆਰਥੀਆਂ ਦੀ ਆਪਣਾ ਨਿਰਧਾਰਨ ਸਵੈ ਕਰਨ ਦੀ ਲੋੜ ਅਤੇ ਇਹ ਸਮਝਣਾ ਕਿ ਉਹ ਕਿਵੇਂ ਬਿਹਤਰ ਹੋ ਸਕਦੇ ਹਨ।

ਸਿਖਲਾਈ ਲਈ ਨਿਰਧਾਰਨ ਦੀਆਂ ਪੱਧਤੀਆਂ ਅਤੇ ਵਿਧੀਆਂ: ਕਲਾਸ ਸਥਿਤੀ ਵਿੱਚ ਸਾਰੇ ਵਿਦਿਆਰਥੀਆਂ ਦੀ ਸਿਖਲਾਈ ਦੇ ਨਿਰਧਾਰਨ ਦੀ ਤਕਨੀਕ ਸਬੰਧੀ ਫੈਸਲਾ ਲੈਂਦੇ ਹੋਏ ਇਹ ਧਿਆਨ ਵਿੱਚ ਰੱਖਣਾ ਹੈ ਕਿ ਚੁਣੀਆਂ ਗਈਆਂ ਵਿਧੀਆਂ ਕਿਸ ਸੀਮਾ ਤੱਕ ਸਾਰੇ ਬੱਚਿਆਂ ਦੀ ਪ੍ਰਗਤੀ ਦਾ ਨਿਰਧਾਰਨ ਕਰਨ ਦੇ ਯੋਗ ਤੁਹਾਨੂੰ ਬਣਾਉਣਗੀਆਂ ਅਤੇ ਬੱਚਿਆਂ ਨੂੰ ਸਿਰਜਣਾਤਮਕ ਫੀਡਬੈਕ ਪ੍ਰਦਾਨ ਕਰਨਗੀਆਂ ਅਤੇ ਤੁਹਾਨੂੰ ਆਪਣੇ ਅਧਿਆਪਨ 'ਤੇ ਵੀ ਫੀਡਬੈਕ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਗੀਆਂ। ਇਸ ਨੂੰ ਕਰਨ ਦੀਆਂ ਚਾਰ ਮੁੱਖ ਪੱਧਤੀਆਂ ਹਨ:

–ਅਧਿਆਪਕ ਚਾਲਕ ਨਿਰਧਾਰਨ (ਕਈ ਪ੍ਰਕਾਰ ਦੀਆਂ ਵਿਧੀਆਂ ਦਾ ਪ੍ਰਯੋਗ ਕਰਕੇ ਜਿਵੇਂ ਲਿਖਤ ਅਤੇ ਮੌਖਿਕ ਪ੍ਰੀਖਿਆ, ਵਿਦਿਆਰਥੀਆਂ ਨਾਲ ਅੰਤਰਕਿਰਿਆਵਾਂ, ਨਿਰਧਾਰਤ ਕਾਰਜ, ਬੱਚਿਆਂ ਦੀਆਂ ਕਿਰਿਆਵਾਂ ਦਾ ਪ੍ਰੇਖਣ ਆਦਿ)

–ਸਿੱਖਿਆਰਥੀ ਦਾ ਸਵੈ ਨਿਰਧਾਰਨ (ਆਪਣੀ ਕਾਰਜਕੁਸ਼ਲਤਾ 'ਤੇ ਸਵੈ ਦਾ ਪੁਨਰਵਿਚਾਰ ਅਤੇ ਹੋਰਾਂ 'ਤੇ ਫੈਸਲੇ)

– ਸਹਿਪਾਠੀਆਂ ਵੱਲੋਂ ਨਿਰਧਾਰਨ (ਸਿੱਖਿਆਰਥੀ ਦੀਆਂ ਪ੍ਰਕਿਰਿਆਵਾਂ ਅਤੇ ਕਾਰਜਕੁਸ਼ਲਤਾਵਾਂ 'ਤੇ ਸਹਿਪਾਠੀਆਂ ਵੱਲੋਂ ਨਿਰਧਾਰਨ)

– ਕੰਪਿਊਟਰ ਸਹਿ ਨਿਰਧਾਰਨ (ਖਾਸ ਤੌਰ 'ਤੇ ਇਸ ਉਦੇਸ਼ ਲਈ ਸੌਫਟਵੇਅਰ ਰਾਹੀਂ)

ਸਿਖਲਾਈ ਲਈ ਨਿਰਧਾਰਨ ਦੀ ਯੋਜਨਾ ਬਣਾਉਣੀ: ਸਿਖਲਾਈ ਲਈ ਨਿਰਧਾਰਨ ਦੀ ਯੋਜਨਾ ਕਲਾਸ ਅਧਿਆਪਨ ਸਿਖਲਾਈ ਲਈ ਤਿਆਰ ਕੀਤੀ ਗਈ ਯੋਜਨਾ ਦਾ ਭਾਗ ਹੋਣਾ ਚਾਹੀਦੀ ਹੈ ਕਿਉਂਕਿ ਇਸ ਪ੍ਰਕਾਰ ਦਾ ਨਿਰਧਾਰਨ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਨਾਲ ਨਾਲ ਚੱਲਣ ਵਾਲਾ ਭਾਗ ਹੈ। ਸਿਖਲਾਈ ਲਈ ਪ੍ਰਭਾਵਸ਼ਾਲੀ ਨਿਰਧਾਰਨ ਲਈ ਤੁਹਾਨੂੰ ਅਧਿਆਪਨ ਸਿਖਲਾਈ ਕਿਰਿਆਵਾਂ ਨੂੰ ਤਿਆਰ ਕਰਨ ਲਈ ਨਿਮਨਲਿਖਤ ਪੱਖਾਂ ਦਾ ਧਿਆਨ ਰੱਖਣਾ ਹੋਏਗਾ:

- ਕਲਾਸ ਵਿੱਚ ਕਾਰਜਕੁਸ਼ਲਤਾ ਧਾਰਨਾਵਾਂ/ਇਕਾਈਆਂ/ਵਿਸ਼ਿਆਂ ਦੇ ਸਿਖਲਾਈ ਉਦੇਸ਼ਾਂ ਦੇ ਢੁਕਵੇਂ ਨਿਰਧਾਰਨ ਦੇ ਉਦੇਸ਼ ਸੁਨਿਸ਼ਚਤ ਕਰੋ।

- ਜਦੋਂ ਸਿਖਲਾਈ ਲਈ ਪ੍ਰਭਾਵਸ਼ਾਲੀ ਤਰੀਕੇ ਨਾਲ ਹੋ ਰਿਹਾ ਹੋਵੇ ਤਾਂ ਕਲਾਸ ਦਾ ਸਾਫ ਚਿਤਰਣ ਹੋਣਾ ਚਾਹੀਦਾ ਹੈ:

-ਸ਼ਬਦ, ਚਿੱਤਰ, ਰੇਖਾ ਚਿੱਤਰ ਅਤੇ ਬੱਚਿਆਂ ਦੇ ਕਾਰਜਾਂ ਦਾ ਕਲਾਸ ਵਿੱਚ ਪ੍ਰਦਰਸ਼ਨ ਕੀਤਾ ਗਿਆ ਹੋਵੇ।

-ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਹਿਪਾਠੀਆਂ ਜਾਂ ਅਧਿਆਪਕ ਸਮੇਤ ਆਪਣੇ ਕਾਰਜ ਦੇ ਸੰਕਲਿਤ ਨਿਰਧਾਰਨ ਵਿੱਚ ਸ਼ਾਮਲ ਕੀਤਾ ਗਿਆ ਹੋਵੇ।

-ਅਧਿਆਪਕ ਅਤੇ ਹੋਰ ਵਿਦਿਆਰਥੀਆਂ ਵੱਲੋਂ ਲਗਾਤਾਰ ਫੀਡਬੈਕ ਦਿੱਤੀ ਜਾ ਰਹੀ ਹੈ।

-ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਾਰਜ ਦੇ ਨਿਰਧਾਰਨ ਸਮੇਂ ਵਿਦਿਆਰਥੀ ਪੱਖੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ।

- ਨਿਰਧਾਰਨ ਵਿਧੀ ਵਿੱਚ ਉਜਿਤ ਲਚਕ ਹੋਵੇ: ਜੇਕਰ ਤੁਹਾਡੇ ਵੱਲੋਂ ਯੋਜਨਾ ਬਣਾਈ ਗਈ ਵਿਧੀ ਅਸਲ ਕਲਾਸ ਸਥਿਤੀ ਵਿੱਚ ਲਾਗੂ ਨਹੀਂ ਹੋ ਪਾਉਂਦੀ ਤਾਂ ਤੁਹਾਡੇ ਕੋਲ ਵਿਕਲਪਿਕ ਵਿਧੀਆਂ ਹਮੇਸ਼ਾ ਤਿਆਰ ਹੋਣੀਆਂ ਚਾਹੀਦੀਆਂ ਹਨ।


- ਹਮੇਸ਼ਾ ਨਿਦਾਨਾਤਮਕ ਨਿਰਧਾਰਨ ਤੋਂ ਸ਼ੁਰੂ ਕਰੋ, ਸ਼ਾਇਦ ਗੈਰ ਰਸਮੀ ਰੂਪ ਨਾਲ 'ਜਾਣੋ, ਚਾਹੋ, ਸਿੱਖੋ' ਚਾਰਟ ਨੂੰ ਤਿਆਰ ਕਰੋ। ਇਸ ਚਾਰਟ ਨੂੰ ਅਕਸਰ ਤਿੰਨ ਸਿਰਲੇਖਾਂ ਦੇ ਇਰਦ ਗਿਰਦ ਸੰਕਲਿਤ ਕੀਤਾ ਜਾਂਦਾ ਹੈ: ਜੋ ਸਾਨੂੰ ਪਹਿਲਾਂ ਤੋਂ ਪਤਾ ਹੈ, ਜੋ ਅਸੀਂ ਸਿੱਖਣਾ ਚਾਹੁੰਦੇ ਹਾਂ ਅਤੇ ਜੋ ਅਸੀਂ ਸਿੱਖਿਆ।

- ਤੁਹਾਡੇ ਅਤੇ ਹੋਰ ਵਿਦਿਆਰਥੀਆਂ ਵੱਲੋਂ ਸਮੇਂ 'ਤੇ ਫੀਡਬੈਕ ਦੇਣੀ ਅਤੇ ਵਿਦਿਆਰਥੀਆਂ ਦੇ ਫੀਡਬੈਕ ਵਿੱਚ ਦਿੱਤੇ ਗਏ ਮਾਰਗਦਰਸ਼ਨ ਦੇ ਅਨੁਸਾਰ ਸੁਧਾਰ ਸੁਨਿਸ਼ਚਤ ਕਰੋ। ਬੱਚਿਆਂ ਨੂੰ ਇਸ ਗੱਲ ਦੇ ਸੰਕੇਤ ਦਿਓ ਕਿ ਫੀਡਬੈਕ ਕਿਸ ਪ੍ਰਕਾਰ ਦੇਣੀ ਅਤੇ ਪ੍ਰਾਪਤ ਕਰਨੀ ਹੈ।

- ਨਿਰਧਾਰਨ ਦੀ ਨਿਰੰਤਰਤਾ ਅਤੇ ਸਿਖਲਾਈ ਦੀ ਪ੍ਰਗਤੀ ਦੀ ਜਾਂਚ ਲਈ ਅਜਿਹੇ ਜਾਂਚ ਤੰਤਰ ਦਾ ਵਿਕਾਸ ਕਰੋ ਜੋ ਤੁਹਾਡੇ ਲਈ ਸਹਾਈ ਹੋਵੇ।

ਸਿਖਲਾਈ ਲਈ ਨਿਰਧਾਰਨ ਵਿੱਚ ਫੀਡਬੈਕ:

ਸਿਖਲਾਈ ਲਈ ਨਿਰਧਾਰਨ ਦਾ ਮੁੱਖ ਉਦੇਸ਼ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਨੂੰ ਵਿਦਿਆਰਥੀ ਦੇ ਸਿਖਲਾਈ ਉਦੇਸ਼ਾਂ ਦੀ ਤਰਫ਼ ਪ੍ਰਗਤੀ 'ਤੇ ਫੀਡਬੈਕ ਪ੍ਰਾਪਤ ਕਰਨਾ ਹੈ। ਇਸ ਫੀਡਬੈਕ ਦਾ ਪ੍ਰਯੋਗ ਅਧਿਆਪਕ ਨੂੰ ਅਧਿਆਪਨ ਨੂੰ ਦੁਹਰਾਉਣ ਅਤੇ ਅੱਗੇ ਦੇ ਵਿਕਾਸ ਕਰਨ ਲਈ ਕਰਨਾ ਚਾਹੀਦਾ ਹੈ। ਸਿਖਲਾਈ ਲਈ ਨਿਰਧਾਰਨ ਵਿੱਚ ਫੀਡਬੈਕ ਦੀ ਭੂਮਿਕਾ ਤੁਸੀਂ ਹੇਠ ਦਿੱਤੇ ਗਏ ਚਿੱਤਰ 14.1 ਵਿੱਚ ਦੇਖ ਸਕਦੇ ਹੋ।




ਚਿੱਤਰ 14.1 ਸਿਖਲਾਈ ਲਈ ਨਿਰਧਾਰਨ ਵਿੱਚ ਫੀਡਬੈਕ

ਮੌਖਿਕ ਅਤੇ ਲਿਖਤੀ ਸਿਰਜਣਾਤਮਕ ਫੀਡਬੈਕ ਦੇਣਾ ਸਿਖਲਾਈ ਲਈ ਨਿਰਧਾਰਨ ਬਹੁਤ ਮਹੱਤਵਪੂਰਨ ਭਾਗ ਹੈ। ਤੁਸੀਂ ਕਈ ਪ੍ਰਕਾਰ ਦੀਆਂ ਸਥਿਤੀਆਂ 'ਤੇ ਫੀਡਬੈਕ ਪ੍ਰਦਾਨ ਕਰ ਸਕਦੇ ਹੋ ਜਾਂ ਤਾਂ ਉਸੀ ਸਮੇਂ ਗੈਰ ਰਸਮੀ ਉੱਤਰ ਰਾਹੀਂ ਜਾਂ ਰਸਮੀ ਰੂਪ ਵਿੱਚ ਯੋਜਨਾਬੱਧ ਟੈਸਟਾਂ ਜਾਂ ਨਿਰਧਾਰਤ ਕਾਰਜਾਂ ਰਾਹੀਂ। ਵਿਦਿਆਰਥੀਆਂ ਨੂੰ ਫੀਡਬੈਕ ਦਿੰਦੇ ਹੋਏ ਨਿਮਨਲਿਖਤ ਬਿੰਦੂਆਂ 'ਤੇ ਧਿਆਨ ਦੇਣ ਦੀ ਲੋੜ ਹੈ:

ਲਿਖਤੀ ਫੀਡਬੈਕ ਦਿੰਦੇ ਸਮੇਂ:

- ਪਹਿਲਾਂ ਲਿਖੇ ਹੋਏ ਕਾਰਜ ਦੇ ਵਿਸ਼ਾ ਵਸਤੂ ਅਤੇ ਸੰਦੇਸ਼ 'ਤੇ ਪ੍ਰਤੀਕਿਰਿਆ ਦਿਓ, ਕੇਵਲ ਸਤ੍ਹਾ 'ਤੇ ਦਿਖਣ ਵਾਲੀਆਂ ਗਲਤੀਆਂ ਜਿਵੇਂ ਸ਼ਬਦਜੋੜ ਅਤੇ ਵਿਰਾਮ ਚਿੰਨ੍ਹਾਂ ਦੀਆਂ ਗਲਤੀਆਂ 'ਤੇ ਨਹੀਂ।
- ਇਕਦਮ ਗਲਤੀਆਂ 'ਤੇ ਨਾ ਆ ਜਾਓ, ਪਹਿਲਾਂ ਪ੍ਰਸ਼ੰਸਾ ਕਰੋ।
- ਜੇਕਰ ਲਿਖਾਈ ਵਿੱਚ ਕਮੀ ਹੈ ਤਾਂ ਇੱਕ ਜਾਂ ਦੋ ਵਿਸ਼ੇਸ਼ ਖੇਤਰਾਂ ਦੀ ਤਰਫ਼ ਧਿਆਨ ਆਕਰਸ਼ਿਤ ਕਰੋ। ਪੂਰੇ ਕਾਰਜ ਨੂੰ ਲਾਲ ਸਿਆਹੀ ਨਾਲ ਸਹੀ ਜਾਂ ਗਲਤ ਦੇ ਚਿੰਨ੍ਹਾਂ ਨਾਲ ਨਾ ਭਰੋ।
- ਵਿਸ਼ੇਸ਼ ਬਣੇ ਵਿਦਿਆਰਥੀਆਂ ਨੂੰ ਇਹ ਸੰਕੇਤ ਦਿਓ ਕਿ ਉਨ੍ਹਾਂ ਨੂੰ ਦਰਸਾਈ ਗਈ ਗਲਤੀ ਨੂੰ ਸੁਧਾਰਨ ਲਈ ਕੀ ਕਰਨਾ ਚਾਹੀਦਾ ਹੈ।

• ਵਿਦਿਆਰਥੀ ਨੂੰ ਸੁਧਾਰ ਕਾਰਜ ਲਈ ਪ੍ਰੋਤਸਾਹਿਤ ਕਰੋ, ਕੇਵਲ ਸਹੀ ਉੱਤਰ ਦਿਓ, ਸ਼ਬਦ ਜੋੜ ਆਦਿ ਲਿਖ ਕੇ ਨਾ ਦਿਓ।

ਮੌਖਿਕ ਫੀਡਬੈਕ ਦਿੰਦੇ ਹੋਏ:

– ਸਾਕਾਰਾਤਮਕਤਾ 'ਤੇ ਜ਼ੋਰ ਦਿਓ ਜੋ ਵਿਦਿਆਰਥੀ ਨੇ ਚੰਗਾ ਕੀਤਾ ਹੈ, ਉਸ 'ਤੇ ਹਮੇਸ਼ਾ ਵਿਸ਼ੇਸ਼ ਫੀਡਬੈਕ ਦਿਓ।

– ਜੋ ਉਪਲੱਬਧੀ ਪ੍ਰਾਪਤ ਹੋਈ ਹੈ, ਉਸ ਦੀ ਖੁਸ਼ੀ ਮਨਾਓ ਅਤੇ ਜਿਸ ਵਿੱਚ ਸੁਧਾਰ ਦੀ ਲੋੜ ਹੈ ਅਤੇ ਸੁਧਾਰ ਕਿਵੇ ਕੀਤਾ ਜਾਏ, ਇਸ 'ਤੇ ਸਪੱਸ਼ਟਤਾ ਪ੍ਰਦਾਨ ਕਰੋ।

– ਵਿਦਿਆਰਥੀਆਂ ਦੇ ਵਿਚਾਰ ਜਾਣੋ ਅਤੇ ਉਨ੍ਹਾਂ ਦੀ ਭਾਗੀਦਾਰੀ ਨੂੰ ਕੀਮਤੀ ਸਮਝੋ: ਇਸ ਵਿੱਚ ਉਨ੍ਹਾਂ ਨੂੰ ਆਪਣੇ ਕਾਰਜ ਦਾ ਨਿਰਧਾਰਨ ਬਿਹਤਰ ਢੰਗ ਨਾਲ ਕਰਨ ਵਿੱਚ ਸਹਾਇਤਾ ਪ੍ਰਾਪਤ ਹੋਏਗੀ ਜੋ ਕਿ ਉਨ੍ਹਾਂ ਨੂੰ ਆਜ਼ਾਦ ਸਿੱਖਿਆਰਥੀ ਬਣਾਉਣ ਲਈ ਮਹੱਤਵਪੂਰਨ ਹੈ।

– ਤੁਸੀਂ ਵਿਦਿਆਰਥੀਆਂ ਨੂੰ ਇਹ ਜਾਣਨ ਲਈ ਵੀ ਸੱਦਾ ਦਿਓ ਕਿ ਤੁਸੀਂ ਕੀ ਚੰਗਾ ਕਰਦੇ ਹੋ, ਫੀਡਬੈਕ ਇੱਕ ਤਰਫ਼ਾ ਪ੍ਰਕਿਰਿਆ ਨਹੀਂ ਹੈ।

– ਪ੍ਰਸ਼ਨ ਸਾਵਧਾਨੀਪੂਰਬਕ ਬਣਾਓ। ਖੁੱਲ੍ਹੇ ਸਿਰ ਵਾਲੇ ਪ੍ਰਸ਼ਨਾਂ ਦਾ ਪ੍ਰਯੋਗ ਕਰੋ ਅਤੇ ਇੱਕ ਸਮੇਂ 'ਤੇ ਇੱਕ ਤੋਂ ਜ਼ਿਆਦਾ ਪ੍ਰਸ਼ਨ ਨਾ ਪੁੱਛੋ।

– ਪ੍ਰੇਰਕਾਂ ਦਾ ਪ੍ਰਯੋਗ ਕਰੋ ਜਿਵੇਂ ਕਿ 'ਕੀ ਤੁਸੀਂ ਇਸ ਸਬੰਧੀ ਹੋਰ ਕੁਝ ਕਰਨਾ ਚਾਹੋਗੇ ?'

– ਇੱਕ ਪ੍ਰਸ਼ਨ ਕਰਨ ਤੋਂ ਬਾਅਦ ਜਾਂ ਉੱਤਰ ਪਾਉਣ ਤੋਂ ਬਾਅਦ ਕੁਝ ਪਲਾਂ ਲਈ ਵਿਰਾਮ ਲਓ, ਵਿਦਿਆਰਥੀ ਨੂੰ ਸਾਵਧਾਨੀਪੂਰਬਕ ਸੋਚਣ ਲਈ ਪ੍ਰੋਤਸਾਹਨ ਦੇਣ ਲਈ ਜਾਂ ਜੋ ਕਿਹਾ ਹੈ, ਉਸ ਵਿੱਚ ਕੁਝ ਹੋਰ ਜੋੜਨ ਲਈ।

– ਸਮਾਨੀਕਰਨ ਨਾ ਕਰੋ ਜਿਵੇਂ ਕਿ 'ਬਹੁਤ ਸਾਰੀਆਂ ਗਲਤੀਆਂ ਹਨ।' ਇਸ ਦੀ ਬਜਾਏ ਵਿਕਾਸ ਦੇ ਵਿਸ਼ੇਸ਼ ਖੇਤਰਾਂ 'ਤੇ ਧਿਆਨ ਕੇਂਦਰਿਤ ਕਰੋ, ਜਿਨ੍ਹਾਂ ਦੀ ਚਰਚਾ ਤੁਸੀਂ ਵਿਦਿਆਰਥੀਆਂ ਨਾਲ ਕਰ ਸਕਦੇ ਹੋ।

– ਉਨ੍ਹਾਂ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰੋ ਜਿਨ੍ਹਾਂ ਨੂੰ ਹਰ ਵਿਦਿਆਰਥੀ ਬਦਲ ਸਕਦਾ ਹੈ ਅਤੇ ਉਨ੍ਹਾਂ ਨੂੰ ਇਕਦਮ ਬਹੁਤ ਸਾਰੀ ਫੀਡਬੈਕ ਨਾਲ ਨਾ ਲੱਦੋ।

– ਜੇਕਰ ਤੁਹਾਡੇ ਸਮੂਹ ਵਿੱਚੋਂ ਇੱਕ ਵਿਅਕਤੀ ਨੂੰ ਫੀਡਬੈਕ ਦੇਣੀ ਹੈ ਤਾਂ ਤੁਹਾਨੂੰ ਸੰਵੇਦਨਸ਼ੀਲ ਹੋਣਾ ਪਏਗਾ ਕਿ ਉਹ ਹੋਰਾਂ ਨੂੰ ਸੁਣਨ ਨਾਲ ਬੁਰਾ ਤਾਂ ਮਹਿਸੂਸ ਨਹੀਂ ਕਰੇਗਾ।

– ਇਕੱਠੇ ਅੱਗੇ ਵਧਣ ਦੇ ਰਸਤੇ ਤਲਾਸ਼ੋ: ਵਿਚਾਰਾਂ ਨੂੰ ਵੰਡੋ ਅਤੇ ਸਮਾਧਾਨਾਂ ਨੂੰ ਲੱਭ ਕੇ ਇਸ ਦੀ ਬਜਾਏ ਕਿ ਤੁਸੀਂ ਹਮੇਸ਼ਾ ਆਪਣੇ ਸੁਝਾਅ ਦਿੰਦੇ ਰਹੋ।

– ਇਸ 'ਤੇ ਸਹਿਮਤ ਹੋਵੋ ਕਿ ਤੁਸੀਂ ਦੋਨਾਂ ਨਤੀਜਿਆਂ ਦੇ ਨਾਲ ਕੀ ਕਰੋਗੇ। ਇਸ ਵਿੱਚ ਨਵੇਂ ਉਦੇਸ਼ਾਂ 'ਤੇ ਸਮਝੌਤਾ ਜਾਂ ਸਿਖਲਾਈ ਅਵਸਰਾਂ ਲਈ ਯੋਜਨਾ ਬਣਾਉਣਾ ਸ਼ਾਮਲ ਹੋ ਸਕਦਾ ਹੈ।

– ਵਿਅਕਤੀ ਜਾਂ ਸਮੂਹ ਸਥਿਤੀਆਂ ਦੇ ਅਨੁਸਾਰ ਆਪਣੀ ਪੱਧਤੀ ਨੂੰ ਰੁਪਾਂਤਰਿਤ ਕਰੋ।

ਕਈ ਵਾਰ ਅਸੀਂ ਕਲਾਸ ਪ੍ਰਕਿਰਿਆ ਦੇ ਦੌਰਾਨ ਜਾਂ ਜਦੋਂ ਵਿਦਿਆਰਥੀ ਗਤੀਵਿਧੀਆਂ ਵਿੱਚ ਲੱਗੇ ਹੁੰਦੇ ਹਨ ਮੌਖਿਕ ਫੀਡਬੈਕ ਵੀ ਦਿੰਦੇ ਹਾਂ। ਇਹ ਸਰੀਰ ਦੀਆਂ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਜਾਂ ਸੰਕੇਤਾਂ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ ਜਿਵੇਂ ਕਿ ਕਿਸੇ ਵਿਦਿਆਰਥੀ ਦੀਆਂ

ਅੱਖਾਂ ਵਿੱਚ ਦੇਖਣਾ, ਉਂਗਲੀ ਨਾਲ ਇਸ਼ਾਰਾ ਕਰਕੇ ਸਹਿਮਤੀ ਜਾਂ ਅਸਹਿਮਤੀ ਦਿਖਾਉਣਾ ਜਾਂ ਸਿਰ ਹਿਲਾਉਣ, ਜਾਂ ਸਹਿਮਤੀ ਵਿੱਚ ਮੁਸਕਰਾਉਣਾ।

ਪ੍ਰਭਾਵਸ਼ਾਲੀ ਫੀਡਬੈਕ ਲਈ ਚਾਹੇ ਉਹ ਮੌਖਿਕ ਜਾਂ ਲਿਖਤ ਰੂਪ ਨਾਲ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ 'ਤੇ ਦਿੱਤੀ ਗਈ ਹੋਵੇ ਤੁਹਾਨੂੰ ਨਿਮਨਲਿਖਤ ਬਿੰਦੂਆਂ ਦਾ ਧਿਆਨ ਰੱਖਣਾ ਹੋਏਗਾ।

– ਬਿਨਾਂ ਦੇਰੀ ਕੀਤੇ ਫੀਡਬੈਕ ਦਿੱਤੀ ਜਾਣੀ ਚਾਹੀਦੀ ਹੈ ਨਹੀਂ ਤਾਂ ਫੀਡਬੈਕ ਆਪਣੀ ਪ੍ਰਸੰਗਿਕਤਾ ਖੋ ਸਕਦੀ ਹੈ।

– ਸਹੀ ਸਹੀ ਅਤੇ ਵਰਣਨ ਕਥਨ ਦਿਓ, ਕੇਵਲ ਅੰਕ ਨਹੀਂ ਇਸ ਇੱਛਾ ਨਾਲ ਕਿ ਵਿਦਿਆਰਥੀ ਸੁਤੰਤਰ ਸਿਖਲਾਈ ਦੀਆਂ ਆਦਤਾਂ ਦਾ ਵਿਕਾਸ ਕਰ ਸਕੇ।

– ਵਿਦਿਆਰਥੀ ਦੇ ਗੁਣਾਂ ਅਤੇ ਕਮਜ਼ੋਰੀਆਂ 'ਤੇ ਕਥਨ ਸ਼ਾਮਲ ਕਰੋ ਅਤੇ ਕਮੀਆਂ ਵਿੱਚ ਸੁਧਾਰ ਕਿਵੇਂ ਕੀਤਾ ਜਾ ਸਕਦਾ ਹੈ, ਉਸਦਾ ਮਾਰਗਦਰਸ਼ਨ ਕਰੋ।

– ਇੱਕ ਜਾਂ ਦੋ ਸਿਖਲਾਈ ਉਦੇਸ਼ ਪ੍ਰਦਾਨ ਕਰੋ ਜੋ ਵਿਦਿਆਰਥੀਆਂ ਵੱਲੋਂ ਅਗਲੇ ਪੜਾਅ ਵਿੱਚ ਪ੍ਰਾਪਤ ਕੀਤੇ ਜਾ ਸਕਣ।

ਸਿਖਲਾਈਅ ਲਈ ਨਿਰਧਾਰਨ 'ਤੇ ਆਧਾਰਿਤ ਸਮਾਂਬੱਧ ਫੀਡਬੈਕ ਦੇ ਸਾਕਾਰਾਤਮਕ ਪ੍ਰਭਾਵ ਦੀ ਪੁਸ਼ਟੀ ਕਈ ਖੋਜਕਰਤਾਵਾਂ ਵੱਲੋਂ ਕੀਤੀ ਗਈ ਹੈ। ਹੈਟੀ (2002) ਨੇ ਇਹ ਖੋਜ ਰਾਹੀਂ ਪ੍ਰਮਾਣਿਤ ਕੀਤਾ ਕਿ ਸਿਖਲਾਈ ਵਿੱਚ ਗਲਤੀਆਂ 'ਤੇ ਫੀਡਬੈਕ ਅਤੇ ਵਿਦਿਆਰਥੀ ਤੋਂ ਉਸਦਾ ਸੁਧਾਰ ਕਰਾਉਣਾ ਅਤੇ ਭਵਿੱਖ ਵਿੱਚ ਕਾਰਜ ਨੂੰ ਸੁਧਾਰਨ ਦੀਆਂ ਵਿਧੀਆਂ ਨੂੰ ਪਛਾਣਨ ਦਾ ਸਿੱਧਾ ਸਬੰਧ ਉਪਲੱਬਧੀ ਦੀ ਦਰ ਵਿੱਚ ਮਹੱਤਵਪੂਰਨ ਸੁਧਾਰ ਨਾਲ ਹੈ।

ਸਫਲਤਾ ਦੀ ਸੰਸਕ੍ਰਿਤੀ ਦੇ ਨਿਰਮਾਣ ਲਈ ਜਿੱਥੇ ਹਰ ਵਿਦਿਆਰਥੀ ਇਹ ਵਿਸ਼ਵਾਸ ਰੱਖਦਾ ਹੈ ਕਿ ਉਹ ਉਪਲੱਬਧੀ ਹਾਸਲ ਕਰ ਸਕਦੇ ਹਨ, ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਇਹ ਸੁਨਿਸ਼ਚਤ ਕਰਨ ਦੀ ਲੋੜ ਹੈ ਕਿ ਵਿਦਿਆਰਥੀਆਂ ਨੂੰ ਇਹ ਸਪੱਸ਼ਟ ਹੋਵੇ:

– ਉਹ ਕੀ ਅਤੇ ਕਿਉਂ ਕਰ ਰਹੇ ਹਨ,

– ਇਸ ਦਾ ਨਿਰਧਾਰਨ ਕਿਵੇਂ ਹੋਏਗਾ ?

– ਉਹ ਚੰਗੀ ਤਰ੍ਹਾਂ ਕੀ ਕਰ ਰਹੇ ਹਨ ? ਅਤੇ ਗਲਤ ਕੀ ਹੈ ਅਤੇ ਉਸ ਨੂੰ ਠੀਕ ਕਰਨ ਲਈ ਕੀ ਕਰਨ ਦੀ ਲੋੜ ਹੈ।

ਜਿਵੇਂ ਕਿ ਬਲੈਕ ਅਤੇ ਵਿਲਿਅਮ (1999) ਨੇ ਕਿਹਾ ਹੈ, ਯੋਗਤਾ ਅਤੇ ਮੁਕਾਬਲੇ ਦਾ ਸੰਦਰਭ ਨਾ ਦਿਓ, ਨਾ ਹੀ ਹੋਰਾਂ ਨਾਲ ਤੁਲਨਾ ਕਰੋ। ਬਟਲਰ (1988) ਨੇ ਕਿਹਾ ਹੈ ਕਿ ਫੀਡਬੈਕ ਜਿਸ ਵਿੱਚ ਸਿਰਜਣਾਤਮਕ ਟਿੱਪਣੀਆਂ ਦਿੱਤੀਆਂ ਜਾਣ, ਨਾਲ ਕਾਰਜਕੁਸ਼ਲਤਾ ਬਿਹਤਰ ਹੁੰਦੀ ਹੈ (33 ਫੀਸਦੀ ਤੱਕ)। ਗ੍ਰੇਡ ਅਤੇ ਅੰਕ ਵਿਦਿਆਰਥੀਆਂ ਵਿਸ਼ੇਸ਼ ਤੌਰ 'ਤੇ ਨਿਮਨ ਉਪਲੱਬਧੀ ਵਾਲੇ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ 'ਤੇ ਨਾਕਾਰਾਤਮਕ ਪ੍ਰਭਾਵ ਪਾਉਂਦੇ ਹਨ।

ਈ: 3 ਸਿਖਲਾਈ ਲਈ ਨਿਰਧਾਰਨ ਦੇ ਕੋਈ ਦੋ ਉਪਯੋਗ ਦੱਸੋ।

ਈ: 4 ਗ੍ਰਹਿ ਕਾਰਜ ਦੇ ਨਿਰਧਾਰਨ 'ਤੇ ਫੀਡਬੈਕ ਦਿੰਦੇ ਹੋਏ ਸਭ ਤੋਂ ਜ਼ਿਆਦਾ ਢੁਕਵੀਂ ਵਿਧੀ ਕੀ ਹੈ ?

ੳ. ਗਲਤੀਆਂ ਨੂੰ ਲਾਲ ਰੰਗ ਦੇ ਕਰਾਸ ਲਗਾ ਕੇ ਦਿਖਾਕੇ ਠੀਕ ਕਰਨਾ।

ਅ. ਲਿਖਤ ਰੂਪ ਵਿੱਚ ਵਿਸ਼ੇਸ਼ ਟਿੱਪਣੀਆਂ ਦੇਣਾ।

ੲ. ਮੌਖਿਕ ਚਰਚਾ ਕਰਨੀ।

ਈ:5 ਕੀ ਸਿਖਲਾਈ ਲਈ ਨਿਰਧਾਰਨ ਇੱਕ ਪ੍ਰਕਾਰ ਦਾ ਸਿਰਜਣਾਤਮਕ ਨਿਰਧਾਰਨ ਹੈ ? ਆਪਣੇ ਉੱਤਰ ਦੇ ਨਾਲ ਕਾਰਨ ਵੀ ਦੱਸੋ।

14.2.3 ਸਿਖਲਾਈ ਦੇ ਰੂਪ ਵਿੱਚ ਨਿਰਧਾਰਨ

ਜਦੋਂ ਅਸੀਂ ਆਪਣੀ ਜਾਂ ਦੂਜੇ ਦੀ ਕਾਰਜਕੁਸ਼ਲਤਾ ਦਾ ਨਿਰਧਾਰਨ ਕਰਦੇ ਹੋਏ ਨਵੇਂ ਅਨੁਭਵ ਇਕੱਠੇ ਕਰਦੇ ਹਾਂ ਤਾਂ ਸਿਖਲਾਈ ਅਤੇ ਨਿਰਧਾਰਨ ਦੀਆਂ ਪ੍ਰਕਿਰਿਆਵਾਂ ਵਿੱਚ ਅੰਤਰ ਦੀ ਰੇਖਾ ਖੋ ਜਾਂਦੀ ਹੈ। ਅਜਿਹੇ ਪਲਾਂ ਵਿੱਚ ਨਿਰਧਾਰਨ ਸਿਖਲਾਈ ਦੀ ਪ੍ਰਕਿਰਿਆ ਬਣ ਜਾਂਦੀ ਹੈ।

ਸਥਿਤੀ 4: ਸੱਤਵੀਂ ਕਲਾਸ ਦਾ ਵਿਦਿਆਰਥੀ ਅਨੰਤ ਆਪਣੇ ਪੋਰਟਫੋਲਿਓ ਵਿੱਚ ਆਪਣੇ ਸਾਰੇ ਕਾਰਜਾਂ ਨੂੰ ਇਕੱਠਾ ਕਰ ਰਿਹਾ ਸੀ, ਅਧਿਆਪਕ ਅਤੇ ਆਪਣੇ ਸਹਿਪਾਠੀਆਂ ਵੱਲੋਂ ਨਿਰਧਾਰਨ ਲਈ ਪ੍ਰਦਰਸ਼ਿਤ ਕਰਨ ਲਈ। ਸਹੀ ਤਰੀਕੇ ਨਾਲ ਕਾਰਜ ਨੂੰ ਇਕੱਠਾ ਅਤੇ ਵਿਵਸਥਿਤ ਕਰਕੇ ਲਗਾਉਣ ਦੇ ਦੌਰਾਨ ਉਸਨੇ ਪੋਰਟਫੋਲਿਓ ਦੇ ਨਿਰਧਾਰਨ ਦੇ ਸੂਚਕਾਂ ਦੀ ਸੂਚੀ ਬਣਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਆਪਣੇ ਪਹਿਲੇ ਅਨੁਭਵਾਂ ਨੂੰ ਦੁਬਾਰਾ ਯਾਦ ਕੀਤਾ ਅਤੇ ਦੇਖਿਆ ਕਿ ਉਸਨੇ ਆਪਣੀ ਇਕੱਤਰ ਸਮੱਗਰੀ ਵਿੱਚ ਕਿਸੇ ਮਾਡਲ ਜਾਂ ਨਕਸ਼ੇ ਨੂੰ ਸ਼ਾਮਲ ਨਹੀਂ ਕੀਤਾ ਹੈ ਅਤੇ ਉਸਨੇ ਸੋਚਿਆ ਕਿ ਇਨ੍ਹਾਂ ਵਸਤੂਆਂ ਦੇ ਬਿਨਾਂ ਇਕੱਤਰ ਸਮੱਗਰੀ ਅਧੂਰੀ ਰਹੇਗੀ। ਕੁਝ ਮਾਡਲ ਅਤੇ ਆਪਣੇ ਜ਼ਿਲ੍ਹੇ ਦਾ ਨਕਸ਼ਾ ਬਣਾਉਣ ਤੋਂ ਬਾਅਦ ਉਸਨੇ ਆਪਣੀ ਸਮੱਗਰੀ ਨੂੰ ਫਿਰ ਤੋਂ ਵਿਵਸਥਿਤ ਕਰਨਾ ਚਾਹਿਆ। ਕਈ ਪ੍ਰਕਾਰ ਦੀ ਸਮੱਗਰੀ ਸੀ ਜਿਵੇਂ ਕਿ ਦੋ ਲੇਖ, ਇੱਕ ਸਕੂਲ ਦੀ ਪੱਤ੍ਰਿਕਾ ਵਿੱਚ ਛਪੀ ਹੋਈ ਕਹਾਣੀ, ਪੰਜ ਗਣਿਤ ਦੀਆਂ ਪਹੇਲੀਆਂ ਜਿਨ੍ਹਾਂ ਨੂੰ ਅਲੱਗ ਅਲੱਗ ਸਰੋਤਾਂ ਤੋਂ ਲਿਆ ਗਿਆ ਸੀ, 'ਸਾਰਿਆਂ ਲਈ ਸਿੱਖਿਆ' 'ਤੇ ਬਣਾਏ ਗਏ ਚਾਰ ਨਾਅਰੇ, ਵਿਭਿੰਨ ਠੋਸ ਵਸਤੂਆਂ ਦੇ ਕਾਗਜ਼ ਨਾਲ ਬਣਾਏ ਗਏ ਨਮੂਨੇ, ਉਸ ਦੇ ਜ਼ਿਲ੍ਹੇ ਦਾ ਨਕਸ਼ਾ, ਰੰਗ ਬਿਰੰਗੇ ਕੰਕੜਾਂ ਦਾ ਸੰਗ੍ਰਹਿ, ਉਹ ਇਸ ਗੱਲ ਨੂੰ ਲੈ ਕੇ ਵਿਚਾਰਸ਼ੀਲ ਸੀ ਕਿ ਇਸ ਸਮੱਗਰੀ ਨੂੰ ਕਿਵੇਂ ਵਿਵਸਥਿਤ ਕੀਤਾ ਜਾਏ ਜਿਸ ਨਾਲ ਕਿ ਉਸਦੇ ਅਧਿਆਪਕ ਅਤੇ ਸਹਿਪਾਠੀਆਂ ਦਾ ਧਿਆਨ ਆਕਰਸ਼ਿਤ ਕੀਤਾ ਜਾ ਸਕੇ ਜੋ ਕਿ ਉਸਦੇ ਪੋਰਟਫੋਲਿਓ ਦਾ ਨਿਰਧਾਰਨ ਕਰਨ ਵਾਲੇ ਹਨ। ਉਸਨੇ ਇੱਕ ਯੋਜਨਾ ਬਣਾਈ। ਉਸਨੇ ਇੱਕ ਕਹਾਣੀ ਦੀ ਲੜੀ ਬਣਾਈ ਅਤੇ ਕਹਾਣੀ ਦੀ ਲੜੀ ਨੂੰ ਦਰਸਾਉਣ ਲਈ ਕੁਝ ਹੋਰ ਪੋਸਟਰ ਬਣਾਏ। ਲੜੀ ਦੇ ਵਿਚਕਾਰ ਵਸਤੂਆਂ ਇਸ ਪ੍ਰਕਾਰ ਸਜਾਈਆਂ ਕਿ ਦੇਖਣ ਵਾਲਾ ਇਸ ਨੂੰ ਦੇਖਦੇ ਹੋਏ ਅਨੰਤ ਦੇ ਕਿਸੇ ਵੀ ਕਾਰਜ ਜਾਂ ਸਮੱਗਰੀ ਨੂੰ ਅਣਦੇਖਿਆ ਨਹੀਂ ਕਰ ਸਕਦਾ ਨਾ ਹੀ ਇਹ ਕਹਿ ਸਕਦਾ ਹੈ ਕਿ ਕੁੱਲ ਇਕੱਤਰ ਸਮੱਗਰੀ ਵਿੱਚ ਕੋਈ ਵਸਤੂ ਸਬੰਧਿਤ ਨਹੀਂ ਸੀ।

ਨਿਮਨਲਿਖਤ ਸਮੱਗਰੀ ਨੂੰ ਦੇਖੋ।

ਆਓ ਇਸ 'ਤੇ ਮੁੜ ਵਿਚਾਰ ਕਰੀਏ ਕਿ ਅਨੰਤ ਕੀ ਕਰ ਰਿਹਾ ਸੀ:

– ਉਹ ਨਿਰਧਾਰਨ ਲਈ ਇਕੱਤਰ ਕੀਤੀਆਂ ਗਈਆਂ ਵਸਤੂਆਂ ਨੂੰ ਵਿਵਸਥਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

– ਉਸਨੇ ਨਿਰਧਾਰਨ ਦੇ ਸੂਚਕਾਂ ਦੀ ਸੂਚੀ ਬਣਾਈ (ਸਿਖਲਾਈ ਦਾ ਨਤੀਜਾ)

– ਉਸਨੇ ਕੁਝ ਨਵੀਂ ਸਮੱਗਰੀ ਦੀ ਰਚਨਾ ਕੀਤੀ ਜੋ ਕਿ ਉਸਨੇ ਸੋਚਿਆ ਕਿ ਨਿਰਧਾਰਨ ਲਈ ਜ਼ਰੂਰੀ ਹੈ।

– ਉਸਨੇ ਮੁੜ ਸਮੱਗਰੀ ਨੂੰ ਵਿਵਸਥਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੇਖਿਆ ਕਿ ਵਸਤੂਆਂ ਕਾਫ਼ੀ ਅਸੰਗਤ ਹਨ।

– ਉਸਨੇ ਅਰਥਪੂਰਨ ਵਿਵਸਥਾ ਕਰਨ ਦਾ ਮਾਰਗ ਸੋਚਿਆ।

– ਉਸਨੇ ਕਹਾਣੀ ਦੀ ਇੱਕ ਲੜੀ ਸੋਚੀ ਅਤੇ ਸਮੱਗਰੀ ਦੀ ਸੁਵਿਵਸਥਾ ਨੂੰ ਪੂਰਾ ਕੀਤਾ।

ਇਹ ਸਭ ਕਰਦੇ ਹੋਏ ਅਨੰਤ ਨਿਰਧਾਰਨ ਦੇ ਇੱਕ ਪ੍ਰੋਗਰਾਮ ਦੀ ਤਿਆਰੀ ਕਰ ਰਿਹਾ ਸੀ ਅਤੇ ਨਾਲ ਹੀ ਨਾਲ ਆਪਣੇ ਆਪ ਨੂੰ ਅਤੇ ਆਪਣੀ ਸਮੱਗਰੀ ਦਾ ਨਿਰਧਾਰਨ ਕਰ ਰਿਹਾ ਸੀ–ਉਸਦੀ ਉਚਿੱਤਤਾ, ਅਤੇ ਅਰਥਪੂਰਨਤਾ ਜਿੱਥੋਂ ਤੱਕ ਕਿ ਸਿਖਲਾਈ ਦੇ ਨਤੀਜਿਆਂ ਦਾ ਨਿਰਧਾਰਨ ਦੇ ਸੂਚਕਾਂ ਦਾ ਸੁਆਲ ਸੀ। ਕੀ ਤੁਸੀਂ ਸੋਚਦੇ ਹੋ ਕਿ ਜਦੋਂ ਉਹ ਨਿਰਧਾਰਨ ਕਰ ਰਿਹਾ ਸੀ ਤਾਂ ਉਸਦੀ ਸਿਖਲਾਈ ਵੀ ਹੋ ਰਹੀ ਸੀ, ਤਾਂ ਕੀ ਨਿਰਧਾਰਨ ਆਪਣੇ ਆਪ ਵਿੱਚ ਉਸ ਲਈ ਸਿਖਲਾਈ ਦੀ ਘਟਨਾ ਨਹੀਂ ਸੀ ?

ਸਿਖਲਾਈ ਦੀ ਤਰ੍ਹਾਂ ਨਿਰਧਾਰਨ ਤੁਲਨਾਤਮਕ ਤੌਰ 'ਤੇ ਨਿਰਧਾਰਨ ਦੇ ਤਿੰਨ ਵਰਗਾਂ ਵਿੱਚੋਂ ਸਭ ਤੋਂ ਕਠਿਨ ਵਰਗ ਹੈ। ਪਰ ਫਿਰ ਵੀ ਵਿਦਿਆਰਥੀ ਲਈ ਇਹ ਕੁਸ਼ਲ ਸਿੱਖਣਾ ਬਹੁਤ ਮਹੱਤਵਪੂਰਨ ਹੈ ਅਤੇ ਸਿਖਲਾਈ ਵਿੱਚ ਸੁਤੰਤਰ ਪ੍ਰਗਤੀ ਲਈ ਬੇਹੱਦ ਜ਼ਰੂਰੀ ਹੈ। ਸਿਖਲਾਈ ਦੇ ਨਿਰਧਾਰਨ ਦੀਆਂ ਹੋਰ ਵਿਧੀਆਂ ਦੇ ਮੁਕਾਬਲੇ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਪੂਰਨ ਰੂਪ ਨਾਲ ਵਿਦਿਆਰਥੀ ਵੱਲੋਂ ਨਿਯੰਤਰਿਤ ਹੁੰਦਾ ਹੈ। ਇਹ ਨਿਰਧਾਰਨ ਅਤੇ ਸਿਖਲਾਈ ਦੇ ਵਿਚਕਾਰ ਵਿਦਿਆਰਥੀ ਦੀ ਇੱਕ ਮਹੱਤਵਪੂਰਨ ਸੰਯੋਜਕ ਦੇ ਰੂਪ ਵਿੱਚ ਭੂਮਿਕਾ 'ਤੇ ਜ਼ੋਰ ਦਿੰਦਾ ਹੈ।

ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਕੇਵਲ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਵਿਦਿਆਰਥੀ ਅਧਿਆਪਨ ਦੇ ਉਦੇਸ਼ਾਂ ਅਤੇ ਕਾਰਜਕੁਸ਼ਲਤਾਵਾਂ ਦੇ ਨਿਯਮਾਂ ਤੋਂ ਜਾਣੂ ਹੋ ਜਾਂਦੇ ਹਨ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਕਾਰਜਸ਼ੀਲ ਹੋ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਉਹ ਉਦੇਸ਼ ਦੇ ਨਿਰਧਾਰਨ, ਆਪਣੀ ਪ੍ਰਗਤੀ ਦੀ ਜਾਂਚ ਅਤੇ ਨਤੀਜਿਆਂ 'ਤੇ ਮੁੜ ਵਿਚਾਰ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੁੰਦੇ ਹਨ। ਇਸਦਾ ਮਤਲਬ ਇਹ ਹੈ ਕਿ ਵਿਦਿਆਰਥੀ ਨਿਰਧਾਰਨ ਦੀ ਸਾਰੀ ਜ਼ਿੰਮੇਵਾਰੀ, ਸਿਖਲਾਈ ਵਿੱਚ ਲੱਗੇ ਹੋਏ ਲੈ ਲੈਂਦੇ ਹਨ। ਉਹ ਵਿਦਿਆਰਥੀ ਜੋ ਕਿ ਆਪਣੇ ਸੋਚਣ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਹਨ (ਜਿਵੇਂ ਕਿ ਤੁਸੀਂ ਜਾਣਨ ਦੀ ਪ੍ਰਕਿਰਿਆ ਜਾਂ ਸਮਝ ਤੋਂ ਪਰੇ ਦੀ ਪ੍ਰਕਿਰਿਆ ਨੂੰ ਜਾਣਨਾ)। ਉਹ ਨਿਰਧਾਰਨ ਨੂੰ ਸਿਖਲਾਈ ਲਈ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਕਰ ਸਕਦੇ ਹਨ ਜੋ ਕਿ ਸਿਖਲਾਈ ਦੀ ਪੂਰੀ ਪ੍ਰਕਿਰਿਆ ਦੇ ਦੌਰਾਨ ਚੱਲਦਾ ਰਹਿੰਦਾ ਹੈ। ਲੋਰਨਾ ਐੱਮ. ਅਰਲ (2006) ਦੇ ਅਨੁਸਾਰ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਵਿਦਿਆਰਥੀ ਆਪਣੀ ਸਿਖਲਾਈ ਅਤੇ ਫੈਸਲੇ ਲੈਣ ਵਿੱਚ ਅਨੁਕੂਲਨ, ਲਚਕ ਅਤੇ ਸੁਤੰਤਰਤਾ ਦੇ ਯੋਗ ਹੈ।

ਸਿਖਲਾਈ ਦੀ ਤਰ੍ਹਾਂ ਨਿਰਧਾਰਨ ਵਿਦਿਆਰਥੀ ਲਈ ਆਪਣੀ ਸਿਖਲਾਈ 'ਤੇ ਵਿਚਾਰ ਕਰਨ ਦੇ ਉਚਿੱਤ ਅਵਸਰ ਪ੍ਰਦਾਨ ਕਰਦਾ ਹੈ, ਮੈਟਾ ਕੋਗਨਿਸ਼ਨ ਦੀ ਪ੍ਰਕਿਰਿਆ ਰਾਹੀਂ। ਇਸ ਨੂੰ ਬਰੇਨ

ਸਟੋਰਮਿੰਗ, ਸਮੂਹ ਚਰਚਾ, ਇਕੱਠੇ ਸਿੱਖਣ ਦੀਆਂ ਸਥਿਤੀਆਂ ਅਤੇ ਸਹਿਪਾਠੀਆਂ ਅਤੇ ਸਵੈ ਮੁਲਾਂਕਣ ਰਾਹੀਂ ਪ੍ਰੋਤਸਾਹਨ ਦਿੱਤਾ ਜਾ ਸਕਦਾ ਹੈ। ਇੱਕ ਅਧਿਆਪਕ ਹੋਣ ਦੇ ਨਾਤੇ ਤੁਸੀਂ ਬਿਹਤਰੀਨ ਚੀਜ਼ ਇਹ ਕਰ ਸਕਦੇ ਹੋ ਕਿ ਆਪਣੇ ਵਿਦਿਆਰਥੀਆਂ ਨੂੰ ਸਵੈ ਅਤੇ ਸਹਿਪਾਠੀਆਂ ਰਾਹੀਂ ਨਿਰਧਾਰਨ ਲਈ ਪ੍ਰੇਰਿਤ ਕਰੋ ਜੋ ਕਿ ਬਦਲੇ ਵਿੱਚ ਉਨ੍ਹਾਂ ਨੂੰ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਲਈ ਸਹਾਇਤਾ ਕਰੇਗਾ। ਸਵੈ ਨਿਰਧਾਰਨ ਵਿਦਿਆਰਥੀਆਂ ਨੂੰ ਸਹਾਇਤਾ ਕਰਦਾ ਹੈ।

- ਆਪਣੀ ਸਿਖਲਾਈ ’ਤੇ ਵਿਚਾਰ ਕਰਨ ਵਿੱਚ

- ਆਪਣੀ ਮਜ਼ਬੂਤੀਆਂ ਨੂੰ ਪਛਾਣਨ ਵਿੱਚ ਅਤੇ ਉਨ੍ਹਾਂ ਵਿੱਚ ਜਿੱਥੇ ਸੁਧਾਰ ਦੀ ਲੋੜ ਹੈ, ਉਨ੍ਹਾਂ ਖੇਤਰਾਂ ਨੂੰ ਪਛਾਣਨ ਵਿੱਚ ਉਨ੍ਹਾਂ ਸਪੱਸ਼ਟ ਵਰਗਾਂ ਦਾ ਪ੍ਰਯੋਗ ਕਰਕੇ ਜੋ ਤੁਹਾਡੀਆਂ ਉਮੀਦਾਂ ਅਤੇ ਉਪਲੱਬਧੀਆਂ ਦੇ ਪੱਧਰ ਦੇ ਅਨੁਕੂਲ ਹਨ।

- ਉਦੇਸ਼ਾਂ ਨੂੰ ਨਿਰਧਾਰਤ ਕਰਨ ਅਤੇ ਸਿਖਲਾਈ ਦੇ ਅਗਲੇ ਪੜਾਵਾਂ ਨੂੰ ਪਛਾਣਨ ਵਿੱਚ,

- ਮੈਟਾ ਕੋਗਨਿਸ਼ਨ ਦੇ ਹੁਨਰ ਵਿਕਸਤ ਕਰਨ ਵਿੱਚ।

- ਸੁਤੰਤਰ ਅਤੇ ਸਵੈ ਮਾਰਗਦਰਸ਼ਿਤ ਵਿਦਿਆਰਥੀ ਬਣਨ ਵਿੱਚ।

- ਆਪਣੇ ਪੋਰਟਫੋਲਿਓ ਲਈ ਕਾਰਜ ਦੀ ਚੋਣ ਕਰਨ ਦੇ ਯੋਗ ਬਣਾਉਣ ਵਿੱਚ ਤਾਂ ਕਿ ਸਮੇਂ ਦੇ ਅਨੁਸਾਰ ਆਪਣੀ ਪ੍ਰਗਤੀ ਅਤੇ ਬਿਹਤਰੀਨ ਕੋਸ਼ਿਸ਼ਾਂ ਦਾ ਪ੍ਰਦਰਸ਼ਨ ਕਰ ਸਕੋ।

ਸਹਿਪਾਠੀਆਂ ਵੱਲੋਂ ਨਿਰਧਾਰਨ ਵਿਦਿਆਰਥੀਆਂ ਦੀ ਸਹਾਇਤਾ ਕਰਦਾ ਹੈ:

- ਸਹਿਪਾਠੀਆਂ ਨਾਲ ਵਾਰਤਾਲਾਪ ਅਤੇ ਅੰਤਰਕਿਰਿਆਵਾਂ ਕਰਕੇ ਆਪਣੀ ਸਿਖਲਾਈ ਨੂੰ ਸੰਗਠਿਤ ਕਰਨ ਵਿੱਚ

- ਇਹ ਸਿੱਖਣ ਵਿੱਚ ਕਿ ਸਿਰਜਣਾਤਮਕ ਸਪੱਸ਼ਟਤਾ, ਸਪੱਸ਼ਟ ਨਿਯਮਾਂ ’ਤੇ ਆਧਾਰਿਤ ਫੀਡਬੈਕ ਕਿਵੇਂ ਦਿੱਤੀ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

- ਕਿਰਿਆਵਾਂ ਅਤੇ ਨਿਰਧਾਰਨ ਕਾਰਜਾਂ ਰਾਹੀਂ ਸਪੱਸ਼ਟ ਬਣਾਈਆਂ ਅਤੇ ਸਿਖਾਈਆਂ ਗਈਆਂ ਧਾਰਨਾਵਾਂ ਅਤੇ ਹੁਨਰਾਂ ਦਾ ਅਭਿਆਸ ਕਰਨਾ।

ਈ: 6 ਨਿਮਨਲਿਖਤ ਵਿੱਚੋਂ ਕਿਹੜੀਆਂ ਸਥਿਤੀਆਂ ਵਿੱਚ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਸੰਭਵ ਹੈ?

ੳ. ਇਕਾਈ ਟੈਸਟ

ਅ. ਸਮੂਹ ਟੈਸਟ

ੲ. ਸਮੂਹ ਸਿਖਲਾਈ

ਸ. ਸਹਿਯੋਗੀ ਸਿਖਲਾਈ

ਈ :7 ਸਿਖਲਾਈ ਲਈ ਨਿਰਧਾਰਨ ਅਤੇ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਵਿੱਚ ਕੋਈ ਇੱਕ ਅੰਤਰ ਦੱਸੋ।

14.3 ਨਿਰਧਾਰਨ ਲਈ ਯੋਜਨਾ ਦਾ ਡਿਜ਼ਾਇਨ ਬਣਾਉਣਾ

ਜੇਕਰ ਤੁਹਾਡਾ ਉਦੇਸ਼ ਵਿਦਿਆਰਥੀਆਂ ਦੀ ਸਿਖਲਾਈ ਦੀ ਪ੍ਰਗਤੀ ਦਾ ਚੰਗਾ ਨਿਰਧਾਰਨ ਹੈ ਤਾਂ ਤੁਹਾਨੂੰ ਸਿਖਲਾਈ ਸ਼ੈਲੀ, ਹਰ ਬੱਚੇ ਦੀਆਂ ਮਜ਼ਬੂਤੀਆਂ ਅਤੇ ਲੋੜਾਂ ਦਾ ਧਿਆਨ ਰੱਖਣਾ

ਹੋਏਗਾ। ਤੁਹਾਨੂੰ ਯਾਦ ਰੱਖਣਾ ਹੋਏਗਾ ਕਿ ਨਿਰਧਾਰਨ ਸਿਖਲਾਈ ਪ੍ਰਕਿਰਿਆ ਦਾ ਇੱਕ ਅਟੁੱਟ ਅੰਗ ਹੈ ਅਤੇ ਇਹ ਨਾ ਤਾਂ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਕੁਝ ਵਾਧੂ ਜੋੜਿਆ ਗਿਆ ਹੈ ਨਾ ਹੀ ਇਹ ਅਧਿਆਪਨ ਕੇਂਦਰਿਤ ਕਿਰਿਆ ਹੈ। ਇਹ ਲਚਕੀਲਾ ਹੈ, ਇਛੁੱਕ ਸਿਖਲਾਈ ਨਤੀਜਿਆਂ ਵੱਲੋਂ ਚਾਲਿਤ ਹੈ ਅਤੇ ਸਿਖਲਾਈ ਦਾ ਨਾ ਅਲੱਗ ਹੋਣ ਵਾਲਾ ਹਿੱਸਾ ਹੈ, ਇਹ ਸਿਖਲਾਈ ਦੀ ਤਰ੍ਹਾਂ ਹੀ ਲਗਾਤਾਰ ਚੱਲਦਾ ਰਹਿੰਦਾ ਹੈ। ਇਸ ਲਈ ਸਿਖਲਾਈ ਲਈ ਯੋਜਨਾ ਬਣਾਉਣਾ ਕਲਾਸ ਲਈ ਅਧਿਆਪਨ ਸਿਖਲਾਈ ਕਿਰਿਆਵਾਂ ਲਈ ਬਣਾਈ ਜਾ ਰਹੀ ਯੋਜਨਾ ਦਾ ਭਾਗ ਹੀ ਹੋਣਾ ਚਾਹੀਦਾ ਹੈ।

ਕਲਾਸ ਵਿੱਚ ਨਿਰਧਾਰਨ ਦੀ ਯੋਜਨਾ ਬਣਾਉਂਦੇ ਹੋਏ ਤੁਹਾਨੂੰ ਨਿਮਨਲਿਖਤ ਬਿੰਦੂਆਂ ਦਾ ਧਿਆਨ ਰੱਖਣਾ ਹੋਏਗਾ:

- ਨਿਰਧਾਰਨ ਦੇ ਦ੍ਰਿਸ਼ਟੀਕੋਣ: ਜਦੋਂਕਿ ਇਸ ਇਕਾਈ ਵਿੱਚ ਚਰਚਾ ਕੀਤੇ ਗਏ ਤਿੰਨੋਂ ਦ੍ਰਿਸ਼ਟੀਕੋਣਾਂ ਨੂੰ ਅਪਣਾਉਣ ਦਾ ਸੁਝਾਅ ਦਿੱਤਾ ਜਾਂਦਾ ਹੈ, ਤੁਹਾਨੂੰ ਇਹ ਫੈਸਲਾ ਕਰਨਾ ਹੈ ਕਿ ਉਨ੍ਹਾਂ ਦਾ ਪ੍ਰਯੋਗ ਕਿਵੇਂ ਕਰਨਾ ਹੈ ਅਤੇ ਕਿਹੜੇ ਦ੍ਰਿਸ਼ਟੀਕੋਣ ਨੂੰ ਤੁਸੀਂ ਤਰਜੀਹ ਦੇਣਾ ਚਾਹੋਗੇ। ਸਿਖਲਾਈ ਨੂੰ ਪ੍ਰੋਤਸਾਹਨ ਦੇਣ ਦੇ ਦ੍ਰਿਸ਼ਟੀਕੋਣ ਨਾਲ ਸਿਖਲਾਈ ਦੀ ਤਰ੍ਹਾਂ ਨਿਰਧਾਰਨ ਇੱਕ ਸਭ ਤੋਂ ਵਧੀਆ ਦ੍ਰਿਸ਼ਟੀਕੋਣ ਹੈ ਪਰ ਇਸਦਾ ਪ੍ਰਯੋਗ ਸਾਡੀਆਂ ਕਲਾਸਾਂ ਵਿੱਚ ਜਿੱਥੇ ਵਿਦਿਆਰਥੀਆਂ ਵਿੱਚ ਬਹੁਤ ਵਿਭਿੰਨ ਯੋਗਤਾਵਾਂ ਹਨ, ਆਸਾਨ ਨਹੀਂ ਹੈ। ਪਰ ਕਲਾਸ ਦੀਆਂ ਦਿਨ ਪ੍ਰਤੀਦਿਨ ਦੀਆਂ ਪ੍ਰਕਿਰਿਆਵਾਂ ਵਿੱਚ ਸਿਖਲਾਈ ਦੇ ਰੂਪ ਵਿੱਚ ਮੁਲਾਂਕਣ ਦਾ ਪ੍ਰਯੋਗ ਜ਼ਰੂਰੀ ਹੈ ਜਿਸ ਨੂੰ ਕਲਾਸ ਵਿੱਚ ਸਿਖਲਾਈ ਪ੍ਰਕਿਰਿਆਵਾਂ ਦਾ ਜ਼ਰੂਰੀ ਅੰਗ ਹੋਣਾ ਚਾਹੀਦਾ ਹੈ।

- ਨਿਰਧਾਰਨ ਦਾ ਉਦੇਸ਼: ਤੁਸੀਂ ਜਿਸ ਪ੍ਰਕਾਰ ਦੇ ਨਿਰਧਾਰਨ ਦਾ ਆਯੋਜਨ ਕਰ ਰਹੇ ਹੋ, ਉਸ ਦੇ ਉਦੇਸ਼ ਬਿਲਕੁੱਲ ਸਪੱਸ਼ਟ ਹੋਣੇ ਜ਼ਰੂਰੀ ਹਨ। ਇਹ ਤੁਹਾਨੂੰ ਅਤੇ ਤੁਹਾਡੇ ਵਿਦਿਆਰਥੀਆਂ ਨੂੰ ਉਸ ਇਛੁੱਕ ਦਿਸ਼ਾ ਵਿੱਚ ਕਿਰਿਆ ਕਰਨ ਵਿੱਚ ਸਹਾਇਤਾ ਕਰੇਗਾ ਜੋ ਨਿਰਧਾਰਨ ਦੇ ਪ੍ਰਕਾਰ ਜਿਸਦਾ ਪ੍ਰਯੋਗ ਹੋਣ ਜਾ ਰਿਹਾ ਹੈ, ਦੇ ਢੁਕਵਾਂ ਹੋਏਗਾ। ਨਿਰਧਾਰਨ ਦੇ ਪ੍ਰਕਾਰ ਨੂੰ ਵੀ ਸਪੱਸ਼ਟ ਕਰਨਾ ਤੁਹਾਨੂੰ ਵਿਦਿਆਰਥੀਆਂ ਦੇ ਪੱਧਰ ਦੇ ਅਨੁਸਾਰ ਯੰਤਰ ਅਤੇ ਵਿਧੀਆਂ ਦੀ ਚੋਣ ਵਿੱਚ ਸਹਾਇਤਾ ਕਰੇਗਾ।

- ਸਿਖਲਾਈ ਦੇ ਨਤੀਜਿਆਂ ਵਿੱਚ ਸਪੱਸ਼ਟਤਾ: ਨਿਰਧਾਰਨ ਦਾ ਉਦੇਸ਼ ਅਤੇ ਦ੍ਰਿਸ਼ਟੀਕੋਣ ਦਾ ਫੈਸਲਾ ਇਕਾਈ/ ਵਿਸ਼ਾ ਜੋ ਪੜ੍ਹਾਇਆ ਗਿਆ ਹੈ ਦੇ ਇਛੁੱਕ ਸਿਖਲਾਈ ਨਤੀਜਿਆਂ ਵੱਲੋਂ ਕੀਤਾ ਜਾਂਦਾ ਹੈ। ਜੇਕਰ ਇੱਕ ਵਿਸ਼ੇ ਨੂੰ ਪੜ੍ਹਾਉਣ ਦਾ ਉਦੇਸ਼ ਕੇਵਲ ਗਿਆਨ ਦੀ ਪ੍ਰਾਪਤੀ ਹੈ ਤਾਂ ਸਿਖਲਾਈ ਦੇ ਨਿਰਧਾਰਨ ਲਈ ਕੇਵਲ ਲਿਖਤ ਪ੍ਰੀਖਿਆ ਹੀ ਢੁਕਵੀਂ ਹੋਏਗੀ। ਜੇਕਰ ਉਦੇਸ਼ ਜ਼ਿਆਦਾ ਸਮਝ, ਕਿਰਿਆ, ਵਿਸ਼ਲੇਸ਼ਣ, ਸੰਗਠਨ ਜਾਂ ਰਚਨਾਤਮਕਤਾ ਦੇ ਵਿਕਾਸ ਦੀ ਤਰਫ਼ ਹੈ ਤਾਂ ਨਿਰਧਾਰਨ ਦਾ ਉਦੇਸ਼ ਵਿਦਿਆਰਥੀ ਦੀ ਸਿਖਲਾਈ ਦੇ ਵਾਧੇ ਵਿੱਚ ਲਗਾਤਾਰ ਜਾਂਚ ਹੋਏਗੀ। ਇਸ ਲਈ ਕਈ ਵਿਧੀਆਂ ਦਾ ਮਿਸ਼ਰਣ ਕਰਕੇ ਵਿਦਿਆਰਥੀ ਦੀ ਸਿਖਲਾਈ ਵਿੱਚ ਲਗਾਤਾਰ ਜਾਂਚ ਕਰਕੇ ਪੂਰਨ ਵਿਵਰਣ ਦੇਣਾ ਹੋਏਗਾ ਅਤੇ ਸਿਖਲਾਈ ਲਈ ਨਿਰਧਾਰਨ ਅਤੇ ਜਾਂ ਨਿਰਧਾਰਨ ਵਰਗੇ ਸਿਖਲਾਈ ਦ੍ਰਿਸ਼ਟੀਕੋਣਾਂ ਨੂੰ ਤਰਜੀਹ ਦਿੱਤੀ ਜਾਏਗੀ।

- ਪ੍ਰਭਾਵਸ਼ਾਲੀ ਨਿਰਧਾਰਨ ਦਾ ਨਜ਼ਰੀਆ: ਕਿਸੇ ਨਿਰਧਾਰਨ ਪ੍ਰੋਗਰਾਮ ਦੀ ਯੋਜਨਾ ਬਣਾਉਂਦੇ ਹੋਏ ਤੁਹਾਨੂੰ ਇਸ ਗੱਲ ਦਾ ਸਪੱਸ਼ਟ ਨਜ਼ਰੀਆ ਹੋਣਾ ਚਾਹੀਦਾ ਹੈ ਕਿ ਜਦੋਂ ਪ੍ਰੋਗਰਾਮ ਚੱਲ ਰਿਹਾ ਹੋਏਗਾ ਤਾਂ ਕੀ ਹੋ ਰਿਹਾ ਹੋਏਗਾ। ਜੇਕਰ ਤੁਹਾਡਾ ਵਿਚਾਰ ਸਿਖਲਾਈ ਦੇ ਨਿਰਧਾਰਨ ਦਾ ਹੈ ਤਾਂ ਤੁਹਾਨੂੰ ਇਹ ਵਿਚਾਰ ਕਰਨਾ ਹੋਏਗਾ ਕਿ ਕਲਾਸ ਜਾਂ ਪ੍ਰੀਖਿਆ ਹਾਲ ਵਿੱਚ ਬੈਠਣ ਦੀ ਵਿਵਸਥਾ, ਕਮਰੇ ਦੀ ਸਫ਼ਾਈ, ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਤਰ੍ਹਾਂ ਤਰ੍ਹਾਂ ਦੇ ਤਿਆਰ ਪ੍ਰਸ਼ਨ ਪੱਤਰ ਆਦਿ ਵਰਗੇ ਆਦਰਸ਼ ਅਤੇ ਅਨੁਕੂਲ ਪ੍ਰਬੰਧ ਦੀਆਂ ਸਥਿਤੀਆਂ ਹਨ। ਲਿਖਣ ਦੀ ਸਮੱਗਰੀ ਦੀ ਉਪਲੱਬਧਤਾ, ਕਮਰੇ ਵਿੱਚ ਕੋਈ ਪੁਸਤਕ ਜਾਂ ਹੋਰ ਸਹਾਇਕ ਸਮੱਗਰੀਆਂ ਆਦਿ ਨਾ ਹੋਣ। ਇਸ ਪ੍ਰਕਾਰ ਨਾਲ ਤੁਹਾਨੂੰ ਉਸ ਕਲਾਸ ਦੀਆਂ ਸਥਿਤੀਆਂ ਸਬੰਧੀ ਪਹਿਲਾਂ ਤੋਂ ਵਿਚਾਰ ਕਰਨਾ ਹੋਏਗਾ ਜਿੱਥੇ ਅਧਿਆਪਨ ਲਈ ਨਿਰਧਾਰਨ ਜਾਂ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਇਸ ਪ੍ਰਕਾਰ

ਦਾ ਪੂਰਵ ਚਿੰਤਨ ਤੁਹਾਨੂੰ ਪ੍ਰਭਾਵਸ਼ਾਲੀ ਨਿਰਧਾਰਨ ਪ੍ਰੋਗਰਾਮ ਦੀ ਯੋਜਨਾ ਬਣਾਉਣ ਵਿੱਚ ਸਹਾਇਤਾ ਕਰੇਗਾ।

- ਸਮੇਂ ਦੀ ਵਿਵਸਥਾ: ਸਿਖਲਾਈ ਦੇ ਨਿਰਧਾਰਨ ਦਾ ਆਯੋਜਨ ਕਰਨ ਲਈ ਤੁਹਾਨੂੰ ਵਿਸ਼ੇ ? ਇਕਾਈ, ਟਰਮ ਜਾਂ ਸੈਸ਼ਨ ਦੇ ਅੰਤ ਵਿੱਚ ਵਿਸ਼ੇਸ਼ ਸਮੇਂ ਦੀ ਲੋੜ ਹੈ ਕਿਉਂਕਿ ਤੁਹਾਨੂੰ ਵਿਆਪਕ ਤਿਆਰੀਆਂ ਕਰਨੀਆਂ ਹਨ ਜਿਵੇਂ ਕਿ ਪ੍ਰਸ਼ਨ ਪੱਤਰ ਤਿਆਰ ਕਰਨਾ, ਬੈਠਣ ਦੀ ਵਿਵਸਥਾ, ਉੱਤਰ ਪੱਤਰੀਆਂ ਦੀ ਜਾਂਚ, ਨਤੀਜਿਆਂ ਦਾ ਰਿਕਾਰਡ ਕਰਕੇ ਵੰਡਣਾ, ਤੁਹਾਨੂੰ ਇਸ ਪ੍ਰਕਾਰ ਦੇ ਨਿਰਧਾਰਨ ਦੀ ਯੋਜਨਾ ਕਾਫ਼ੀ ਪਹਿਲਾਂ ਤੋਂ ਬਣਾਉਣੀ ਪੈਂਦੀ ਹੈ। ਹਾਂ, ਇਕਾਈ ਟੈਸਟ (ਇਕਾਈ  ਜਾਂ ਵਿਸ਼ੇ ਦੇ ਅੰਤ ਵਿੱਚ) ਲਈ ਘੱਟ ਤੋਂ ਘੱਟ ਸਮੇਂ ਦੀ ਲੋੜ ਹੋਏਗੀ। ਤੁਸੀਂ ਕਹਿ ਸਕਦੇ ਹੋ ਕਿ ਕਿਸੇ ਵੀ ਕਾਰਜ ਦਿਵਸ ਵਿੱਚ ਕਲਾਸ ਦਾ ਇੱਕ ਪੀਰੀਅਡ। ਤੁਹਾਨੂੰ ਇਹ ਧਿਆਨ ਵਿੱਚ ਰੱਖਣਾ ਹੈ ਕਿ ਨਿਰਧਾਰਨ ਲਈ ਲਿਆ ਗਿਆ ਸਮਾਂ ਸਕੂਲ ਵਿੱਚ ਸਿਖਲਾਈ ਲਈ ਉਪਲੱਬਧ ਸਮੇਂ ਵਿੱਚੋਂ ਹੀ ਲਿਆ ਜਾਂਦਾ ਹੈ। ਜੇਕਰ ਤੁਸੀਂ ਇਸ ਪ੍ਰਕਾਰ ਦੀ ਸਿਖਲਾਈ ਲਈ ਜ਼ਿਆਦਾ ਸਮਾਂ ਲਗਾਉਂਦੇ ਹੋ ਤਾਂ ਸਕੂਲ ਵਿੱਚ ਸਿਖਲਾਈ ਦਾ ਸਮਾਂ ਕਾਫ਼ੀ ਹੱਦ ਤੱਕ ਘੱਟ ਹੋ ਜਾਏਗਾ। ਪਰ ਕਿਉਂਕਿ ਸਿਖਲਾਈ ਲਈ ਨਿਰਧਾਰਨ ਅਤੇ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ, ਦੋਨੋਂ ਹੀ ਕਲਾਸ ਅਧਿਆਪਨ ਸਿਖਲਾਈ ਦੇ ਅਟੁੱਟ ਭਾਗ ਹਨ, ਇਨ੍ਹਾਂ ਨੂੰ ਆਯੋਜਿਤ ਕਰਨ ਲਈ ਤੁਹਾਨੂੰ ਵਿਸ਼ੇਸ਼ ਸਮਾਂ ਨਹੀਂ ਚਾਹੀਦਾ। ਲੋੜ ਹੈ ਤਾਂ ਇਸ ਗੱਲ ਦੀ ਕਿ ਤੁਹਾਨੂੰ ਆਪਣੀ ਪਾਠ ਯੋਜਨਾ ਵਿੱਚ ਇਹ ਚਰਚਾ ਕਰਨੀ ਹੋਏਗੀ ਕਿ ਤੁਸੀਂ ਅਧਿਆਪਨ ਦੇ ਉਸ ਕਾਲ ਦੇ ਦੌਰਾਨ ਕਿਹੜੀਆਂ ਕਿਹੜੀਆਂ ਕਿਰਿਆਵਾਂ ਨਿਰਧਾਰਨ ਲਈ ਕਰੋਗੇ।

- ਵਿਦਿਆਰਥੀਆਂ ਨੂੰ ਸ਼ਾਮਲ ਕਰਨਾ: ਜਦੋਂ ਕਿ ਸਿਖਲਾਈ ਲਈ ਨਿਰਧਾਰਨ ਵਿੱਚ ਵਿਦਿਆਰਥੀਆਂ ਦੀ ਭੂਮਿਕਾ ਕੇਵਲ ਟੈਸਟ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਤੱਕ ਹੀ ਸੀਮਿਤ ਰਹਿ ਜਾਂਦੀ ਹੈ, ਸਿਖਲਾਈ ਲਈ ਨਿਰਧਾਰਨ ਵਿੱਚ ਉਹ ਸਰਗਰਮ ਰੂਪ ਨਾਲ ਸਿਖਲਾਈ ਦੀਆਂ ਸਾਰੀਆਂ ਕਿਰਿਆਵਾਂ ਵਿੱਚ ਸ਼ਾਮਲ ਹੁੰਦੇ ਹਨ, ਅਧਿਆਪਕ ਅਤੇ ਸਹਿਪਾਠੀਆਂ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ, ਦੁਵਿਧਾ ਵਿੱਚ ਸਪੱਸ਼ਟੀਕਰਨ ਲਈ ਪ੍ਰਸ਼ਨ ਕਰਦੇ ਹਨ, ਸਹਿਪਾਠੀਆਂ ਦੀ ਸਹਾਇਤਾ ਅਤੇ ਹੋਰ ਕਈ ਅਜਿਹੀਆਂ ਕਿਰਿਆਵਾਂ ਕਰਦੇ ਹਨ। ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਤਾਂ ਪੂਰਨ ਰੂਪ ਨਾਲ ਵਿਦਿਆਰਥੀਆਂ ਵੱਲੋਂ ਚਾਲਿਤ ਹੁੰਦਾ ਹੈ। ਤੁਸੀਂ ਇਸ ਲਈ ਕੇਵਲ ਪ੍ਰੇਰਣਾ ਦੇਣ ਵਾਲੀਆਂ ਸਥਿਤੀਆਂ ਪ੍ਰਦਾਨ ਕਰ ਸਕਦੇ ਹੋ।

- ਕਲਾਸ ਦਾ ਵਾਤਾਵਰਣ: ਸਿਖਲਾਈ ਦੇ ਨਿਰਧਾਰਨ ਦੇ ਸਮੇਂ ਅਸੀਂ ਅਕਸਰ ਇਹੀ ਸੁਨਿਸ਼ਚਤ ਕਰਦੇ ਹਾਂ ਕਿ ਕਲਾਸ ਵਿੱਚ ਜਾਂ ਉਸਦੇ ਆਸ ਪਾਸ ਕੋਈ ਵੀ ਅਜਿਹੀ ਵਸਤੂ ਨਾ ਹੋਵੇ ਜਿਸ ਨਾਲ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਸੰਕਤੇ ਮਿਲ ਸਕਣ। ਪਰ ਹੋਰ ਦੋਨੋਂ ਪ੍ਰਕਾਰ ਦੇ ਨਿਰਧਾਰਨ ਵਿੱਚ ਕਲਾਸ ਸਿਖਲਾਈ ਸਮੱਗਰੀ ਨਾਲ ਭਰਪੂਰ ਹੋਣੀ ਚਾਹੀਦੀ ਹੈ। ਕਲਾਸ ਦੀਆਂ ਦੀਵਾਰਾਂ, ਫਰਸ਼ ਅਤੇ ਹਰ ਥਾਂ ਵਿਦਿਆਰਥੀਆਂ ਪ੍ਰਤੀ ਦੋਸਤਾਨਾ ਵਾਤਾਵਰਣ ਪ੍ਰਦਾਨ ਕਰੇ ਜਿਸ ਵਿੱਚ ਉਹ ਸੋਚ ਸਕਣ, ਚਿੰਤਨ ਕਰ ਸਕਣ ਅਤੇ ਉਨ੍ਹਾਂ ਵਿਚਾਰਾਂ ਦੀ ਰਚਨਾ ਕਰ ਸਕਣ ਜਿਨ੍ਹਾਂ ਦੀ ਲੋੜ ਸਿਖਲਾਈ ਲਈ ਨਿਰਧਾਰਨ ਅਤੇ ਸਿਖਲਾਈ ਦੇ ਰੂਪ ਵਿੱਚ ਨਿਰਧਾਰਨ ਲਈ ਹੈ।

- ਫੀਡਬੈਕ ਪ੍ਰਦਾਨ ਕਰਨਾ: ਅਸੀਂ ਪਹਿਲਾਂ ਹੀ ਨਿਰਧਾਰਨ ਪ੍ਰੋਗਰਾਮ ਵਿੱਚ ਫੀਡਬੈਕ ਦੀ ਮਹੱਤਤਾ 'ਤੇ ਚਰਚਾ ਕਰ ਚੁੱਕੇ ਹਾਂ। ਸਿਖਲਾਈ ਦੇ ਨਿਰਧਾਰਨ ਵਿੱਚ ਫੀਡਬੈਕ ਚੰਗੀ ਤਿਆਰ ਕੀਤੀ ਹੋਈ ਰਿਪੋਰਟ ਵਿੱਚ ਅੰਕਾਂ ਜਾਂ ਅੱਖਰਾਂ ਗ੍ਰੇਡਾਂ ਰਾਹੀਂ ਦਿੱਤੀ ਜਾਂਦੀ ਹੈ ਜੋ ਕਿ ਵਿਦਿਆਰਥੀ ਦੀ ਕਾਰਜਕੁਸ਼ਲਤਾ ਦੇ ਪੱਧਰ ਦਾ ਸੰਕੇਤ ਦਿੰਦੇ ਹਨ। ਇਸ ਤੋਂ ਇਲਾਵਾ ਰਿਪੋਰਟ ਨੂੰ ਮਾਪਿਆਂ ਅਤੇ ਹੋਰ ਲੋਕਾਂ ਨਾਲ ਵੰਡਿਆ ਜਾਂਦਾ ਹੈ ਜੋ ਕਿ ਵਿਦਿਆਰਥੀ ਦੀ ਸਿਖਲਾਈ ਨਾਲ ਕੋਈ ਸਬੰਧ ਰੱਖਦੇ ਹਨ, ਪਰ ਸਿਖਲਾਈ ਲਈ ਨਿਰਧਾਰਨ ਵਿੱਚ ਫੀਡਬੈਕ ਤੁਰੰਤ ਦਿੱਤੀ ਜਾਂਦੀ ਹੈ ਅਤੇ ਆਮ ਤੌਰ 'ਤੇ ਮੌਖਿਕ ਹੁੰਦੀ ਹੈ ਅਤੇ ਜਾਂ ਵਿਦਿਆਰਥੀ ਦੇ ਵਿਵਹਾਰ ਜਾਂ ਕਿਰਿਆਵਾਂ ਦਾ ਵਰਣਨ ਹੁੰਦੀ ਹੈ ਜਿਸ ਲਈ ਕਿਸੇ ਵੀ ਵਿਆਪਕ ਯੋਜਨਾ ਦੀ ਲੋੜ ਨਹੀਂ ਹੁੰਦੀ। ਪਰ ਫਿਰ ਵੀ

ਇਨ੍ਹਾਂ ਵਰਣਨਾਂ ਨੂੰ ਵਿਦਿਆਰਥੀਆਂ ਦੀ ਪ੍ਰਤੀਕਿਰਿਆ ਪੁਸਤਕਾਂ ਵਿੱਚ ਨੋਟ ਕੀਤਾ ਜਾ ਸਕਦਾ ਹੈ ਜਾਂ ਰੋਜ਼ਾਨਾ ਡਾਇਰੀ ਵਿੱਚ ਜਿਨ੍ਹਾਂ ਨੂੰ ਮਾਪਿਆਂ ਨਾਲ ਵੰਡਿਆ ਜਾ ਸਕਦਾ ਹੈ। ਸਿਖਲਾਈ ਵਰਗੇ ਨਿਰਧਾਰਨ ਵਿੱਚ ਵਿਦਿਆਰਥੀ ਨੂੰ ਫੀਡਬੈਕ ਆਪਣੇ ਹੀ ਪੁਨਰਵਿਚਾਰਾਂ ਚਿੰਤਨ ਅਤੇ ਜਾਂ ਆਪਣੇ ਸਹਿਪਾਠੀਆਂ ਤੋਂ ਮਿਲਦੀ ਹੈ ਜਿਸ ਲਈ ਤੁਹਾਨੂੰ ਕੁਝ ਵੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ।

- ਪਰਿਵਰਤਨ ਵਿੱਚ ਸ਼ਾਮਲ ਕਰਨਾ: ਨਿਰਧਾਰਨ ਦਾ ਪੂਰਾ ਅਭਿਆਸ ਵਿਦਿਆਰਥੀਆਂ ਦੀ ਸਿਖਲਾਈ ਵਿੱਚ ਜ਼ਿਆਦਾ ਸੁਧਾਰ ਲਿਆਉਣ ਲਈ ਕੀਤਾ ਜਾਂਦਾ ਹੈ। ਨਿਰਧਾਰਨ ਦੇ ਨਤੀਜਿਆਂ ’ਤੇ ਆਧਾਰਿਤ ਤੁਹਾਨੂੰ ਹਰ ਵਿਦਿਆਰਥੀ ਨਾਲ ਸਲਾਹ ਕਰਕੇ ਕਿਰਿਆ ਬਿੰਦੂ ਬਣਾਉਣੇ ਹਨ, ਗਲਤੀਆਂ ਵਿੱਚ ਸੁਧਾਰ ਲਈ, ਸਿਖਲਾਈ ਵਿੱਚ ਸੁਧਾਰ ਅਤੇ ਵਾਧੇ ਲਈ। ਨਿਰਧਾਰਨ ਦਾ ਚੱਕਰ, ਸਿਖਲਾਈ ਦੀਆਂ ਸ਼ਕਤੀਆਂ ਅਤੇ ਘਾਟਾਂ ਦਾ ਨਿਦਾਨ, ਸੁਧਾਰ ਲਈ ਢੁਕਵੇਂ ਕਾਰਜ ਕਰਨਾ ਲਗਾਤਾਰ ਚੱਕਰੀ ਤਰੀਕੇ ਨਾਲ ਚੱਲਦਾ ਰਹਿੰਦਾ ਹੈ। ਵਿਦਿਆਰਥੀਆਂ ਦੇ ਗ੍ਰੇਡ ਉੱਚੇ ਹੁੰਦੇ ਜਾਂਦੇ ਹਨ ਜਿਵੇਂ ਜਿਵੇਂ ਵਿਦਿਆਰਥੀ ਸਕੂਲ ਦੇ ਅਗਲੇ ਪੱਧਰ ’ਤੇ ਜਾਂਦੇ ਹਨ।

- ਨਿਗਰਾਨੀ ਦਾ ਨਿਰੰਤਰ ਤੰਤਰ: ਸਕੂਲਾਂ ਵਿੱਚ ਨਿਰਧਾਰਨ ਦੀ ਨਿਰੰਤਰਤਾ ਅਤੇ ਗੁਣਵੱਤਾ ਨੂੰ ਬਣਾਏ ਰੱਖਣ ਲਈ ਅਧਿਆਪਕਾਂ ਨੂੰ ਇੱਕ ਸਮੂਹ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ ਕਿ ਉਹ ਇਸ ਦੀ ਯੋਜਨਾ, ਆਯੋਜਨ, ਰਿਕਾਰਡਿੰਗ, ਨਤੀਜਿਆਂ ਨੂੰ ਵੰਡਣ ਅਤੇ ਸਮੇਂ ’ਤੇ ਉਪਰੋਕਤ ਕਾਰਜ ਅਪਣਾਉਣ ਦੀ ਜਾਂਚ ਕਰਦੇ ਰਹਿਣ। ਇਹ ਜਾਂਚ ਦਾ ਸਾਰਾ ਕਾਰਜ ਇਛੁੱਕ ਸਿਖਲਾਈ ਨਤੀਜੇ ਦੇ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ।

### 14.4. ਸਾਰਾਂਸ਼

- ਕਲਾਸ ਵਿੱਚ ਹਰ ਵਿਦਿਆਰਥੀ ਦੀ ਸਿਖਲਾਈ ਦਾ ਨਿਰਧਾਰਨ ਇਛੁੱਕ ਸਿਖਲਾਈ ਨਤੀਜਿਆਂ ਦੇ ਸੰਦਰਭ ਵਿੱਚ ਕੀਤਾ ਜਾਂਦਾ ਹੈ। ਨਿਰਧਾਰਨ ਨੂੰ ਸਿਖਲਾਈ ਦੇ ਕ੍ਰਮ ਵਿੱਚ ਉਦੇਸ਼ ਅਤੇ ਸਮੇਂ ਦੇ ਸਬੰਧ ਵਿੱਚ ਵਰਣਨ ਕੀਤਾ ਜਾ ਸਕਦਾ ਹੈ।

- ਸਿਖਲਾਈ ਦੇ ਨਿਰਧਾਰਨ ਤੋਂ ਮਤਲਬ ਇਨ੍ਹਾਂ ਨਿਰਧਾਰਨਾਂ ਤੋਂ ਹੈ ਜਿਵੇਂ ਮੌਖਿਕ, ਕਾਰਜਕੁਸ਼ਲਤਾ ਅਤੇ ਲਿਖਤੀ ਅਤੇ ਇਨ੍ਹਾਂ ਵਿਧੀਆਂ ਵਿੱਚੋਂ ਦੋ ਜਾਂ ਜ਼ਿਆਦਾ ਦਾ ਮਿਸ਼ਰਣ, ਜਿਵੇਂ ਕਿਸੇ ਸਿੱਖਿਆ ਇਕਾਈ ਜਾਂ ਟਰਮ ਦੇ ਅੰਤ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਸਿਖਲਾਈ ਦੇ ਨਿਰਧਾਰਨ ਦੇ ਨਤੀਜਿਆਂ ਨੂੰ ਅੰਕਾਂ ਜਾਂ ਗ੍ਰੇਡਾਂ ਦਾ ਪ੍ਰਯੋਗ ਕਰਕੇ ਰਿਕਾਰਡ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦਾ ਪ੍ਰਯੋਗ ਅੱਗੇ ਆਉਣ ਵਾਲੀਆਂ ਇਕਾਈਆਂ ਵਿੱਚ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ ਵਿੱਚ ਸੁਧਾਰ ਲਈ ਕੀਤਾ ਜਾਂਦਾ ਹੈ।

- ਸਿਖਲਾਈ ਲਈ ਨਿਰਧਾਰਨ ਮੁੱਖ ਰੂਪ ਨਾਲ ਵਿਦਿਆਰਥੀਆਂ ਦੀ ਸਿਖਲਾਈ ਨੂੰ ਪ੍ਰੋਤਸਾਹਨ ਦੇਣ ਲਈ ਅਤੇ ਅਧਿਆਪਕ ਨੂੰ ਮਾਰਗ ਦਰਸ਼ਨ ਦੇਣ ਲਈ ਕੀਤਾ ਜਾਂਦਾ ਹੈ। ਇਸ ਲਈ ਅਧਿਆਪਕ ਅਤੇ ਸਹਿਪਾਠੀਆਂ ਤੋਂ ਲਗਾਤਾਰ ਫੀਡਬੈਕ ਪ੍ਰਾਪਤ ਕੀਤੀ ਜਾਂਦੀ ਹੈ। ਅਭਿਆਸ ਕਾਰਜ, ਕਲਾਸ ਦੀਆਂ ਕਿਰਿਆਵਾਂ ਦਾ ਪ੍ਰੇਖਣ, ਪ੍ਰਾਜੈਕਟਾਂ ਵਿੱਚ ਸ਼ਮੂਲੀਅਤ ਅਤੇ ਪੋਰਟਫੋਲਿਓ ਦਾ ਵਿਕਾਸ ਉਨ੍ਹਾਂ ਸਥਿਤੀਆਂ ਦੇ ਉਦਾਹਰਨ ਹਨ ਜਿਨ੍ਹਾਂ ਵਿੱਚ ਸਿਖਲਾਈ ਲਈ ਨਿਰਧਾਰਨ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਜਾ ਸਕਦਾ ਹੈ।

- ਨਿਰਧਾਰਨ ਸਿਖਲਾਈ ਦੀ ਤਰ੍ਹਾਂ ਇਸ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਪਣੀ ਸਿਖਲਾਈ ’ਤੇ ਚਿੰਤਨ ਕਰਨ ਦਾ ਅਵਸਰ ਪ੍ਰਦਾਨ ਕਰਨ ਲਈ ਹੈ। ਸਵੈ ਨਿਰਧਾਰਨ, ਸਹਿਪਾਠੀਆਂ ਵੱਲੋਂ ਨਿਰਧਾਰਨ ਅਤੇ ਉਦੇਸ਼ ਨਿਰਧਾਰਤ ਕਰਨ ਦੀਆਂ ਕਿਰਿਆਵਾਂ ਨਿਰਧਾਰਨ ਸਿਖਲਾਈ ਦੀ ਤਰ੍ਹਾਂ ਦੇ ਉਦਾਹਰਨ ਹਨ।

- ਨਿਰਧਾਰਨ ਦੇ ਇੱਕ ਪ੍ਰੋਗਰਾਮ ਦੀ ਯੋਜਨਾ ਬਣਾਉਂਦੇ ਸਮੇਂ ਤੁਹਾਨੂੰ ਕਈ ਗੱਲਾਂ ਧਿਆਨ ਵਿੱਚ ਰੱਖਣੀਆਂ ਹੋਣਗੀਆਂ ਜਿਵੇਂ ਕਿ ਇਛੁੱਕ ਸਿਖਲਾਈ ਨਤੀਜੇ ਕੀ ਹਨ, ਪ੍ਰਭਾਵਸ਼ਾਲੀ ਨਿਰਧਾਰਨ

ਦਾ ਸਪੱਸ਼ਟ ਨਜ਼ਰੀਆ, ਸਮੇਂ ਦੀ ਸੁਵਿਧਾ, ਵਿਦਿਆਰਥੀਆਂ ਦੀ ਭਾਗੀਦਾਰੀ, ਪ੍ਰੇਰਣਾ ਦੇਣ ਵਾਲਾ ਕਲਾਸ ਦਾ ਵਾਤਾਵਰਣ, ਫੀਡਬੈਕ ਪ੍ਰਦਾਨ ਕਰਨਾ, ਨਿਰਧਾਰਨ ਦਾ ਜਾਂਚ ਦਾ ਤੰਤਰ ਆਦਿ।

14.5 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ–1 ਅ

ਈ–2 ਨਹੀਂ, ਆਰਟੀਈ ਕਾਨੂੰਨ, 2009 ਤਹਿਤ ਦੇਸ਼ ਵਿੱਚ ਪ੍ਰਾਇਮਰੀ ਕਲਾਸਾਂ ਵਿੱਚ ਕੋਈ ਨਿਯੰਤਰਣ ਨੀਤੀ ਲਾਗੂ ਨਹੀਂ ਹੁੰਦੀ ਹੈ।

ਈ–3 ਅ

ਈ–4 ਸ

14.6 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ


1. Black, P & William, D (1999). Assessment for learning: Beyond the black

box. London: Kings College London.

2. Butler, R (1988). Enhancing and undermining intrinsic motivation: effects

of task-involving and ego-involving evaluation on interest and performance.

British Journal of Educational Psychology, 56 (51–63).

3. Cooper, Damian (2007). Talking about assessment, strategies, and tools to

improve learning. Toronto, Ontario: Thomson Nelson.

4. Earl, Lorna M. (2006). Assessment as learning: Using classroom assessment

to maximize student learning. Thousand Oaks, California: Corwin Press.


14.7 ਇਕਾਈ ਅੰਤ ਅਭਿਆਸ

1. ਸਿਖਲਾਈ ਦੇ ਨਿਰਧਾਰਨ ਅਤੇ ਸਿਖਲਾਈ ਲਈ ਨਿਰਧਾਰਨ ਵਿੱਚ ਅੰਤਰ ਸਪੱਸ਼ਟ ਕਰੋ।

2. ਸਿਖਲਾਈ ਲਈ ਨਿਰਧਾਰਨ ਵਿੱਚ ਫੀਡਬੈਕ ਦੀ ਭੂਮਿਕਾ ਸਪੱਸ਼ਟ ਕਰੋ।

## ਇਕਾਈ–15 ਨਿਰਧਾਰਨ ਦੇ ਉਪਕਰਣ ਅਤੇ ਰਣਨੀਤੀਆਂ

ਸੰਰਚਨਾ

15.0 ਜਾਣ ਪਛਾਣ

15.1 ਸਿਖਲਾਈ ਉਦੇਸ਼

15.2 ਉਪਲੱਬਧੀ ਟੈਸਟ ਦੀ ਸੰਰਚਨਾ ਅਤੇ ਉਪਯੋਗ

15.2.1 ਅਧਿਆਪਕ–ਨਿਰਮਾਤਾ ਟੈਸਟ

15.2.2 ਇਕਾਈ ਟੈਸਟ

15.3 ਵਿਭਿੰਨ ਪ੍ਰਕਾਰ ਦੇ ਟੈਸਟ ਮਦਾਂ ਦੀ ਸੰਰਚਨਾ

15.3.1 ਵਿਸਥਾਰਤ ਉੱਤਰ ਪ੍ਰਕਾਰ ਦੇ ਮਦ

15.3.2 ਪ੍ਰਤੀਬੰਧਿਤ ਉੱਤਰ ਪ੍ਰਕਾਰ ਦੇ ਮਦ

15.3.3 ਛੋਟੇ ਪ੍ਰਕਾਰ ਦੇ ਮਦ

15.3.4 ਖੁੱਲ੍ਹਾ ਅੰਤ ਮਦ

15.4 ਗੁਣਾਤਮਕ ਉਪਕਰਨਾਂ ਅਤੇ ਤਕਨੀਕਾਂ ਦਾ ਉਪਯੋਗ ਅਤੇ ਸੰਰਚਨਾ

15.4.1 ਪ੍ਰੇਖਣ

15.4.2 ਜਾਂਚ ਸੂਚੀ

15.4.3 ਸ਼੍ਰੇਣੀ ਨਿਰਧਾਰਨ ਪੈਮਾਨਾ

15.4.4 ਪ੍ਰਸ਼ਨਾਵਲੀ

15.4.5 ਇੰਟਰਵਿਊ

15.4.6 ਪੋਰਟਫੋਲਿਓ

15.4.7 ਪ੍ਰਾਜੈਕਟ

15.4.8 ਕੇਸ ਅਧਿਐਨ

15.5 ਸਾਰੰਸ਼

15.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

15.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

15.8 ਇਕਾਈ ਅੰਤ ਅਭਿਆਸ

15.0 ਜਾਣ ਪਛਾਣ

ਪਹਿਲਾਂ ਦੀ ਇਕਾਈ ਵਿੱਚ ਤੁਸੀਂ ਸਿਖਲਾਈ ਅਧਿਆਪਨ ਪ੍ਰਕਿਰਿਆ ਵਿੱਚ ਨਿਰਧਾਰਨ ਦੇ ਮਹੱਤਵ ਸਬੰਧੀ ਜਾਣਕਾਰੀ ਪ੍ਰਾਪਤ ਕਰ ਚੁੱਕੇ ਹੋ। ਤੁਸੀਂ ਕਲਾਸ ਪ੍ਰਕਿਰਿਆ ਨਾਲ ਨਿਰਧਾਰਨ ਅਤੇ ਇਛੁੱਕ ਸਿਖਲਾਈ ਕਾਰਜਕੁਸ਼ਲਤਾ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰ ਚੁੱਕੇ ਹੋ। ਸੀਸੀਈ ਵਿਦਿਆਰਥੀਆਂ ਦੇ ਵਿਕਾਸ ਦੇ ਵਿਭਿੰਨ ਪਹਿਲੂਆਂ ਦਾ ਨਿਰਧਾਰਨ ਕਰਨ ਦੀ ਸਕੂਲ ਆਧਾਰਿਤ ਇੱਕ ਪੱਧਤੀ ਹੈ। ਇਸ ਲਈ ਸੀਸੀਈ ਇੱਕ ਵਾਰ ਹੋਣ ਵਾਲੀ ਘਟਨਾ ਨਹੀਂ ਹੈ, ਬਲਕਿ ਇਹ ਪੂਰੇ ਅਕਾਦਮਿਕ ਸੈਸ਼ਨ ਵਿੱਚ ਫੈਲਿਆ ਹੋਇਆ ਹੈ। ਸੀਸੀਈ ਦੀ ਨਿਰੰਤਰਤਾ, ਘੱਟ ਸਮੇਂ ਵਿੱਚ ਰਚਨਾਤਮਕ ਨਿਰਧਾਰਨ ਦੀ ਨਿਯਮਤਤਾ ਵਿਦਿਆਰਥੀਆਂ ਦੀਆਂ ਸਿਖਲਾਈ ਕਠਿਨਾਈਆਂ ਦੀ ਪਛਾਣ ਕਰਨ ਅਤੇ ਸੁਧਾਰਾਤਮਕ ਉਪਾਅ ਦਾ ਉਪਯੋਗ ਕਰਨ ਅਤੇ ਵਿਦਿਆਰਥੀਆਂ ਨੂੰ ਸਮੇਂ 'ਤੇ ਪਾਠ ਪੋਸ਼ਣ ਉਪਲੱਬਧ ਕਰਨ 'ਤੇ ਜ਼ੋਰ ਦਿੰਦਾ ਹੈ। ਜਦੋਂ ਤੁਸੀਂ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ ਅਕਾਦਮਿਕ ਦੋਨੋਂ ਪਹਿਲੂਆਂ ਦਾ ਨਿਰਧਾਰਨ ਕਰਦੇ ਹੋ ਤਾਂ ਕੀ ਤੁਸੀਂ ਸੋਚਦੇ ਹੋ ਕਿ ਕੇਵਲ ਇੱਕ ਹੀ ਉਪਕਰਨ ਜਾਂ ਤਕਨੀਕ (ਉਦਾਹਰਨ ਲਈ ਕਲਾਸ ਟੈਸਟ) ਨਿਰਧਾਰਨ ਕਰਨ ਲਈ ਉਚਿੱਤ ਹਨ ? ਤੁਸੀਂ ਸੰਕਲਨਾਤਮਕ ਨਿਰਧਾਰਨ ਦੇ ਉਪਕਰਨਾਂ ਅਤੇ ਤਕਨੀਕਾਂ ਦੀਆਂ ਬੁਨਿਆਦੀ ਸੰਕਲਪਨਾਵਾਂ ਸਬੰਧੀ ਸਿਖੋਗੇ ਤਾਂ ਕਿ ਹਰੇਕ ਵਿਦਿਆਰਥੀ ਦੇ ਅਕਾਦਮਿਕ ਅਤੇ ਸਹਿ ਅਕਾਦਮਿਕ ਪਹਿਲੂਆਂ ਦਾ ਨਿਰਧਾਰਨ ਕਰਨ ਲਈ ਵਿਭਿੰਨ ਪ੍ਰਕਾਰ ਦੇ ਉਪਕਰਨਾਂ ਦੀ ਸੰਰਚਨਾ ਕਰਨ ਦੇ ਕੁਸ਼ਲਾਂ ਦਾ ਵਿਕਾਸ ਕੀਤਾ ਜਾ ਸਕੇ।

ਇਸ ਇਕਾਈ ਦੇ ਅਧਿਐਨ ਲਈ ਤੁਹਾਨੂੰ ਲਗਪਗ 15 ਘੰਟੇ ਦੀ ਲੋੜ ਹੋਏਗੀ।

15.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਸਕੋਗੇ

- ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਦਾ ਨਿਰਧਾਰਨ ਕਰਨ ਲਈ ਪ੍ਰਯੋਗ ਕੀਤੇ ਜਾਣ ਵਾਲੇ ਵਿਭਿੰਨ ਉਪਕਰਨਾਂ ਦੀ ਪਛਾਣ ਕਰਨੀ।
- ਉਪਲੱਬਧੀ ਟੈਸਟ ਦਾ ਵਿਕਾਸ ਅਤੇ ਪ੍ਰਯੋਗ ਕਰਨਾ ਅਤੇ ਵਿਦਿਆਰਥੀਆਂ ਨਾਲ ਸਬੰਧਿਤ ਸੂਚਨਾਵਾਂ ਨੂੰ ਇਕੱਤਰ ਕਰਨ ਦੇ ਉਪਕਰਨਾਂ ਦਾ ਵਿਕਾਸ ਕਰਨਾ।
- ਸਕੂਲ ਵਿਸ਼ਿਆਂ ਦੇ ਟੈਸਟ ਲਈ ਵਿਭਿੰਨ ਟੈਸਟ ਮਦਾਂ ਦਾ ਨਿਰਮਾਣ ਕਰਨ ਲਈ ਲੋੜੀਂਦੇ ਕੁਸ਼ਲਾਂ ਦਾ ਵਿਕਾਸ ਕਰਨਾ।

15.2 ਉਪਲੱਬਧੀ ਟੈਸਟ ਦੀ ਸੰਰਚਨਾ ਅਤੇ ਉਪਯੋਗ

ਤੁਸੀਂ 'ਉਪਲੱਬਧੀ' ਦੀ ਧਾਰਨਾ ਤੋਂ ਕੀ ਸਮਝਦੇ ਹੋ ?

ਸ਼ਬਦਕੋਸ਼ ਵਿੱਚ ਇਸ ਸ਼ਬਦ ਦਾ ਅਰਥ ਇੱਕ ਕਾਰਜ ਨੂੰ ਕਿਸੇ ਵਿਅਕਤੀ ਵੱਲੋਂ ਸਫਲਤਾਪੂਰਬਕ ਕਰਨਾ ਵਿਸ਼ੇਸ਼ ਰੂਪ ਨਾਲ ਆਪਣੇ ਉਪਰਾਲਿਆਂ ਅਤੇ ਕੋਸ਼ਿਸ਼ਾਂ ਰਾਹੀਂ ਕਰਨਾ। (Oxford Advanced Students Dictionary of Current English, 2005) ਉਦਾਹਰਨ ਲਈ ਵਿਜੈ ਜੋ ਕਿ ਛੇਵੀਂ ਕਲਾਸ ਦਾ ਵਿਦਿਆਰਥੀ ਹੈ ਸਾਧਾਰਨ ਅਤੇ ਮਿਸ਼ਰਤ ਵਿਆਜ ਨਾਲ ਸਬੰਧਿਤ 10 ਵਿਭਿੰਨ ਪ੍ਰਕਾਰ ਦੇ ਪ੍ਰਸ਼ਨਾਂ ਨੂੰ ਹੱਲ ਕਰ ਸਕਦਾ ਹੈ ਜਦੋਂਕਿ ਸਾਜਨ ਕੇਵਲ 4 ਪ੍ਰਕਾਰ ਦੇ ਪ੍ਰਸ਼ਨ ਹੀ ਹੱਲ ਕਰ ਪਾਉਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਸਾਧਾਰਨ ਅਤੇ ਮਿਸ਼ਰਤ ਵਿਆਜ ਦੇ ਪ੍ਰਸ਼ਨਾਂ ਨੂੰ ਹੱਲ ਕਰਨ ਵਿੱਚ ਵਿਜੈ ਦੀ ਉਪਲੱਬਧੀ ਸਾਜਨ ਤੋਂ ਬਿਹਤਰ ਹੈ। ਵਿਜੈ ਦੀ ਉਪਲੱਬਧੀ ਜ਼ਿਆਦਾ ਹੈ ਕਿਉਂਕਿ ਉਸਨੇ ਵਿਭਿੰਨ ਸੰਦਰਭ ਵਿੱਚ ਸਾਧਾਰਨ ਅਤੇ ਮਿਸ਼ਰਤ ਵਿਆਜ ਨਾਲ ਸਬੰਧਿਤ ਸਮੱਸਿਆ ਨੂੰ

ਸਮਝਣ ਲਈ ਜ਼ਿਆਦਾ ਗਿਆਨ ਅਤੇ ਕੁਸ਼ਲ ਹਾਸਿਲ ਕੀਤਾ ਹੈ ਜਦੋਂਕਿ ਸਾਜਨ ਨੇ ਉਸੀ ਸਮੇਂ ਵਿੱਚ ਘੱਟ ਗਿਆਨ ਹਾਸਿਲ ਕੀਤਾ ਹੈ। ਇਸ ਸਥਿਤੀ ਵਿੱਚ ਉਪਲੱਬਧੀ ਸਮੱਸਿਆ ਨੂੰ ਹੱਲ ਕਰਨ ਲਈ ਹਾਸਿਲ ਅਨੁਭਵ ਹੈ।

ਵਿਦਿਆਰਥੀ ਦੀ ਸਿਖਲਾਈ ਉਪਲੱਬਧੀ ਦਾ ਨਿਰਧਾਰਨ ਕਰਨ ਲਈ ਅਸੀਂ ਸਕੂਲਾਂ ਵਿੱਚ ਪ੍ਰੀਖਿਆਵਾਂ ਦਾ ਪ੍ਰਯੋਗ ਕਰਦੇ ਹਾਂ। ਇਸ ਪ੍ਰਕਾਰ ਦੇ ਟੈਸਟ ਤੁਹਾਡੇ ਵੱਲੋਂ ਤਿਆਰ ਕੀਤੇ ਜਾਂਦੇ ਹਨ ਜਾਂ ਤੁਹਾਡੇ ਅਧਿਕਾਰੀਆਂ ਵੱਲੋਂ ਉਪਲੱਬਧ ਕਰਾਏ ਜਾਂਦੇ ਹਨ ਜਾਂ ਬਾਜ਼ਾਰ ਤੋਂ ਖਰੀਦਦੇ ਹੋ। ਜੋ ਪ੍ਰਸ਼ਨ ਪੱਤਰ ਖਰੀਦਦੇ ਹਨ, ਤੁਹਾਡੇ ਵੱਲੋਂ ਜੋ ਪ੍ਰਸ਼ਨ ਪੱਤਰ ਬਣਾਇਆ ਗਿਆ ਹੈ, ਉਹ ਦੂਜਿਆਂ ਤੋਂ ਕਿਸ ਪ੍ਰਕਾਰ ਨਾਲ ਭਿੰਨ ਹੈ। ਕੀ ਬਾਜ਼ਾਰ ਤੋਂ ਤੁਸੀਂ ਜੋ ਪ੍ਰੀਖਿਆ ਪੇਪਰ ਖਰੀਦਿਆ, ਉਹ ਤੁਹਾਡੇ ਉਦੇਸ਼ ਦੀ ਪੂਰਤੀ ਕਰਦਾ ਹੈ ? ਇਨ੍ਹਾਂ ਮੁੱਦਿਆਂ 'ਤੇ ਤੁਸੀਂ ਗੰਭੀਰ ਵਿਚਾਰ ਕਰੋ। ਜ਼ਿਆਦਾਤਰ ਅਧਿਆਪਕ ਵਿਦਿਆਰਥੀ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਕਿਸ ਪੱਧਰ ਤੱਕ ਸਫਲ ਰਹੇ ਹਨ ਅਤੇ ਵਿਦਿਆਰਥੀ ਵੱਲੋਂ ਕਿਸ ਪੱਧਰ ਤੱਕ ਸਿੱਖਿਆ ਦੇ ਟੀਚਿਆਂ ਨੂੰ ਪ੍ਰਾਪਤ ਕੀਤਾ ਗਿਆ ਹੈ। ਪ੍ਰੀਖਿਆ ਨਤੀਜੇ ਗ੍ਰੇਡ ਜਾਂ ਅੰਕਾਂ ਰਾਹੀਂ ਪ੍ਰਦਰਸ਼ਿਤ ਕੀਤੇ ਜਾਂਦੇ ਹਨ। ਆਓ ਇੱਕ ਉਦਾਹਰਨ ਦੇਖੀਏ।

ਮੰਨ ਲਓ।

- ਦੋ ਅੰਕਾਂ ਦਾ ਜੋੜ ਬਿਨਾਂ ਹਾਸਿਲ ਦੇ
- ਦੋ ਅੰਕਾਂ ਦਾ ਜੋੜ ਹਾਸਿਲ ਸਮੇਤ
- ਦੋ ਅੰਕਾਂ ਦਾ ਲਾਇਨ ਮੁਤਾਬਿਕ ਜੋੜ
- ਦੋ ਅੰਕਾਂ ਦੇ ਸ਼ਬਦਾਂ ਤੋਂ ਬਿਨਾਂ ਸਮੱਸਿਆਵਾਂ

ਜੋੜ ਧਾਰਨਾਵਾਂ ਨੂੰ ਸਿਖਾਉਣ ਤੋਂ ਬਾਅਦ ਤੁਸੀਂ ਹਰੇਕ ਵਿਦਿਆਰਥੀ ਦੇ ਅੰਕਾਂ ਦਾ ਜੋੜ ਕਰਨ ਦੇ ਹਾਸਿਲ ਅਨੁਭਵ ਦੀ ਮਾਤਰਾ ਨੂੰ ਜਾਣਨਾ ਚਾਹੋਗੇ। ਅਜਿਹੀ ਸਥਿਤੀ ਵਿੱਚ ਅਸੀਂ ਵਿਦਿਆਰਥੀਆਂ ਦੀ ਸਿਖਲਾਈ ਉਪਲੱਬਧੀ ਦੇ ਪੱਧਰ ਨੂੰ ਜਾਣਨ ਲਈ ਉਪਲੱਬਧੀ ਟੈਸਟ ਦੀ ਵਰਤੋਂ ਕਰਦੇ ਹਾਂ ਜਿਸ ਵਿੱਚ ਇਛੁੱਕ ਸਿਖਲਾਈ ਸਾਰਾਂਸ਼ ਨਾਲ ਸਬੰਧਿਤ ਪਹਿਲੂਆਂ ਜਿਵੇਂ ਗਿਆਨ, ਸਮਝ, ਪ੍ਰਯੋਗ, ਵਿਸ਼ਲੇਸ਼ਣ, ਸੰਸ਼ਲੇਸ਼ਣ ਅਤੇ ਮੁਲਾਂਕਣ ਹੁਨਰ ਦੀ ਪ੍ਰਾਪਤ ਸਮਰੱਥਾ ਦਾ ਮੁਲਾਂਕਣ ਕਰਦੇ ਹਾਂ। ਇਸ ਪ੍ਰਕਾਰ ਨਾਲ ਪ੍ਰੀਖਿਆ ਰਾਹੀਂ ਅਧਿਆਪਕ ਇੱਕ ਵਿਦਿਆਰਥੀ ਦੇ ਉਪਲੱਬਧੀ ਪੱਧਰ ਨੂੰ ਦੂਜੇ ਵਿਦਿਆਰਥੀ ਦੀ ਹਾਸਿਲ ਉਪਲੱਬਧੀ ਪੱਧਰ ਨਾਲ ਤੁਲਨਾ ਕਰ ਸਕਦੇ ਹਨ।

ਈ–1 ਐਲੀਮੈਂਟਰੀ ਸਕੂਲ ਪੱਧਰ 'ਤੇ ਕਲਾਸ ਰੂਪ ਵਿੱਚ ਉਪਲੱਬਧੀ ਟੈਸਟ ਦੇ ਕਿਸੇ ਤਿੰਨ ਉਪਯੋਗਾਂ ਦਾ ਵਰਣਨ ਕਰੋ।

ਮੰਨ ਲਓ ਤੁਸੀਂ ਆਪਣੇ ਸਕੂਲ ਦੀ ਕਲਾਸ ਲਈ ਗਣਿਤ ਵਿਸ਼ੇ ਲਈ ਇੱਕ ਚੰਗੇ ਟੈਸਟ ਦੀ ਰਚਨਾ ਕੀਤੀ ਹੈ। ਤੁਸੀਂ ਆਪਣੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹੋ ਅਤੇ ਜੋ ਪ੍ਰੀਖਿਆ ਪੱਤਰ ਤੁਸੀਂ ਵਿਕਸਤ ਕੀਤਾ ਹੈ, ਉਸ ਵਿੱਚ ਗਣਿਤ ਵਿੱਚ ਉਪਲੱਬਧੀ ਨਾਲ ਸਬੰਧਿਤ ਜ਼ਰੂਰੀ ਸੂਚਨਾ ਉਪਲੱਬਧ ਹੈ। ਤੁਸੀਂ ਟੈਸਟ ਦੇ ਪ੍ਰਦਰਸ਼ਨ ਤੋਂ ਸੰਤੁਸ਼ਟ ਹੋ। ਕੀ ਇਸ ਪ੍ਰੀਖਿਆ ਪੱਤਰ ਦੀ ਵਰਤੋਂ ਤੁਹਾਡੇ ਰਾਜ ਵਿੱਚ ਕਿਧਰੇ ਦੂਰ ਜਨਜਾਤੀ ਖੇਤਰ ਵਿੱਚ ਸਥਿਤ ਸਕੂਲ ਵਿੱਚ ਜਾਂ ਤੁਹਾਡੇ ਸ਼ਹਿਰ ਵਿੱਚ ਸਥਿਤ ਸਕੂਲ ਵਿੱਚ ਤਾਇਨਾਤ ਅਧਿਆਪਕ ਕਰ ਸਕਦਾ ਹੈ ? ਅਸੀਂ ਸੁਨਿਸ਼ਚਤ ਨਹੀਂ ਕਰ ਸਕਦੇ ਹਾਂ ? ਜ਼ਿਆਦਾ ਤੋਂ ਜ਼ਿਆਦਾ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਟੈਸਟ ਚੰਗੇ ਤਰੀਕੇ ਨਾਲ ਕਾਰਜ ਕਰ ਸਕਦਾ ਹੈ, ਜੇਕਰ ਵਿਦਿਆਰਥੀਆਂ ਅਤੇ ਸਕੂਲ ਦੀ ਸਥਿਤੀ ਤੁਹਾਡੇ ਸਕੂਲ ਦੀ ਹੀ ਤਰ੍ਹਾਂ ਹੋਵੇ। ਪਰ ਸਾਂਝੀਆਂ ਪ੍ਰੀਖਿਆਵਾਂ ਵਿੱਚ ਰਾਜ ਦੇ ਸਾਰਿਆਂ ਲਈ ਇੱਕ ਹੀ ਪ੍ਰੀਖਿਆ ਸੈੱਟ ਦਾ ਉਪਯੋਗ ਕੀਤਾ ਜਾਂਦਾ ਹੈ। ਇਨ੍ਹਾਂ ਪ੍ਰੀਖਿਆਵਾਂ ਦੀ ਸੰਰਚਨਾ ਬਹੁਤ ਧਿਆਨਪੂਰਬਕ ਕੀਤੀ ਜਾਂਦੀ ਹੈ ਅਤੇ ਇਸ ਨੂੰ ਬਣਾਉਣ ਵਿੱਚ ਇੱਕ ਨਿਸ਼ਚਤ ਮਿਆਰੀਕਰਨ ਦਾ

ਪਾਲਣ ਕੀਤਾ ਜਾਂਦਾ ਹੈ ਤਾਂ ਕਿ ਰਾਜ ਵਿੱਚ ਸਥਿਤ ਸਾਰੇ ਸਕੂਲਾਂ ਵਿੱਚ ਅਧਿਐਨ ਅਧੀਨ ਸਾਰੇ ਵਿਦਿਆਰਥੀਆਂ ਲਈ ਇਹ ਪ੍ਰੀਖਿਆ ਨਿਰਪੱਖ ਹੋਵੇ। ਇਸ ਪ੍ਰਕਾਰ ਪ੍ਰੀਖਿਆਵਾਂ ਦੀਆਂ ਦੋ ਸ਼੍ਰੇਣੀਆਂ ਹਨ- ਅਧਿਆਪਕ ਨਿਰਮਤ ਪ੍ਰੀਖਿਆ ਪੱਤਰ ਅਤੇ ਮਿਆਰੀਕਰਨ ਪ੍ਰੀਖਿਆ ਪੱਤਰ। ਤੁਹਾਡੇ ਰਾਜ ਦੇ ਸਾਰੇ ਸੈਕੰਡਰੀ ਸਕੂਲਾਂ ਵਿੱਚ ਹੋਣ ਵਾਲੀਆਂ ਸਾਲਾਨਾ ਸੈਕੰਡਰੀ ਸਕੂਲ ਸਰਟੀਫਿਕੇਟ ਪ੍ਰੀਖਿਆਵਾਂ ਵਿੱਚ ਮਿਆਰੀਕ੍ਰਿਤ ਉਪਲੱਬਧੀ ਪ੍ਰੀਖਿਆ ਪੱਤਰ ਦੀ ਵਰਤੋਂ ਕੀਤੀ ਜਾਂਦੀ ਹੈ। ਮਿਆਰੀਕ੍ਰਿਤ ਪ੍ਰੀਕਿਰਿਆ ਰਾਹੀਂ ਪ੍ਰੀਖਿਆ ਦੇ ਨਿਮਨਲਿਖਤ ਗੁਣਾਂ ਨੂੰ ਸੁਨਿਸ਼ਚਤ ਕੀਤਾ ਜਾਂਦਾ ਹੈ।

-ਵਰਤੋਂ ਕੀਤੇ ਜਾਣ ਵਾਲੇ ਪ੍ਰੀਖਿਆ ਮਦਾਂ ਨੂੰ ਡਿਜ਼ਾਇਨ ਉਦੇਸ਼ਪੂਰਬਕ ਢੰਗ ਨਾਲ ਕੀਤਾ ਜਾਂਦਾ ਹੈ ਤਾਂਕਿ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ ਉਪਲੱਬਧੀ ਖੇਤਰਾਂ ਦਾ ਮਾਪਣ ਕੀਤਾ ਜਾ ਸਕੇ।

-ਪ੍ਰੀਖਿਆ ਮਦ ਮਿਆਰੀ ਵਿਸ਼ਾ ਵਸਤੂ 'ਤੇ ਆਧਾਰਿਤ ਹੁੰਦਾ ਹੈ ਜਿਸ ਨਾਲ ਵਿਭਿੰਨ ਵਿਅਕਤੀਆਂ ਨੂੰ ਵਿਭਿੰਨ ਸਥਾਨਾਂ ਵਿੱਚ, ਵਿਭਿੰਨ ਸਮੇਂ 'ਤੇ ਇੱਕ ਸਮਾਨ ਪ੍ਰੀਖਿਆ ਮਦ ਦੀ ਵਰਤੋਂ ਕਰਨ ਦੇ ਨਿਯਮਾਂ ਨੂੰ ਸੁਨਿਸ਼ਚਤ ਕੀਤਾ ਜਾ ਸਕੇ।

-ਇੱਕ ਸਮਾਨ ਵਾਤਾਵਰਣ ਵਿੱਚ ਸਟੀਕਤਾ ਨਾਲ ਟੈਸਟ ਕੀਤਾ ਜਾ ਸਕੇ।

-ਟੈਸਟ ਨੂੰ ਵਿਦਿਆਰਥੀਆਂ ਨੂੰ ਦੇਣਾ, ਸਿੱਟੇ ਦਾ ਅੰਕਣ ਜਾਂ ਵਿਆਖਿਆ ਕਰਨ ਦੀ ਇੱਕ ਮਿਆਰੀਕ੍ਰਿਤ ਵਿਧੀ ਦਾ ਪਾਲਣ ਕੀਤਾ ਜਾਂਦਾ ਹੈ।

-ਮਿਆਰੀਕ੍ਰਿਤ ਉਪਲੱਬਧੀ ਟੈਸਟ ਉੱਚ ਪੱਧਰੀ ਪ੍ਰੀਖਿਆ ਮਦਾਂ ਨਾਲ ਬਣਿਆ ਹੁੰਦਾ ਹੈ ਜਿਸ ਨੂੰ ਮਾਹਿਰਾਂ ਵੱਲੋਂ ਵਿਕਸਤ ਕੀਤਾ ਜਾਂਦਾ ਹੈ, ਟੈਸਟ ਕੀਤਾ ਜਾਂਦਾ ਹੈ ਅਤੇ ਕਠਿਨਾਈ ਪੱਧਰ ਦੇ ਆਧਾਰ 'ਤੇ ਚੋਣ ਕੀਤੀ ਜਾਂਦੀ ਹੈ।

ਹਾਲਾਂਕਿ ਅਜਿਹੇ ਮਿਆਰੀਕ੍ਰਿਤ ਟੈਸਟਾਂ ਦਾ, ਸਿਖਲਾਈ ਪ੍ਰਕਿਰਿਆ ਦੀ ਨਿਗਰਾਨੀ ਕਰਨ ਵਿੱਚ ਅਤੇ ਵਿਦਿਆਰਥੀਆਂ ਦੀ ਸਿਖਲਾਈ ਨੂੰ ਵਿਸਥਾਰਤ ਕਰਨ ਵਿੱਚ, ਸੀਮਿਤ ਉਪਯੋਗ ਹੈ। ਅਧਿਆਪਕ ਵੱਲੋਂ ਨਿਰਮਤ ਟੈਸਟ ਮਦ ਰਚਨਾਤਮਕ ਨਿਰਧਾਰਨ ਕਰਨ ਲਈ ਜ਼ਿਆਦਾ ਉਪਯੋਗੀ ਹੈ ਜਿਸ ਸਬੰਧੀ ਅਸੀਂ ਪਹਿਲੀ ਇਕਾਈ ਵਿੱਚ ਚਰਚਾ ਕਰ ਚੁੱਕੇ ਹਾਂ। ਆਓ ਅਧਿਆਪਕ ਨਿਰਮਤ ਟੈਸਟ ਮਦਾਂ ਦੇ ਵਿਭਿੰਨ ਪਹਿਲੂਆਂ ਨੂੰ ਸਮਝਦੇ ਹਾਂ।

### 15.2.1 ਅਧਿਆਪਕ ਨਿਰਮਤ ਟੈਸਟ

ਕਲਾਸ ਰੂਮ ਵਿੱਚ ਪੜ੍ਹਾਉਂਦੇ ਸਮੇਂ ਤੁਹਾਨੂੰ ਕਲਾਸ ਦੇ ਹਰੇਕ ਵਿਦਿਆਰਥੀ ਦੇ ਸਿਖਲਾਈ ਪੱਧਰ ਦਾ ਨਿਰਧਾਰਨ ਕਰਨ ਲਈ ਪ੍ਰੀਖਿਆ ਮਦਾਂ ਦੀ ਵਰਤੋਂ ਕਰਨੀ ਹੁੰਦੀ ਹੈ। ਅਜਿਹੇ ਪ੍ਰੀਖਿਆ ਨਿਰਧਾਰਨ ਨੂੰ ਨਿਰੰਤਰ ਅਤੇ ਵਿਆਪਕ ਬਣਾਉਣ ਦੀ ਲੋੜ ਹੈ। ਤੁਹਾਡੇ ਵਿੱਚੋਂ ਕਈਆਂ ਵੱਲੋਂ ਅਜਿਹੇ ਕਈ ਅਧਿਆਪਕ ਨਿਰਮਤ ਟੈਸਟ ਮਦਾਂ ਦਾ ਨਿਰਮਾਣ ਅਤੇ ਉਪਯੋਗ, ਆਪਣੀ ਆਪਣੀ ਕਲਾਸ ਦੇ ਵਿਦਿਆਰਥੀਆਂ ਦੀ ਪ੍ਰਗਤੀ ਦਾ ਵਿਭਿੰਨ ਅਵਸਰਾਂ ਵਿੱਚ ਨਿਰਧਾਰਨ ਕਰਨ ਲਈ ਕੀਤਾ ਜਾਂਦਾ ਹੋਏਗਾ।

ਅਧਿਆਪਕ ਨਿਰਮਤ ਟੈਸਟ ਮਦ ਦੇ ਕੁਝ ਮਹੱਤਵਪੂਰਨ ਉਦੇਸ਼ ਨਿਮਨਲਿਖਤ ਹਨ

- ਸਕੂਲ ਦੀਆਂ ਦਿਨ ਪ੍ਰਤੀਦਿਨ ਦੀਆਂ ਅਧਿਆਪਨ ਸਿਖਲਾਈ ਗਤੀਵਿਧੀਆਂ 'ਤੇ ਵਿਚਾਰ ਕਰਨਾ।
- ਜ਼ਿਆਦਾ ਸੁਚਾਰੂ ਅਧਿਆਪਨ ਸਿਖਲਾਈ ਰਣਨੀਤੀਆਂ ਦਾ ਵਿਕਾਸ ਕਰਨਾ।
- ਹਰੇਕ ਵਿਦਿਆਰਥੀ ਦੀ ਸਮਰੱਥਾ ਨੂੰ ਜਾਣਨਾ। ਵਿਦਿਆਰਥੀਆਂ ਦੀਆਂ ਸਮਰੱਥਾਵਾਂ ਦੀ ਜਾਣਕਾਰੀ ਹੋਣ 'ਤੇ ਅਧਿਆਪਕ ਵਿਭਿੰਨ ਸਮਰੱਥਾਵਾਂ ਵਾਲੇ ਸਮੂਹਾਂ ਦਾ ਨਿਰਮਾਣ ਇੱਕ

ਬਿਹਤਰ ਸਥਿਤੀ ਵਿੱਚ ਹੋ ਸਕਦਾ ਹੈ। (ਇਸ ਕੋਰਸ ਦੇ ਬਲਾਕ 2 ਦੀ ਇਕਾਈ 5 ਦੀ ਸਹਾਇਤਾ ਲੈ ਸਕਦੇ ਹਾਂ।)

– ਵਿਦਿਆਰਥੀਆਂ ਦੇ ਮਜ਼ਬੂਤ ਅਤੇ ਕਮਜ਼ੋਰ ਪੱਖਾਂ ਦੀ ਪਛਾਣ ਕਰਨੀ ਅਤੇ ਇਸ ਦਾ ਉਪਯੋਗ ਸੁਧਾਰਾਤਮਕ ਅਤੇ ਪ੍ਰੋਤਸਾਹਨ ਪ੍ਰੋਗਰਾਮਾਂ ਵਿੱਚ ਕਰਨਾ।

ਈ: 2 ਨਿਮਨ ਦਿੱਤੇ ਗਏ ਉਦਾਹਰਨ ਦਾ ਵਿਸ਼ਲੇਸ਼ਣ ਕਰੋ।

ਸ਼੍ਰੀਮਤੀ ਪਾਂਡੇ ਆਪਣੀ ਕਲਾਸ ਲਈ ਸਿਖਲਾਈ ਅਤੇ ਅਧਿਆਪਨ ਵਿਧੀਆਂ ਦੀ ਯੋਜਨਾ ਸਾਵਧਾਨੀ ਪੂਰਬਕ ਬਣਾਉਂਦੀ ਹੈ। ਇੱਕ ਦਿਨ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਮਹੱਤਮ (ਐੱਚਸੀਐੱਫ) ਦੀ ਧਾਰਨਾ ਨੂੰ ਸਿਖਾਉਣ ਦੀ ਯੋਜਨਾ ਬਣਾਈ। ਉਨ੍ਹਾਂ ਨੇ ਸੋਚਿਆ ਕਿ ਐੱਚਸੀਐੱਫ ਦੀ ਧਾਰਨਾ ਨੂੰ ਸਿਖਾਉਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਉਸਦੇ ਵਿਦਿਆਰਥੀ ਕਾਰਕ ਅਤੇ ਗੁਣਾਂ ਦੀ ਧਾਰਨਾ ਨੂੰ ਕਿੰਨਾ ਸਮਝਦੇ ਹਨ। ਇਸ ਲਈ ਉਸਨੇ ਇਸ ਨੂੰ ਜਾਣਨ ਲਈ ਇੱਕ ਟੈਸਟ ਮਦ ਦਾ ਵਿਕਾਸ ਕੀਤਾ ਅਤੇ ਉਸ ਨੂੰ ਵਿਦਿਆਰਥੀਆਂ ਨੂੰ ਹੱਲ ਕਰਨ ਲਈ ਦਿੱਤਾ ਅਤੇ ਟੈਸਟ ਸਿੱਟੇ ਦੇ ਆਧਾਰ ’ਤੇ ਉਹ ਅੱਗੇ ਪਾਠ ਯੋਜਨਾ ਬਣਾਉਂਦੀ ਹੈ।

(1) ਕੀ ਤੁਸੀਂ ਸੋਚਦੇ ਹੋ ਕਿ ਸ਼੍ਰੀਮਤੀ ਪਾਂਡੇ ਵੱਲੋਂ ਨਿਰਮਤ ਟੈਸਟ ਮਦ ਉਸਦੇ ਵਿਸ਼ੇਸ਼ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਕ ਹੈ?

(2) ਸ਼੍ਰੀਮਤੀ ਪਾਂਡੇ ਲਈ ਇਹ ਟੈਸਟ ਮਦ ਕਿੰਨਾ ਉਪਯੋਗੀ ਰਿਹਾ?

(3) ਤੁਸੀਂ ਜਿਸ ਕਲਾਸ ਨੂੰ ਵਰਤਮਾਨ ਵਿੱਚ ਪੜ੍ਹਾ ਰਹੇ ਹੋ, ਉਸ ਨੂੰ ਧਿਆਨ ਵਿੱਚ ਰੱਖਕੇ ਇੱਕ ਅਜਿਹਾ ਹੀ ਉਦਾਹਰਨ ਪੇਸ਼ ਕਰੋ।

ਅਧਿਆਪਕ ਨਿਰਮਤ ਟੈਸਟ ਦੀਆਂ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ:

ਸਾਰਣੀ 15.1 ਅਧਿਆਪਕ ਨਿਰਮਤ ਟੈਸਟ ਦੀਆਂ ਵਿਸ਼ੇਸ਼ਤਾਵਾਂ

| ਵਿਸ਼ੇਸ਼ਤਾਵਾਂ | ਅਧਿਆਪਕ ਨਿਰਮਤ ਉਪਲੱਬਧੀ ਟੈਸਟ |
|---|---|
| ਟੈਸਟ ਦੇਣ ਲਈ ਨਿਰਦੇਸ਼ | ਕੋਈ ਸਮਾਨ ਦਿਸ਼ਾ ਨਿਰਦੇਸ਼ ਨਿਰਧਾਰਤ ਨਹੀਂ ਹਨ। ਜੋ ਅਧਿਆਪਕ ਇਸ ਦੀ ਵਰਤੋਂ ਕਰਦਾ ਹੈ, ਉਸਦੇ ਉੱਪਰ ਨਿਰਭਰ ਕਰਦਾ ਹੈ। |
| ਸਿਖਲਾਈ ਨਤੀਜੇ ਅਤੇ ਵਿਸ਼ਾ ਵਸਤੂ ਦਾ ਨਮੂਨਾ | ਸਥਾਨਕ ਪਾਠਕ੍ਰਮ ਦੇ ਵਿਸ਼ਾ ਵਸਤੂ ਅਤੇ ਨਤੀਜੇ ਦੇ ਅਨੁਸਾਰ ਹੋਵੇ, ਕਲਾਸ ਅਧਿਆਪਕ ਨਿਰਧਾਰਤ ਕਰਦਾ ਹੈ ਕਿ ਇੱਕ ਵਿਸ਼ੇਸ਼ ਪ੍ਰੀਖਿਆ ਵਿੱਚ ਕਿੰਨਾ ਵਿਸ਼ਾ ਵਸਤੂ ਸ਼ਾਮਲ ਕਰਨਾ ਹੈ। |
| ਸੰਰਚਨਾ | ਕਲਾਸ ਅਧਿਆਪਕ ਅਤੇ ਉਸਦੀ ਸਮਰੱਥਾ ’ਤੇ ਨਿਰਭਰ ਕਰਦਾ ਹੈ, ਪਹਿਲਾਂ ਇੱਕ ਨਮੂਨਾ ਤਿਆਰ ਕਰਦਾ ਹੈ, ਮਦ ਵਿਸ਼ਲੇਸ਼ਣ ਲਈ ਘੱਟ ਖੇਤਰ ਅਤੇ ਟੈਸਟ ਮਦਾਂ ਦਾ ਪੂਰਵ ਪਰੀਖਣ ਕਰਨਾ |
| ਉਪਯੋਗ ਦੀ ਗਤੀ | ਇਹ ਟੈਸਟ ਮਦ ਦੀ ਉਦੇਸ਼ ਪ੍ਰਾਪਤੀ ਦੇ ਉੱਪਰ ਨਿਰਭਰ ਕਰਦਾ ਹੈ। |
| ਉਦੇਸ਼ | ਫੀਡਬੈਕ ਉਪਲੱਬਧ ਕਰਾਉਣਾ, ਸਿਖਲਾਈ ਅਭਿਆਸ ਦਾ ਕਾਰਜ ਕਰਨਾ, ਵਿਦਿਆਰਥੀਆਂ ਨੂੰ ਪੜ੍ਹਾਈ ਦੀਆਂ ਚੰਗੀਆਂ ਆਦਤਾਂ ਵਿਕਸਤ ਕਰਨ ਲਈ ਪ੍ਰੇਰਿਤ ਕਰਨਾ। |
| ਉਪਯੋਗ | ਉਸ ਵਿਸ਼ੇਸ਼ ਸਕੂਲ ਦੇ ਪ੍ਰਾਪਤ ਅੰਕਾਂ ਦੀ ਤੁਲਨਾ ਅਤੇ ਵਿਆਖਿਆ ਕਰਨ ਲਈ ਦੂਜੇ ਸਕੂਲ ਨਾਲ ਤੁਲਨਾ ਕਰਨ ਲਈ ਨਹੀਂ, ਅਧਿਆਪਕ ਵੱਲੋਂ ਨਿਰਧਾਰਤ ਵਿਸ਼ੇਸ਼ ਉਦੇਸ਼ਾਂ ਦੇ ਮਾਪਣ ਲਈ ਸਭ ਤੋਂ ਜ਼ਿਆਦਾ ਉਚਿਤ ਹੈ |

ਅਧਿਆਪਕ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸਦੇ ਵਿਦਿਆਰਥੀਆਂ ਦੇ ਸਿਖਲਾਈ ਨਤੀਜੇ ਨਾਲ ਸਬੰਧਿਤ ਸਹੀ ਅਤੇ ਸਟੀਕ ਸੂਚਨਾ ਪ੍ਰਾਪਤ ਕਰਨ ਲਈ ਟੈਸਟ ਮਦ ਦੀ ਯੋਜਨਾ, ਨਿਰਮਾਣ ਅਤੇ ਉਪਯੋਗ ਕਿਸ ਪ੍ਰਕਾਰ ਕਰਨਾ ਹੈ, ਨਹੀਂ ਤਾਂ ਉਚਿਤ ਸੋਚ ਵਿਚਾਰ ਤੋਂ ਬਿਨਾਂ ਸਾਡੇ ਉਦੇਸ਼ਾਂ ਦੀ ਪ੍ਰਾਪਤੀ ਲਈ, ਹੋ ਸਕਦਾ ਹੈ ਸਹਾਇਕ ਨਾ ਹੋਣ ਅਤੇ ਇਸ ਪ੍ਰਕਾਰ ਦੇ ਟੈਸਟਾਂ ਦੇ ਨਤੀਜਿਆਂ 'ਤੇ ਨਿਰਭਰ ਰਹਿਣਾ ਨਿਰਾਰਥਕ ਹੋਏਗਾ ਅਤੇ ਕਦੇ ਕਦੇ ਇਹ ਵਿਦਿਆਰਥੀਆਂ ਦੀ ਸਿਖਲਾਈ ਲਈ ਹਾਨੀਕਾਰਕ ਹੁੰਦਾ ਹੈ।

ਇੱਕ ਟੈਸਟ ਦਾ ਕੀ ਵਿਸ਼ਾ ਵਸਤੂ ਹੈ ? ਇੱਕ ਟੈਸਟ ਵਿੱਚ ਨਿਮਨਲਿਖਤ ਨਾਲ ਸੰਬਧਿਤ ਸੂਚਨਾਵਾਂ ਸ਼ਾਮਲ ਹੁੰਦੀਆਂ ਹਨ।

- ਪ੍ਰੀਖਿਆ ਅਵਧੀ (ਜਿਵੇਂ ਤਿਮਾਹੀ, ਛਿਮਾਹੀ, ਸਾਲਾਨਾ)

- ਕਲਾਸ ਜਿਸ ਲਈ ਪ੍ਰੀਖਿਆ ਨਿਰਮਤ ਕੀਤੀ ਗਈ ਹੈ।

- ਪ੍ਰੀਖਿਆ ਦਾ ਪੂਰਾ ਉੱਤਰ ਦੇਣ ਲਈ ਕੁੱਲ ਸਮਾਂ (ਘੰਟਿਆਂ ਵਿੱਚ)

-ਪ੍ਰੀਖਿਆ ਦੇ ਕੁੱਲ ਅੰਕ/ਵੱਧ ਤੋਂ ਵੱਧ ਅੰਕ

-ਪ੍ਰੀਖਿਆ ਮਦ ਪਹਿਲਾਂ ਪ੍ਰਸ਼ਨਾਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ ਅਤੇ ਪ੍ਰੀਖਿਆ ਦੇ ਜ਼ਿਆਦਾ ਹਿੱਸੇ ਵਿੱਚ ਸ਼ਾਮਲ ਹੁੰਦਾ ਹੈ।

ਕੀ ਤੁਸੀਂ ਜਾਣਦੇ ਹੋ ਕਿ ਪ੍ਰਸ਼ਨਾਂ ਨੂੰ ਮਦ ਕਿਉਂ ਕਹਿੰਦੇ ਹਨ ?

ਆਓ ਹੇਠ ਦਿੱਤੇ ਗਏ ਪ੍ਰੀਖਿਆ ਮਦ ਦਾ ਨਿਰੀਖਣ ਕਰਦੇ ਹਾਂ।

1. ਬੰਗਲਾਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ ?

2. ਹੈਜਾ ਫੈਲਣ ਦੇ ਕੋਈ ਤਿੰਨ ਕਾਰਨ ਦੱਸੋ।

3. ਉੱਚ ਅਨਪੜ੍ਹਤਾ ਦਰ ਲਈ ਕੇਵਲ ਗਰੀਬੀ ਹੀ ਕਾਰਨ ਨਹੀਂ ਹੈ ? ਆਪਣੇ ਉੱਤਰ ਨੂੰ ਨਿਆਂਸੰਗਤ ਠਹਿਰਾਓ।

4. ਭਾਰਤ ਵਿੱਚ ਵਹਿਣ ਵਾਲੀ ਸਭ ਤੋਂ ਲੰਬੀ ਨਦੀ ———ਹੈ।

ਤੁਸੀਂ ਧਿਆਨ ਦਿਓ ਕਿ ਕਥਨ (1) ਪ੍ਰਸ਼ਨ ਦੇ ਰੂਪ ਵਿੱਚ।(2) ਇੱਕ ਪੁਸ਼ਟੀਵਾਲਾ ਕਥਨ ਹੈ। (3) ਇੱਕ ਨਾਕਾਰਾਤਮਕ ਵਾਕ ਹੈ ਅਤੇ (4) ਇੱਕ ਸੰਪੂਰਨ ਵਾਕ ਹੈ। ਇਹ ਸਾਰੇ ਪ੍ਰਸ਼ਨ ਰੂਪ ਵਿੱਚ ਨਹੀਂ ਹਨ।

ਪਰ ਇਹ ਸਾਰੇ ਪ੍ਰੀਖਿਆ ਦੇ ਉਦੇਸ਼ ਦੀ ਪੂਰਤੀ ਕਰਦੇ ਹਨ। ਹਰੇਕ ਨੂੰ ਇਸ ਲਈ ਟੈਸਟ ਮਦ ਕਹਿੰਦੇ ਹਨ। ਮਦਾਂ ਦੇ ਪ੍ਰਕਾਰ ਦੇ ਆਧਾਰ 'ਤੇ ਵਿਭਿੰਨ ਸ਼੍ਰੇਣੀਆਂ ਦੇ ਟੈਸਟ ਹੁੰਦੇ ਹਨ ਜਿਨ੍ਹਾਂ ਦਾ ਵਿਵਰਣ ਨਿਮਨਲਿਖਤ ਹੈ।

- ਛੋਟੇ ਉੱਤਰਾਂ ਵਾਲੇ ਟੈਸਟ: ਇਸ ਟੈਸਟ ਦੇ ਹਰੇਕ ਮਦ ਛੋਟੀ ਹੁੰਦੀ ਹੈ। (ਇਸ ਇਕਾਈ ਦੇ ਭਾਗ 15.3 ਵਿੱਚ ਇਸ ਦਾ ਵਰਣਨ ਕੀਤਾ ਗਿਆ ਹੈ।)

- ਨਿਬੰਧ ਟੈਸਟ: ਇਸ ਟੈਸਟ ਦੇ ਹਰੇਕ ਮਦ ਜਾਂ ਤਾਂ ਵਿਸਥਾਰਤ ਪ੍ਰਕਾਰ ਦੇ ਜਾਂ ਪ੍ਰਤੀਬੰਧਿਤ ਪ੍ਰਕਾਰ ਦੇ ਉੱਤਰ ਵਾਲੇ ਹੁੰਦੇ ਹਨ। (ਇਸ ਇਕਾਈ ਦੇ ਭਾਗ 15.3 ਵਿੱਚ ਵਰਣਨ ਕੀਤਾ ਗਿਆ ਹੈ।)

– ਇਹ ਟੈਸਟ ਮਦਾਂ ਦੇ ਜਵਾਬ ਦੇਣ ਦੇ ਤਰੀਕੇ ’ਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ।

– ਮੌਖਿਕ ਟੈਸਟ : ਇਸ ਪ੍ਰਕਾਰ ਦੀ ਪ੍ਰੀਖਿਆ ਵਿੱਚ ਟੈਸਟ ਦੇ ਸਾਰੇ ਮਦਾਂ ਦਾ ਜਵਾਬ ਮੌਖਿਕ ਰੂਪ ਨਾਲ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੀ ਪ੍ਰੀਖਿਆ ਦੀ ਪ੍ਰਾਇਮਰੀ ਸਕੂਲਾਂ ਦੀਆਂ ਸ਼ੁਰੂਆਤੀ ਕਲਾਸਾਂ ਵਿੱਚ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਕਿਸੇ ਧਾਰਨਾ ਨੂੰ ਸਮਝਣ ਦੇ ਪੱਧਰ ਨੂੰ ਜਾਣਨ ਲਈ ਵੀ ਮੌਖਿਕ ਪ੍ਰੀਖਿਆ ਦੀ ਵਰਤੋਂ ਕੀਤੀ ਜਾਂਦੀ ਹੈ।

– ਲਿਖਤੀ ਪ੍ਰੀਖਿਆ: ਪ੍ਰੀਖਿਆ ਦੇ ਹਰੇਕ ਮਦ ਦਾ ਉੱਤਰ ਲਿਖਤੀ ਰੂਪ ਵਿੱਚ ਦਿੱਤਾ ਜਾਂਦਾ ਹੈ। ਸਾਰੇ ਲੋਕ ਲਿਖਤੀ ਪ੍ਰੀਖਿਆ ਤੋਂ ਜਾਣੂ ਹਨ ਅਤੇ ਇਸਦੀ ਵਰਤੋਂ ਸਾਰੇ ਅਵਸਰਾਂ ਵਿੱਚ ਕੀਤੀ ਜਾਂਦੀ ਹੈ।

– ਕਾਰਜਕੁਸ਼ਲਤਾ ਟੈਸਟ: ਜਦੋਂ ਹਰੇਕ ਮਦ ਦੇ ਉੱਤਰ ਦੇਣ ਵਿੱਚ ਵਿਦਿਆਰਥੀਆਂ ਨੂੰ ਕੁਝ ਗਤੀਵਿਧੀਆਂ ਕਰਨ ਦੀ ਲੋੜ ਹੁੰਦੀ ਹੈ ਜਿਵੇਂ ਲੰਬਾਈ ਅਤੇ ਭਾਰ ਦਾ ਮਾਪ, ਚਿੱਤਰ, ਪੇਂਟਿੰਗ, ਬਲਾਕਾਂ ਨੂੰ ਕ੍ਰਮਬੱਧ ਰੂਪ ਨਾਲ ਵਿਵਸਥਿਤ ਕਰਕੇ ਇਛੁੱਕ ਡਿਜ਼ਾਇਨ, ਮਾਡਲ ਤਿਆਰ ਕਰਨੇ ਅਤੇ ਸਮਝ ਸ਼ਕਤੀ ਦਾ ਵਿਕਾਸ ਕੁਸ਼ਲ ਅਤੇ ਰਚਨਾਤਮਕ ਗਤੀਵਿਧੀਆਂ ਦਾ ਨਿਰਧਾਰਨ ਕਰਨ ਲਈ ਇਸ ਪ੍ਰਕਾਰ ਦੀ ਪ੍ਰੀਖਿਆ ਦੀ ਵਰਤੋਂ ਕੀਤੀ ਜਾਂਦੀ ਹੈ।

ਕਦੇ ਕਦੇ ਇੱਕ ਹੀ ਉਪਲੱਬਧੀ ਪ੍ਰੀਖਿਆ ਵਿੱਚ ਵਿਭਿੰਨ ਪ੍ਰਕਾਰ ਦੇ ਮਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਦੇ ਟੈਸਟ ਵਿੱਚ ਇੱਕ ਹੀ ਪ੍ਰਕਾਰ ਦੀਆਂ ਮਦਾਂ ਨੂੰ ਪ੍ਰੀਖਿਆ ਪੱਤਰ ਦੇ ਇੱਕ ਅਲੱਗ ਭਾਗ ਵਿੱਚ ਰੱਖਿਆ ਜਾਂਦਾ ਹੈ। ਪ੍ਰੀਖਿਆ ਦੀ ਸੰਰਚਨਾ ਕਰਦੇ ਸਮੇਂ ਅਸੀਂ ਵਿਭਿੰਨ ਪ੍ਰਕਾਰ ਦੇ ਮਦਾਂ ਨੂੰ ਪ੍ਰੀਖਿਆ ਵਿੱਚ ਸ਼ਾਮਲ ਕਰਨ ਦਾ ਫੈਸਲਾ ਲੈਂਦੇ ਹਾਂ। ਆਓ ਇੱਕ ਚੰਗੇ ਟੈਸਟ ਦੀ ਸੰਰਚਨਾ ਦੇ ਤਰੀਕਿਆਂ ਸਬੰਧੀ ਵਿਚਾਰ ਕਰਦੇ ਹਾਂ।

ਈ: 3 ਅਦਿਤਿ ਸੱਤਵੀਂ ਕਲਾਸ ਵਿੱਚ ‘ਊਰਜਾ ਦੀ ਸੰਭਾਲ’ ਦੀ ਧਾਰਨਾ ਸਬੰਧੀ ਪੜ੍ਹਾ ਰਹੀ ਸੀ। ਅਧਿਆਪਨ ਦੇ ਦੌਰਾਨ ਉਸਨੇ ਵਿਦਿਆਰਥੀਆਂ ਦੀ ਧਾਰਨਾ ਨੂੰ ਸਮਝਣ ਦੇ ਪੱਧਰ ਦੀ ਜਾਂਚ ਜਲਦੀ ਨਾਲ ਕਰਨੀ ਚਾਹੀ। ਇਸ ਲਈ ਉਸ ਨੂੰ ਕਿਸ ਪ੍ਰਕਾਰ ਦੇ ਟੈਸਟ ਦੀ ਵਰਤੋਂ ਕਰਨੀ ਚਾਹੀਦੀ ਹੈ?

ਇੱਕ ਚੰਗੇ ਟੈਸਟ ਦੀ ਸੰਰਚਨਾ ਕਰਨੀ: ਤੁਸੀਂ ਜਿਸ ਟੈਸਟ ਦੀ ਵਰਤੋਂ ਕਰ ਰਹੇ ਹੋ, ਉਸ ਨੂੰ ਤੁਸੀਂ ਕਦੋਂ ਚੰਗਾ ਟੈਸਟ ਸਮਝੋਗੇ? ਨੰਦਿਤਾ ਜੋ ਅਪਰ ਪ੍ਰਾਇਮਰੀ ਕਲਾਸਾਂ ਨੂੰ ਪੜ੍ਹਾਉਂਦੀ ਹੈ, ਦਾ ਵਿਚਾਰ ਹੈ ਕਿ ਇੱਕ ਚੰਗਾ ਟੈਸਟ ਸਿਖਲਾਈ/ਵਿਸ਼ੇ/ਇਕਾਈ/ਪਾਠ ਦੇ ਇਛੁੱਕ ਉਦੇਸ਼ਾਂ ਦੀ ਪ੍ਰਾਪਤੀ ਦੀ ਪੂਰਤੀ ਕਰਨ ਵਾਲਾ ਹੋਣਾ ਚਾਹੀਦਾ ਹੈ, ਜਦੋਂ ਕਿ ਉਸਦੇ ਸਹਿਯੋਗੀ ਪ੍ਰਕਾਸ਼ ਦਾ ਵਿਚਾਰ ਹੈ ਕਿ ਇੱਕ ਚੰਗਾ ਟੈਸਟ ਉਹ ਹੈ ਜਿਸ ਵਿੱਚ ਕੋਈ ਵੀ ਸ਼ੱਕੀ ਮਦ ਨਾ ਹੋਵੇ ਅਤੇ ਹਰੇਕ ਵਿਦਿਆਰਥੀ ਲਈ ਸਪੱਸ਼ਟ ਹੋਵੇ। ਇੱਕ ਹੋਰ ਅਧਿਆਪਕ ਅਮੀਨ ਮਹਿਸੂਸ ਕਰਦੇ ਹਨ ਕਿ ਇੱਕ ਟੈਸਟ ਚੰਗਾ ਹੈ ਜੇਕਰ ਬਿਨਾਂ ਕਿਸੇ ਪੱਖਪਾਤ ਦੇ ਇਸਦਾ ਆਂਕਣ ਕੀਤਾ ਜਾ ਸਕੇ ਅਤੇ ਨਤੀਜੇ ਨੂੰ ਆਸਾਨੀ ਅਤੇ ਅਰਥਪੂਰਨ ਢੰਗ ਨਾਲ ਵਿਦਿਆਰਥੀਆਂ ਅਤੇ ਉਸਦੇ ਮਾਤਾ ਪਿਤਾ ਨੂੰ ਦੱਸਿਆ ਜਾ ਸਕੇ। ਜੋ ਨੰਦਿਤਾ ਪ੍ਰਕਾਸ਼ ਅਤੇ ਅਮੀਨ ਸੋਚਦੇ ਹਨ ਕੀ ਉਹ ਇੱਕ ਚੰਗੇ ਟੈਸਟ ਦੀਆਂ ਵਿਸ਼ੇਸ਼ਤਾਵਾਂ ਹਨ, ਉਨ੍ਹਾਂ ਅਧਿਆਪਕਾਂ ਲਈ ਜੋ ਟੈਸਟ ਦੀ ਵਰਤੋਂ ਕਰਦੇ ਹਨ, ਇਸ ਲਈ ਇੱਕ ਟੈਸਟ ਦੀ ਸੰਰਚਨਾ ਬੇਹੱਦ ਸਾਵਧਾਨੀ ਪੂਰਬਕ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਹ ਇੱਕ ਚੰਗੇ ਟੈਸਟ ਦੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰ ਸਕੇ।

ਈ: 4 ਅਧਿਆਪਕ ਨਿਰਮਤ ਇੱਕ ਚੰਗੇ ਟੈਸਟ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ।

ਇੱਕ ਚੰਗੇ ਟੈਸਟ ਦੀ ਸੰਰਚਨਾ ਵਿੱਚ ਨਿਮਨਲਿਖਤ ਪੜਾਅ ਹਨ:

ਯੋਜਨਾ, ਟੈਸਟ ਮਦਾਂ ਨੂੰ ਲਿਖਣਾ, ਮਦਾਂ ਦਾ ਏਕੀਕਰਨ ਅਤੇ ਸੰਪਾਦਨ ਕਰਨਾ ਅਤੇ ਅੰਕਾਂ ਦੀ ਪ੍ਰਕਿਰਿਆ ਬਣਾਉਣਾ।

ਇੱਕ ਚੰਗਾ ਟੈਸਟ ਬਣਾਉਣ ਲਈ ਵਿਆਪਕ ਅਤੇ ਉਚਿਤ ਯੋਜਨਾ ਦੀ ਲੋੜ ਹੁੰਦੀ ਹੈ। ਯੋਜਨਾ ਦੀ ਪ੍ਰਕਿਰਿਆ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦਿੰਦੀ ਹੈ ਜਿਵੇਂ:

– ਅਧਿਆਪਕ ਕੀ ਕਰਨਾ ਚਾਹੁੰਦਾ ਹੈ (ਮਤਲਬ ਅਧਿਆਪਕ ਟੈਸਟ ਦੀ ਵਰਤੋਂ ਕਿਉਂ ਕਰਨਾ ਚਾਹੁੰਦੇ ਹਨ ?)

– ਟੈਸਟ ਕਿਉਂ ਲਿਆ ਜਾ ਰਿਹਾ ਹੈ ? (ਮਤਲਬ ਟੈਸਟ ਦਾ ਉਦੇਸ਼ ਜਿਵੇਂ ਵਿਦਿਆਰਥੀਆਂ ਦੇ ਜ਼ਰੂਰੀ ਹਾਸਿਲ ਗਿਆਨ ਅਤੇ ਹੁਨਰ ਦਾ ਨਿਰਧਾਰਨ ਕਰਨਾ, ਉਪਲੱਬਧੀ ਦੇ ਆਧਾਰ ’ਤੇ ਵਿਦਿਆਰਥੀਆਂ ਦੀ ਦਰਜਾਬੰਦੀ ਤਿਆਰ ਕਰਨੀ, ਵਿਦਿਆਰਥੀਆਂ ਦੀਆਂ ਕਠਿਨਾਈਆਂ ਦੀ ਪਛਾਣ ਕਰਨੀ ਆਦਿ।) ?

– ਕਿਸ ਚੀਜ਼ ਦਾ ਟੈਸਟ ਲਿਆ ਜਾਣਾ ਹੈ (ਮਤਲਬ ਕਿੰਨਾ ਵਿਸ਼ਾ ਵਸਤੂ ਸ਼ਾਮਲ ਕਰਨਾ ਹੈ, ਇਕਾਈ ਮੁੱਖ ਉਦੇਸ਼ਾਂ ਨੂੰ ਸੂਚੀਬੱਧ ਕਰਨਾ, ਉਦੇਸ਼ਾਂ ਨੂੰ ਪਰਿਭਾਸ਼ਿਤ ਕਰਨਾ ਆਦਿ) ?

ਟੈਸਟ ਮਦਾਂ ਨੂੰ ਲਿਖਣ ਲਈ ਅਧਿਆਪਕ ਨੂੰ ਇੱਕ ਵਿਸ਼ੇਸ਼ ਸਾਰਣੀ ਤਿਆਰ ਕਰਨੀ ਹੋਏਗੀ (ਇਸ ਨੂੰ ਰੂਪਰੇਖਾ ਕਹਿੰਦੇ ਹਨ ਮਤਲਬ ਵਿਸ਼ਾ ਵਸਤੂ ਅਤੇ ਟੀਚੇ ਦਾ ਵਿਵਸਥਿਤੀਕਰਨ)

ਨਿਮਨਲਿਖਤ ਸਾਰਣੀ ਨੂੰ ਦੇਖੋ ਜਿਸ ਵਿੱਚ ਸੱਤਵੀਂ ਕਲਾਸ ਲਈ ਵਿਗਿਆਨ ਵਿਸ਼ੇ ਦੀ ਇਕਾਈ ‘ਆਕਸੀਜਨ’ ਲਈ ਟੀਚਾ ਨਿਰਧਾਰਤ ਸਾਰਣੀ ਦਿੱਤੀ ਗਈ ਹੈ।

ਸੱਤਵੀਂ ਕਲਾਸ ਦੇ ਵਿਗਿਆਨ ਵਿਸ਼ੇ ਦੀ ‘ਆਕਸੀਜਨ’ ਇਕਾਈ ਲਈ ਟੀਚਾ ਨਿਰਧਾਰਤ ਸਾਰਣੀ

ਉਦੇਸ਼

| ਸਮੱਗਰੀ | ਗਿਆਨ | ਸਮਝ | ਪ੍ਰਯੋਗ | ਹੁਨਰ | ਕੁੱਲ |
|---|---|---|---|---|---|
| ਭੌਤਿਕ ਗੁਣ | 8 | 6 | 6 | 0 | 20 |
| ਰਸਾਇਣਿਕ ਗੁਣ | 12 | 9 | 9 | 0 | 30 |
| ਬਣਾਉਣ ਦੀ ਵਿਧੀ | 0 | 4 | 0 | 6 | 10 |
| ਉਪਯੋਗ | 16 | 11 | 9 | 4 | 40 |
| ਕੁੱਲ | 36 | 30 | 24 | 10 | 100 |

ਚੰਗੇ ਮਦਾਂ ਦੀ ਰਚਨਾ ਲਈ ਅਧਿਆਪਕ ਨੂੰ ਵਿਸ਼ਾ ਦੀ ਡੂੰਘੀ ਜਾਣਕਾਰੀ ਦੀ ਲੋੜ ਹੈ, ਜਿਨ੍ਹਾਂ ਵਿਦਿਆਰਥੀਆਂ ਦਾ ਟੈਸਟ ਲਿਆ ਜਾਂਦਾ ਹੈ, ਉਨ੍ਹਾਂ ਨੂੰ ਜਾਣਨਾ ਅਤੇ ਸਮਝਣਾ ਅਤੇ ਵਿਭਿੰਨ ਪ੍ਰਕਾਰ ਦੇ ਮਦਾਂ ਤੋਂ ਜਾਣੂ ਹੋਣਾ ਅਤੇ ਟੀਚਾ ਨਿਰਧਾਰਨ ਸਾਰਣੀ ਦਾ ਅਨੁਸਰਣ ਕਰਨਾ।

ਟੈਸਟ ਮਦਾਂ ਨੂੰ ਲਿਖਣ ਤੋਂ ਬਾਅਦ ਇਨ੍ਹਾਂ ਮਦਾਂ ਦੀ ਸਮੀਖਿਆ ਇਨ੍ਹਾਂ ਦੀ ਉਪਯੋਗਤਾ, ਉਚਿੱਤਤਾ, ਕਾਰਜ ਕਾਰਨ ਦੀ ਸਪੱਸ਼ਟਤਾ ਭਾਸ਼ਾ ਆਦਿ 'ਤੇ ਕਰਕੇ ਟੈਸਟ ਮਦਾਂ ਨੂੰ ਸੰਪਾਦਿਤ ਕੀਤਾ ਜਾਂਦਾ ਹੈ।

ਟੈਸਟ ਮਦਾਂ ਦੀ ਸੰਰਚਨਾ ਦੇ ਨਾਲ ਨਾਲ ਮੁਲਾਂਕਣ ਪ੍ਰਕਿਰਿਆ ਦੀ ਤਿਆਰੀ ਕਰਨੀ ਇੱਕ ਚੰਗਾ ਟੈਸਟ ਵਿਕਸਤ ਕਰਨ ਲਈ ਜ਼ਰੂਰੀ ਹੈ ਅਤੇ ਇਸ ਅੰਕ ਕੁੰਜੀ ਨੂੰ ਅਧਿਆਪਕਾਂ ਨੂੰ ਉਪਲੱਬਧ ਕਰਾਉਣਾ ਚਾਹੀਦਾ ਹੈ ਤਾਂ ਕਿ ਟੈਸਟ ਮਦਾਂ ਦਾ ਅੰਕਣ ਕਰਦੇ ਸਮੇਂ ਇਸਦੀ ਸਹਾਇਤਾ ਲੈ ਸਕੀਏ।

15.2.2 ਇਕਾਈ ਟੈਸਟ

ਅਸੀਂ ਜਾਣਦੇ ਹਾਂ ਕਿ ਅਧਿਆਪਨ ਸਿਖਲਾਈ ਨੂੰ ਆਸਾਨ ਬਣਾਉਣ ਲਈ ਕਿਸੇ ਇੱਕ ਵਿਸ਼ੇਸ਼ ਕਲਾਸ ਦੇ ਹਰੇਕ ਵਿਸ਼ੇ ਨੂੰ ਕੁਝ ਇਕਾਈਆਂ ਜਾਂ ਵਿਸ਼ਾ ਵਸਤੂਆਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਇਕਾਈ ਅੰਤਰਨਿਰਭਰ ਧਾਰਨਾਵਾਂ ਨਾਲ ਬਣੀ ਹੁੰਦੀ ਹੈ। ਹਾਲਾਂਕਿ ਵਿਭਿੰਨ ਇਕਾਈਆਂ ਦੀਆਂ ਧਾਰਨਾਵਾਂ ਇੱਕ ਦੂਜੇ ਨਾਲ ਸਬੰਧਿਤ ਹੁੰਦੀਆਂ ਹਨ, ਫਿਰ ਵੀ ਸੁਵਿਧਾ ਲਈ ਹਰੇਕ ਇਕਾਈ ਨੂੰ ਸੁਤੰਤਰ ਮੰਨਿਆ ਜਾਂਦਾ ਹੈ। ਇੱਕ ਇਕਾਈ ਦੀ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਬਾਅਦ ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਹਰੇਕ ਵਿਦਿਆਰਥੀ ਨੇ ਉਸ ਇਕਾਈ ਦੀਆਂ ਧਾਰਨਾਵਾਂ ਨੂੰ ਕਿਸ ਪੱਧਰ ਤੱਕ ਗ੍ਰਹਿਣ ਕੀਤਾ ਹੈ। ਤੁਹਾਨੂੰ ਇਹ ਜਾਣਨ ਲਈ ਵਿਸਥਾਰਤ ਅਤੇ ਲੰਬੇ ਟੈਸਟਾਂ ਦੀ ਸ਼ਾਇਦ ਲੋੜ ਨਾ ਹੋਵੇ। ਤੁਹਾਨੂੰ ਲੋੜ ਹੈ ਤਾਂ ਇੱਕ ਛੋਟੇ ਟੈਸਟ ਦੀ ਜਿਸ ਨੂੰ ਇਕਾਈ ਟੈਸਟ ਕਹਿੰਦੇ ਹਨ ਅਤੇ ਜੋ ਤੁਹਾਨੂੰ ਉਦੇਸ਼ ਪ੍ਰਾਪਤੀ ਵਿੱਚ ਸਹਾਇਕ ਹੋ ਸਕਦਾ ਹੈ।

ਵਿਵਹਾਰਕਤਾ ਦੇ ਆਧਾਰ 'ਤੇ ਇਕਾਈ ਟੈਸਟ ਦੀ ਯੋਜਨਾ, ਵਿਸ਼ਾ ਵਸਤੂ, ਇਛੁੱਕ ਸਿਖਲਾਈ ਨਤੀਜੇ ਅਤੇ ਉਪਲੱਬਧ ਸਮਾਂ (ਲਗਪਗ 30 ਮਿੰਟ) ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਜਾਂਦਾ ਹੈ। ਜੇਕਰ ਕੋਈ ਬਹੁਤ ਹੀ ਛੋਟਾ ਹੈ ਤਾਂ 2-3 ਇਕਾਈਆਂ ਦੀ ਅਧਿਆਪਨ ਸਿਖਲਾਈ ਪ੍ਰਕਿਰਿਆ ਦੇ ਬਾਅਦ ਇੱਕ ਇਕਾਈ ਟੈਸਟ ਦਾ ਆਯੋਜਨ ਕਰਨਾ ਚਾਹੀਦਾ ਹੈ ਜਿਸ ਵਿੱਚ ਸਾਰੀਆਂ ਇਕਾਈਆਂ ਨਾਲ ਸਬੰਧਿਤ ਮਦ ਹੋਣੇ ਚਾਹੀਦੇ ਹਨ। ਇਸੀ ਪ੍ਰਕਾਰ ਵੱਡੀ ਇਕਾਈ ਲਈ ਇੱਕ ਤੋਂ ਜ਼ਿਆਦਾ ਇਕਾਈ ਟੈਸਟਾਂ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

ਇਕਾਈ ਟੈਸਟਾਂ ਦਾ ਉਦੇਸ਼

- ਸਾਲਾਨਾ ਅਤੇ ਛਿਮਾਹੀ ਪ੍ਰੀਖਿਆਵਾਂ ਆਮ ਤੌਰ 'ਤੇ ਸੈਸ਼ਨ ਦਾ ਸੰਖੇਪ ਮੁਲਾਂਕਣ ਹੁੰਦਾ ਹੈ ਅਤੇ ਅਗਲੀ ਉੱਚ ਕਲਾਸ ਵਿੱਚ ਪਦਉਨਤ ਹੋਣ ਲਈ ਉਪਯੋਗ ਕੀਤਾ ਜਾਂਦਾ ਹੈ। ਇਹ ਟੈਸਟ ਪੂਰੇ ਪਾਠਕ੍ਰਮ ਦੇ ਵਿਸ਼ਾ ਵਸਤੂ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਸਾਰੀਆਂ ਸਮਰੱਥਾਵਾਂ ਨੂੰ ਨਿਰਧਾਰਤ ਕਰਨਾ ਸੰਭਵ ਨਹੀਂ ਹੋ ਪਾਉਂਦਾ। ਜਦੋਂ ਇਕਾਈ ਟੈਸਟ ਵਿੱਚ ਜ਼ਿਆਦਾ ਸਮਰੱਥਾਵਾਂ ਦਾ ਨਿਰਧਾਰਨ ਕੀਤਾ ਜਾ ਸਕਦਾ ਹੈ ਜੇਕਰ ਇਸ ਨੂੰ ਨਿਯਮਤ ਰੂਪ ਵਿੱਚ ਆਯੋਜਿਤ ਕੀਤਾ ਜਾਵੇ।

- ਇਕਾਈ ਟੈਸਟ ਇੱਕ ਪ੍ਰਕਾਰ ਦਾ ਰਚਨਾਤਮਕ ਨਿਰਧਾਰਨ ਹੈ। ਇਹ ਵਿਦਿਆਰਥੀਆਂ ਨੂੰ ਫੀਡਬੈਕ ਉਪਲੱਬਧ ਕਰਾਉਂਦਾ ਹੈ ਜਿਸ ਨਾਲ ਵਿਦਿਆਰਥੀ ਆਪਣੀਆਂ ਸਿਖਲਾਈ ਮੁਸ਼ਕਿਲਾਂ ਨੂੰ ਪਛਾਣ ਸਕਦੇ ਹਨ। ਇਹ ਅਧਿਆਪਕਾਂ ਲਈ ਵੀ ਉਪਯੋਗੀ ਹੁੰਦੀ ਹੈ ਜੋ ਵਿਦਿਆਰਥੀ ਸਿੱਖਣ ਵਿੱਚ ਮੁਸ਼ਕਿਲਾਂ ਮਹਿਸੂਸ ਕਰ ਰਹੇ ਹਨ, ਉਨ੍ਹਾਂ ਲਈ ਵਿਕਲਪਿਕ ਪਾਠਯੋਜਨਾ ਬਣਾ ਸਕਦੇ ਹਨ।

- ਇੱਕ ਇਕਾਈ ਟੈਸਟ ਵਿੱਚ ਸ਼ਾਮਲ ਸਮਰੱਥਾਵਾਂ ਦਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਸਮਕਾਲੀ ਟੈਸਟ ਦੀ ਬਜਾਏ ਘੱਟ ਸਮੇਂ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਕਾਈ

ਟੈਸਟ 30-40 ਮਿੰਟ ਦੇ ਸਮੇਂ ਦੇ ਪੀਰੀਅਡ ਵਿੱਚ ਲਿਆ ਜਾਂਦਾ ਹੈ। ਇਸ ਪ੍ਰਕਾਰ ਨਾਲ ਇਕਾਈ ਟੈਸਟ ਦੀ ਮਿਤੀ ਨਾਲ ਕਲਾਸ ਅਤੇ ਸਕੂਲ ਦੀਆਂ ਗਤੀਵਿਧੀਆਂ ਵਿੱਚ ਰੁਕਾਵਟ ਪੈਦਾ ਨਹੀਂ ਹੁੰਦੀ ਹੈ।

ਇਕਾਈ ਟੈਸਟ ਦੇ ਹੋਰ ਉਦੇਸ਼ਾਂ ਸਬੰਧੀ ਵਿਚਾਰ ਕਰੋ, ਆਪਣੇ ਵਿਚਾਰਾਂ ਨੂੰ ਆਪਣੇ ਦੋਸਤਾਂ ਨਾਲ ਵੰਡੋ ਅਤੇ ਲਿਖਕੇ ਰੱਖੋ। ਇਕਾਈ ਟੈਸਟ ਹੋਰ ਕਿਸ ਪ੍ਰਕਾਰ ਨਾਲ ਭਿੰਨ ਹਨ ਨਿਮਨਲਿਖਤ ਬਾਕਸ ਵਿੱਚ ਦਿੱਤਾ ਗਿਆ ਹੈ।

ਬਾਕਸ: ਇਕਾਈ ਟੈਸਟ ਦੀਆਂ ਵਿਸ਼ੇਸ਼ਤਾਵਾਂ

ਇਹ ਇੱਕ ਸੀਮਿਤ ਕੁਸ਼ਲਤਾਵਾਂ/ਸਮਰੱਥਾਵਾਂ 'ਤੇ ਨਿਰਭਰ ਕਰਦਾ ਹੈ।

ਇਸ ਰਾਹੀਂ ਬੱਚਿਆਂ ਦੇ ਟੈਸਟ ਬਹੁਤ ਹੀ ਗੈਰ ਰਸਮੀ ਹੁੰਦੇ ਹਨ। ਮਤਲਬ ਇਕਾਈ ਟੈਸਟ ਆਮ ਤੌਰ 'ਤੇ ਕਲਾਸ ਰੂਮ ਦੇ ਸਮੇਂ, ਸਕੂਲ ਦੀਆਂ ਹੋਰ ਗਤੀਵਿਧੀਆਂ ਵਿੱਚ ਰੁਕਾਵਟ ਪੈਦਾ ਕੀਤੇ ਬਿਨਾਂ ਲਏ ਜਾਂਦੇ ਹਨ।

ਇਕਾਈ ਟੈਸਟ ਲਈ ਵੱਧ ਤੋਂ ਵੱਧ ਅੰਕ ਅਧਿਆਪਕ ਵੱਲੋਂ ਨਿਰਧਾਰਤ ਕੀਤੇ ਜਾਂਦੇ ਹਨ। ਇਕਾਈ ਟੈਸਟ ਵਿੱਚ ਹਾਸਿਲ ਅੰਕ ਵਿਦਿਆਰਥੀਆਂ ਦੇ ਮਜ਼ਬੂਤ ਅਤੇ ਕਮਜ਼ੋਰ ਪੱਖਾਂ ਦੀ ਪਛਾਣ ਕਰਨ ਲਈ ਬਹੁਤ ਮਹੱਤਵਪੂਰਨ ਨਹੀਂ ਹਨ।

ਅਧਿਆਪਕ ਇਹ ਵੀ ਨਿਰਧਾਰਤ ਕਰਦਾ ਹੈ ਕਿ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿੰਨਾ ਸਮਾਂ ਵਿਦਿਆਰਥੀਆਂ ਨੂੰ ਦੇਣਾ ਹੈ ਅਤੇ ਟੈਸਟ ਵਿੱਚ ਕੁੱਲ ਕਿੰਨੇ ਮਦ ਸ਼ਾਮਲ ਕਰਨੇ ਹਨ। ਇਹ ਅਧਿਆਪਕ ਨਿਰਮਤ ਟੈਸਟ ਹੈ।

ਇਕਾਈ ਟੈਸਟ ਵਿੱਚ ਵਿਭਿੰਨ ਪ੍ਰਕਾਰ ਦੇ ਮਦਾਂ (ਮੌਖਿਕ, ਲਿਖਤ ਆਦਿ) ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਰ ਇੱਕ ਇਕਾਈ ਟੈਸਟ ਵਿੱਚ ਮਦਾਂ ਦੀ ਸੰਖਿਆ ਸੀਮਿਤ ਹੁੰਦੀ ਹੈ।

ਇਸ ਰਾਹੀਂ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ ਦੇ ਆਧਾਰ 'ਤੇ ਸ਼੍ਰੇਣੀਬੱਧ ਨਹੀਂ ਕੀਤਾ ਜਾਂਦਾ, ਨਹੀਂ ਤਾਂ ਇਹ ਸਿੱਖਣ ਦੇ ਇੱਕ ਉਪਕਰਨ ਦੇ ਰੂਪ ਵਿੱਚ ਕਾਰਜ ਕਰਦਾ ਹੈ।

ਕਿਉਂਕਿ ਇਸ ਨੂੰ ਇੱਕ ਗੈਰ ਰਸਮੀ ਵਾਤਾਵਰਣ ਵਿੱਚ ਲਿਆ ਜਾਂਦਾ ਹੈ, ਇਸ ਲਈ ਇਹ ਵਿਦਿਆਰਥੀਆਂ ਵਿੱਚ ਟੈਸਟ ਦੇ ਤਣਾਅ ਨੂੰ ਘੱਟ ਕਰਦਾ ਹੈ।

ਈ: 4 ਨਿਮਨਲਿਖਤ ਵਿੱਚੋਂ ਕਿਹੜਾ ਇਕਾਈ ਟੈਸਟ ਨਾਲ ਸਬੰਧਿਤ ਹੈ ?

(1) ਸੰਖੇਪ ਨਿਰਧਾਰਨ

(2) ਰਚਨਾਤਮਕ ਪ੍ਰਕਿਰਤੀ

(3) ਕੁਸ਼ਲਤਾਵਾਂ ਦੀ ਸੰਖਿਆ ਨੂੰ ਸੀਮਤ ਕਰਨਾ

(4) ਅਧਿਆਪਕ ਵੱਲੋਂ ਪੂਰਨ ਨਿਯੰਤਰਿਤ ਹੋਣਾ

(5) ਮਿਆਰੀਕ੍ਰਿਤ ਉਪਲੱਬਧੀ ਟੈਸਟ

(6) ਅਗਲੀ ਉੱਚ ਕਲਾਸ ਵਿੱਚ ਪਦਉੱਨਤ ਹੋਣ ਦਾ ਨਿਰਣਾਇਕ ਹੁੰਦਾ ਹੈ।

(7) ਸੁਧਾਰਾਤਮਕ ਉਦੇਸ਼ ਲਈ ਵਰਤਿਆ ਜਾਂਦਾ ਹੈ।

(8) ਨਤੀਜੇ ਤੋਂ ਮਾਪਿਆਂ ਨੂੰ ਜਾਣੂ ਕਰਾਇਆ ਜਾਂਦਾ ਹੈ।

ਇਕਾਈ ਟੈਸਟ ਦੀ ਰਚਨਾ ਕਰਨ ਵਿੱਚ ਉਨ੍ਹਾਂ ਸਿਧਾਂਤਾਂ ਦਾ ਪਾਲਣ ਕੀਤਾ ਜਾਂਦਾ ਹੈ ਜਿਵੇਂ ਕਿ ਇੱਕ ਸੰਪੂਰਨ ਟੈਸਟ ਦੀ ਰਚਨਾ ਕਰਨ ਵਿੱਚ ਕੀਤਾ ਜਾਂਦਾ ਹੈ। ਹਾਲਾਂਕਿ ਨਿਮਨਲਿਖਤ ਬਿੰਦੂਆਂ ’ਤੇ ਧਿਆਨ ਦੇਣਾ ਜ਼ਰੂਰੀ ਹੈ:

– ਇਕਾਈ ਟੈਸਟ ਸੀਮਿਤ ਵਿਸ਼ਾ ਵਸਤੂ/ਪਾਠਕ੍ਰਮ ਨੂੰ ਸ਼ਾਮਲ ਕਰਦਾ ਹੈ।

– ਰੂਪਰੇਖਾ ਤਿਆਰ ਕਰਨ ਲਈ ਬਣਾਏ ਗਏ ਲੱਛਣ ਨਿਰਧਾਰਤ ਸਾਰਣੀ ਵਿੱਚ ਇੱਕ ਤਰਫ਼ ਵਿਸ਼ਾ ਵਸਤੂ ਅਤੇ ਦੂਜੀ ਤਰਫ਼ ਪ੍ਰਸ਼ਨਾਂ ਦੇ ਪ੍ਰਕਾਰ (ਮੌਖਿਕ, ਲਿਖਤ, ਪ੍ਰਯੋਗਿਕ/ਕਾਰਜਕੁਸ਼ਲਤਾ ਪ੍ਰਕਾਰ ਦੇ ਮਦ) ਜੋ ਕਿ ਨਿਰਦੇਸ਼ਾਤਮਕ ਉਦੇਸ਼ਾਂ (ਗਿਆਨ, ਸਮਝ, ਪ੍ਰਯੋਗ ਅਤੇ ਕੁਸ਼ਲ) ਨਾਲ ਸਬੰਧਿਤ ਹੁੰਦੇ ਹਨ।

– ਅਧਿਆਪਕ ਵੱਲੋਂ ਸੀਮਿਤ ਪ੍ਰਸ਼ਨਾਂ ਨੂੰ ਇਕਾਈ ਟੈਸਟ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਿਸਦਾ ਉੱਤਰ ਵਿਸ਼ੇਸ਼ ਸਮੇਂ ਵਿੱਚ ਹੀ ਦੇਣਾ ਹੁੰਦਾ ਹੈ।

– ਹਰੇਕ ਵਿਸ਼ਾ ਵਸਤੂ ’ਤੇ ਆਧਾਰਿਤ ਮਦਾਂ ਦੀ ਤਿਆਰੀ ਕਰਨ ਤੋਂ ਬਾਅਦ ਅਧਿਆਪਕ ਨੂੰ ਉਸ ਨੂੰ ਵਿਵਸਥਿਤ ਢੰਗ ਨਾਲ ਕ੍ਰਮਬੱਧ ਕਰਕੇ ਵਿਦਿਆਰਥੀਆਂ ਨੂੰ ਹੱਲ ਕਰਨ ਲਈ ਗੈਰ ਰਸਮੀ ਵਾਤਾਵਰਣ ਵਿੱਚ ਦੇਣਾ ਚਾਹੀਦਾ ਹੈ।

– ਅੰਕਣ ਪ੍ਰਣਾਲੀ ਦੀ ਵਿਦਿਆਰਥੀਆਂ ਨਾਲ ਚਰਚਾ ਕਰੋ ਅਤੇ ਟੈਸਟ ਖਤਮ ਹੋਣ ਤੋਂ ਬਾਅਦ ਅੰਤਿਮ ਰੂਪ ਦਿਓ।

ਹੇਠ ਦਿੱਤੀ ਗਈ ਰੂਪਰੇਖਾ ਦਾ ਪ੍ਰੇਖਣ ਅਤੇ ਵਿਸ਼ਲੇਸ਼ਣ ਕਰੋ।

ਪੰਜਵੀਂ ਕਲਾਸ ਦੇ ਭਾਸ਼ਾ ਵਿਸ਼ੇ ਦੇ ਇੱਕ ਪਾਠ ਲਈ ਰੂਪ ਰੇਖਾ:

| ਵਿਸ਼ਾ ਵਸਤੂ/ਭਾਸ਼ਾ ਹੁਨਰ | ਮੌਖਿਕ | ਲਿਖਤੀ | ਕਾਰਜਕੁਸ਼ਲਤਾ | ਕੁੱਲ |
|---|---|---|---|---|
| ਸਮਝ ਕੇ ਪੜ੍ਹਨਾ | 1 (3) | | | 3 |
| ਪਾਠ ਨੂੰ ਬਿਨਾਂ ਰੁਕਾਵਟ ਪੜ੍ਹਨਾ | 1 (3) | | | 3 |
| ਸਮਝ | | 3(2) | | 6 |
| ਕਿਰਿਆਤਮਕ ਵਿਆਕਰਨ | | 1 (5) | | 5 |
| | | | | |

ਇਹ ਰੂਪਰੇਖਾ ਮਾਂ ਬੋਲੀ ਦੇ ਇੱਕ ਪਾਠ ਲਈ ਇਕਾਈ ਟੈਸਟ ਬਣਾਉਣ ਲਈ ਤਿਆਰ ਕੀਤੀ ਗਈ ਹੈ। ਬਰੈਕਟਾਂ ਤੋਂ ਬਾਹਰ ਦੇ ਸੰਖਿਆ ਮਦਾਂ ਨੂੰ ਸੰਕੇਤ ਕਰਦੀ ਹੈ ਜਦੋਂ ਕਿ ਬਰੈਕਟਾਂ ਦੇ ਅੰਦਰ ਦੀ ਸੰਖਿਆ ਹਰੇਕ ਮਦ ਦੇ ਅੰਕ ਨੂੰ ਰੂਪਮਾਨ ਕਰਦੀ ਹੈ। ਇਕਾਈ ਵਿੱਚ ਮੌਖਿਕ, ਲਿਖਤੀ ਅਤੇ ਕਾਰਜਕੁਸ਼ਲਤਾ ਪ੍ਰਕਾਰ ਦੇ ਮਦਾਂ ਦੀ ਵਰਤੋਂ ਕੀਤੀ ਗਈ ਹੈ। ਇੱਕ ਤਰਫ਼ ਭਾਸ਼ਾ ਹੁਨਰ/ਵਿਸ਼ਾ ਵਸਤੂ ਨੂੰ ਰੱਖਿਆ ਗਿਆ ਹੈ ਅਤੇ ਦੂਜੀ ਤਰਫ਼ ਖਤਿਜ ਰੇਖਾ ਵਿੱਚ ਪ੍ਰਸ਼ਨਾਂ ਦੇ ਪ੍ਰਕਾਰ ਨੂੰ ਕ੍ਰਮਬੱਧ ਕੀਤਾ ਗਿਆ ਹੈ।

ਗਤੀਵਿਧੀ-1

ਆਪਣੇ ਰਾਜ ਦੀ ਪੰਜਵੀਂ ਕਲਾਸ ਦੇ ਪਾਠਕ੍ਰਮ ਤੋਂ ਵਾਰਤਕ ਆਧਾਰਿਤ ਇੱਕ ਪਾਠ ਲਓ ਅਤੇ ਉਪਰੋਕਤ ਲਿਖਤੀ ਰੂਪਰੇਖਾ ਦੇ ਆਧਾਰ 'ਤੇ ਇੱਕ ਟੈਸਟ ਤਿਆਰ ਕਰੋ।

15.3 ਵਿਭਿੰਨ ਪ੍ਰਕਾਰ ਦੇ ਟੈਸਟ ਮਦਾਂ ਦੀ ਰਚਨਾ ਕਰਨੀ

ਹੇਠ ਤਿੰਨ ਟੈਸਟ ਮਦ ਦਿੱਤੇ ਗਏ ਹਨ, ਧਿਆਨ ਪੂਰਬਕ ਪੜ੍ਹੋ।

1. ਇੱਕ ਸਥਾਨ ਦੇ ਜਨਸੰਖਿਆ ਵਾਧੇ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਕਾਰਕ ਹਨ ?

2. ਸਜੀਵਾਂ ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਦੇ ਨਾਂ ਲਿਖੋ।

3. ਭਾਰਤ ਦੀ ਰਾਜਧਾਨੀ ਦਾ ਨਾਂ ਕੀ ਹੈ ?

ਉਪਰੋਕਤ ਤਿੰਨੋਂ ਟੈਸਟ ਮਦਾਂ ਦੇ ਕਾਰਕਾਂ ਦੇ ਬਾਰੇ ਵਿੱਚ ਵਿਸਥਾਰਤ ਵਿਵਰਣ ਵਿਦਿਆਰਥੀਆਂ ਨੂੰ ਦੇਣਾ ਹੈ। ਇਸ ਪ੍ਰਕਾਰ ਦੇ ਪ੍ਰਸ਼ਨਾਂ ਨੂੰ ਨਿਬੰਧਾਤਮਕ ਮਦ ਕਹਿੰਦੇ ਹਨ। ਨਿਬੰਧਾਤਮਕ ਮਦ ਦੋ ਪ੍ਰਕਾਰ ਦੇ ਹੁੰਦੇ ਹਨ ਜੋ ਕਿ ਵਿਦਿਆਰਥੀਆਂ ਦੇ ਜਵਾਬ ਦੇਣ ਲਈ ਸੁਤੰਤਰਤਾ ਦੀ ਮਾਤਰਾ 'ਤੇ ਨਿਰਭਰ ਕਰਦੇ ਹਨ। ਇੱਕ ਨਿਬੰਧਾਤਮਕ ਮਦ ਜਿਸ ਵਿੱਚ ਜ਼ਿਆਦਾ ਵਿਵਰਣਾਤਮਕ ਉੱਤਰ ਦੇਣ ਦੀ ਲੋੜ ਹੁੰਦੀ ਹੈ, ਉਸ ਨੂੰ ਵਿਸਥਾਰਤ ਉੱਤਰ ਵਾਲੇ ਮਦ ਕਹਿੰਦੇ ਹਨ। ਪਰ ਉੱਪਰ ਲਿਖਤ ਮਦ ਸੰਖਿਆ 2 ਵਿੱਚ ਵਿਦਿਆਰਥੀਆਂ ਨੂੰ ਸਜੀਵਾਂ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖਣ ਲਈ ਕਿਹਾ ਗਿਆ ਹੈ।

ਇਸ ਪ੍ਰਕਾਰ ਦੇ ਪ੍ਰਸ਼ਨ ਨੂੰ ਪ੍ਰਤੀਬੰਧਿਤ ਉੱਤਰ ਵਾਲੇ ਮਦ ਕਿਹਾ ਜਾਂਦਾ ਹੈ। ਤੀਜੇ ਮਦ ਵਿੱਚ ਇੱਕ ਨਿਸ਼ਚਤ ਉੱਤਰ ਦੀ ਲੋੜ ਹੈ, ਅਜਿਹੇ ਪ੍ਰਸ਼ਨ ਨੂੰ ਛੋਟੇ ਉੱਤਰ ਵਾਲੀ ਮਦ ਕਹਿੰਦੇ ਹਨ। ਆਓ ਇਸ ਭਾਗ ਵਿੱਚ ਵਿਭਿੰਨ ਪ੍ਰਕਾਰ ਦੇ ਟੈਸਟ ਮਦਾਂ ਦੇ ਬਾਰੇ ਵਿੱਚ ਵਿਚਾਰ ਕਰਦੇ ਹਾਂ।

15.3.1 ਵਿਸਥਾਰਤ ਉੱਤਰ ਪ੍ਰਕਾਰ ਦੇ ਮਦ

ਇਸ ਪ੍ਰਕਾਰ ਦੇ ਮਦ ਨੂੰ ਸਮਝਣ ਲਈ ਆਓ ਨਿਮਨਲਿਖਤ ਗਤੀਵਿਧੀ ਕਰਦੇ ਹਾਂ।

ਗਤੀਵਿਧੀ-1

ਨਿਮਨਲਿਖਤ ਪ੍ਰਸ਼ਨਾਂ ਨੂੰ ਪੜ੍ਹੋ।

1. ਪ੍ਰਯੋਗਸ਼ਾਲਾ ਵਿੱਚ ਕਾਰਬਨ ਡਾਈਆਕਸਾਇਡ ਗੈਸ ਬਣਾਉਣ ਦੀ ਵਿਧੀ ਦਾ ਵਰਣਨ ਕਰੋ।

2. ਔਰੰਗਜ਼ੇਬ ਦੀ ਪ੍ਰਸ਼ਾਸਨਿਕ ਨੀਤੀ ਦੇ ਕਾਰਨ ਭਾਰਤ ਵਿੱਚ ਮੁਗਲ ਸਾਮਰਾਜ ਦਾ ਪਤਨ ਹੋਇਆ–ਇਸ ਕਥਨ ਦੇ ਸਮਰਥਨ ਵਿੱਚ ਜਾਂ ਅਸਹਿਮਤੀ ਵਿੱਚ ਆਪਣੇ ਵਿਚਾਰ ਪ੍ਰਗਟ ਕਰੋ।

3. ਹਾਈਡਰੋਜਨ ਗੈਸ ਦੇ ਕਿਸੇ ਦੋ ਭੌਤਿਕ ਗੁਣਾਂ ਨੂੰ ਲਿਖੋ।

ਉਪਰੋਕਤ ਪ੍ਰਸ਼ਨਾਂ ਦੇ ਆਧਾਰ 'ਤੇ ਨਿਮਨਲਿਖਤ ਸਾਰਣੀ ਨੂੰ ਪੂਰਾ ਕਰੋ। (ਜੇਕਰ ਕਥਨ ਯੋਗ ਹੈ ਤਾਂ ਸਹੀ ਦਾ ਨਿਸ਼ਾਨ ਲਗਾਓ, ਜੇਕਰ ਕਥਨ ਗਲਤ ਹੈ ਤਾਂ ਕਰੌਸ ਦਾ ਨਿਸ਼ਾਨ ਲਗਾਓ।)

ਸਾਰਣੀ 15.3

| ਲੜੀ ਨੰਬਰ | ਕਥਨ | ਪ੍ਰਸ਼ਨ 1 | ਪ੍ਰਸ਼ਨ 2 | ਪ੍ਰਸ਼ਨ 3 |
|---|---|---|---|---|
| 1 | ਉੱਤਰ ਦੇਣ ਲਈ ਸੁਤੰਤਰਤਾ ਦਿੱਤੀ ਗਈ ਹੈ। | | | |
| 2 | ਉੱਤਰ ਦਿੱਤੇ ਸਮੇਂ ਅਨੁਸਾਰ ਲਗਾਉਣਾ ਸੀਮਿਤ ਹੈ। | | | |
| 3 | ਕਈ ਸਬੰਧਿਤ ਉੱਤਰ ਦੇਣ ਦੀ ਸਮਰੱਥਾ ਦਾ ਮਾਪਣ ਕਰਦਾ ਹੈ। | | | |
| 4 | ਵਿਦਿਆਰਥੀਆਂ ਨੂੰ ਵਿਚਾਰਾਂ ਨੂੰ ਕ੍ਰਮ ਤੋਂ ਲਿਖਤੀ ਰੂਪ ਨਾਲ ਪੇਸ਼ ਕਰਨ ਦੇ ਯੋਗ ਬਣਾਉਂਦਾ ਹੈ। | | | |
| 5 | ਉੱਤਰ ਦੇਣ ਲਈ ਜ਼ਿਆਦਾ ਸਮੇਂ ਦੀ ਲੋੜ ਹੈ। | | | |
| 6 | ਉੱਤਰ ਵਿੱਚ ਵਿਦਿਆਰਥੀਆਂ ਦੀ ਰਚਨਾਤਮਕ ਸਮਰੱਥਾ ਪ੍ਰਤੀਬਿੰਬਤ ਹੈ। | | | |
| 7 | ਅਲੱਗ ਅਲੱਗ ਪ੍ਰੀਖਿਅਕ ਦੇ ਅੰਕਣ ਵਿੱਚ ਤਬਦੀਲੀ ਹੋ ਸਕਦੀ ਹੈ। | | | |

ਜੇਕਰ ਤੁਸੀਂ ਉਪਰੋਕਤ ਲਿਖਤ ਤਿੰਨ ਮਦਾਂ ਅਤੇ ਸਾਰਣੀ 15.3 ਦੇ ਆਪਣੇ ਉੱਤਰਾਂ ਦਾ ਵਿਸ਼ਲੇਸ਼ਣ ਕਰੋ ਤਾਂ ਤੁਸੀਂ ਦੇਖੋਗੇ ਕਿ ਮਦ 1 ਅਤੇ 2 ਮਦ 3 ਤੋਂ ਭਿੰਨ ਹੈ। ਪਹਿਲੀਆਂ ਦੋ ਮਦਾਂ ਵਿਸਥਾਰਤ ਉੱਤਰ ਪ੍ਰਕਾਰ ਦੀਆਂ ਮਦਾਂ ਹਨ ਜਦੋਂ ਕਿ ਤੀਜੀ ਮਦ ਪ੍ਰਤੀਬੰਧਾਤਮਕ ਉੱਦਰ ਪ੍ਰਕਾਰ ਦੀ ਮਦ ਹੈ।

ਵਿਸਥਾਰਤ ਉੱਤਰ ਵਾਲੇ ਮਦ ਵਿੱਚ ਵਿਦਿਆਰਥੀਆਂ ਨੂੰ ਉੱਤਰ ਦੇਣ ਲਈ ਉਚਿੱਤ ਸੁਤੰਤਰਤਾ ਦਿੱਤੀ ਗਈ ਹੈ। ਇਸ ਪ੍ਰਕਾਰ ਦੇ ਮਦਾਂ ਵਿੱਚ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਨੂੰ, ਤੱਥਾਂ ਨੂੰ ਆਪਣੇ ਢੰਗ ਨਾਲ ਪੇਸ਼ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਦੇ ਮਦ ਵਿਦਿਆਰਥੀਆਂ ਨੂੰ ਮੁਸ਼ਕਿਲ ਕੁਸ਼ਲਾਂ ਅਤੇ ਵਿਚਾਰਾਂ ਨੂੰ ਵਿਵਸਥਿਤ ਕਰਨ, ਵਿਸ਼ਲੇਸ਼ਣਾਤਮਕ ਕੁਸ਼ਲ ਦੇ ਨਾਲ ਨਾਲ ਧਾਰਨਾਵਾਂ ਅਤੇ ਸਿਧਾਂਤਾਂ ਦੀ ਸਮਝ ਦਾ ਨਿਰਧਾਰਨ ਕਰਨ ਵਿੱਚ ਸਹਾਇਤਾ ਕਰਦਾ ਹੈ।

ਹਾਲਾਂਕਿ ਵਿਸਥਾਰਤ ਉੱਤਰ ਵਾਲੇ ਮਦ ਵਿੱਚ ਕਾਫ਼ੀ ਮਜ਼ਬੂਤ ਪੱਖ ਹੈ, ਪਰ ਇਸ ਵਿੱਚ ਕੁਝ ਕਮੀਆਂ ਵੀ ਹਨ। ਇਸ ਪ੍ਰਕਾਰ ਦੇ ਪ੍ਰਸ਼ਨਾਂ ਦਾ ਸੰਗਠਨਾਤਮਕ ਮੁਲਾਂਕਣ ਕਰਨਾ ਕਠਿਨ ਹੈ ਕਿਉਂਕਿ ਵਿਦਿਆਰਥੀਆਂ ਲਈ ਵਿਚਾਰ ਪ੍ਰਗਟ ਕਰਨ ਲਈ ਜ਼ਿਆਦਾ ਸੁਤੰਤਰਤਾ ਹੈ। ਮੁਲਾਂਕਣ, ਪ੍ਰੀਖਿਅਕ ਦੇ ਆਪਣੇ ਅੰਕਣ ਕਰਨ ਦੇ ਮਿਆਰ ਅਤੇ ਸੁਭਾਅ 'ਤੇ ਆਧਾਰਿਤ ਹੁੰਦਾ ਹੈ।

ਇਨ੍ਹਾਂ ਕਾਰਨਾਂ 'ਤੇ ਅਲੱਗ ਅਲੱਗ ਪ੍ਰੀਖਿਅਕ ਇੱਕ ਹੀ ਪ੍ਰਸ਼ਨ ਦੇ ਉੱਤਰ ਲਈ ਅਲੱਗ ਅਲੱਗ ਅੰਕ ਦਿੰਦੇ ਹਨ। ਵਿਸਥਾਰਤ ਉੱਤਰ ਮਦ ਵਾਲੇ ਟੈਸਟ ਵਿੱਚ ਇਛੁੱਕ ਸਿਖਲਾਈ ਨਤੀਜਿਆਂ ਨੂੰ ਸ਼ਾਮਲ ਕਰਨ ਲਈ ਬਹੁਤ ਸੀਮਿਤ ਸਥਾਨ ਹੁੰਦਾ ਹੈ।

ਈ: 5 ਵਿਸਥਾਰਤ ਉੱਤਰ ਪ੍ਰਕਾਰ ਦੇ ਮਦ ਦੇ ਦੋ ਮਜ਼ਬੂਤ ਅਤੇ ਦੋ ਕਮਜ਼ੋਰ ਪੱਖਾਂ ਦਾ ਉਪਰੋਕਤ ਉਦਾਹਰਨ ਦੇ ਕੇ ਵਰਣਨ ਕਰੋ।

ਈ: 6 ਸਕੂਲ ਦੇ ਹਰੇਕ ਵਿਸ਼ੇ ਲਈ ਵਿਸਥਾਰਤ ਉੱਤਰ ਪ੍ਰਕਾਰ ਦੇ ਟੈਸਟ ਮਦਾਂ ਦੇ ਦੋ ਉਦਾਹਰਨ ਪੇਸ਼ ਕਰੋ।

ਕਲਾਸ ਅਧਿਆਪਕ ਇੱਕ ਚੰਗਾ ਵਿਸਥਾਰਤ ਉੱਤਰ ਪ੍ਰਕਾਰ ਦੇ ਟੈਸਟ ਮਦ ਦੀ ਰਚਨਾ ਕਰ ਸਕਦਾ ਹੈ ਅਤੇ ਵਿਦਿਆਰਥੀਆਂ ਦੀ ਸਿਖਲਾਈ ਸਮਰੱਥਾ ਵਿੱਚ ਵਾਧਾ ਕਰਨ ਲਈ ਇਸ ਦਾ ਉਪਯੋਗ ਕਰ ਸਕਦਾ ਹੈ। ਇਸ ਪ੍ਰਕਾਰ ਦੇ ਮਦਾਂ ਦੀ ਰਚਨਾ ਕਰਦੇ ਸਮੇਂ ਨਿਮਨਲਿਖਤ ਬਿੰਦੂ ਨੂੰ ਧਿਆਨ ਵਿੱਚ ਰੱਖਿਆ ਜਾ ਸਕਦਾ ਹੈ।

- ਹਰੇਕ ਪ੍ਰਸ਼ਨ ਦੇ ਉੱਤਰ ਦੀ ਲੰਬਾਈ ਨੂੰ ਨਿਰਧਾਰਤ ਕਰੋ।

- ਵਿਦਿਆਰਥੀਆਂ ਨੂੰ ਮਾਰਗਦਰਸ਼ੀ ਸੂਚੀ ਉਪਲੱਬਧ ਕਰਾਓ ਜਿਵੇਂ ਕੁਝ ਬਿੰਦੂ ਜਿਸ ਨਾਲ ਵਿਦਿਆਰਥੀ ਉੱਤਰ ਵਿੱਚ ਆਪਣਾ ਧਿਆਨ ਕੇਂਦਰਿਤ ਕਰ ਸਕੇ।

- ਵਿਦਿਆਰਥੀਆਂ ਨੂੰ ਪਹਿਲਾਂ ਤੋਂ ਹੀ ਉੱਤਰ ਦੇ ਵਿਭਿੰਨ ਬਿੰਦੂਆਂ ਨਾਲ ਸਬੰਧਿਤ ਅੰਕਾਂ ਦੀ ਸੂਚਨਾ ਉਪਲੱਬਧ ਕਰਾਓ।

15.3.2 ਪ੍ਰਤੀਬੰਧਿਤ ਉੱਤਰ ਪ੍ਰਕਾਰ ਦੇ ਮਦ

ਜਦੋਂ ਅਸੀਂ ਨਿਬੰਧਾਤਮਕ ਮਦ ’ਤੇ ਕੋਈ ਪ੍ਰਤੀਬੰਧ ਲਗਾਉਂਦੇ ਹਾਂ ਜਿਸ ਨਾਲ ਕਿ ਉੱਤਰ ਨੂੰ ਨਿਯੰਤਰਿਤ ਕੀਤਾ ਜਾ ਸਕੇ ਜਾਂ ਸੰਖੇਪ ਬਣਾਇਆ ਜਾ ਸਕੇ, ਅਜਿਹੇ ਮਦ ਨੂੰ ਪ੍ਰਤੀਬੰਧਿਤ ਉੱਤਰ ਮਦ ਕਹਿੰਦੇ ਹਾਂ।

ਨਿਮਨਲਿਖਤ ਮਦਾਂ ਨੂੰ ਧਿਆਨ ਪੂਰਬਕ ਪੜ੍ਹੋ।

1. ਆਪਣੇ ਪਾਲਤੂ ਪਸ਼ੂ ਦੇ ਪ੍ਰਤੀ ਆਪਣੇ ਭਾਵ ਦਾ ਵਰਣਨ 50 ਸ਼ਬਦਾਂ ਵਿੱਚ ਕਰੋ।

2. ਰੇਡਿਓ ਦੀ ਤੁਲਨਾ ਵਿੱਚ ਟੈਲੀਵਿਜ਼ਨ ਦੇ ਕੋਈ ਦੋ ਲਾਭ ਲਿਖੋ।

3. ਭਾਰਤ ਵਿੱਚ ਗਰੀਬੀ ਦੇ ਕੀ ਕੀ ਕਾਰਨ ਹਨ। ਵਿਆਖਿਆ ਕਰੋ (5 ਵਾਕਾਂ ਵਿੱਚ)।

4. ਸਕੂਲ ਤੋਂ ਆਪਣੇ ਗੈਰ ਹਾਜ਼ਰ ਰਹਿਣ ਦੇ ਕਾਰਨ ਹੇਠ ਉਪਲੱਬਧ ਕਰਾਈ ਗਈ ਥਾਂ ਵਿੱਚ ਵਰਣਨ ਕਰੋ।

5. ਨਿਮਨਲਿਖਤ ਪ੍ਰਸ਼ਨਾਂ ਦਾ ਜਿੰਨੀ ਜਲਦੀ ਨਾਲ ਉੱਤਰ ਦੇ ਸਕਦੇ ਹੋ ਦਿਓ (ਹਰੇਕ ਪ੍ਰਸ਼ਨ ਲਈ 2 ਮਿੰਟ ਤੋਂ ਜ਼ਿਆਦਾ ਨਹੀਂ)।

(ੳ) ਸਾਲ ਦੇ ਕਿਹੜੇ ਮਹੀਨਿਆਂ ਵਿੱਚ ਤੁਹਾਡੇ ਰਾਜ ਵਿੱਚ ਮੌਨਸੂਨ ਦੀ ਵਰਖਾ ਹੁੰਦੀ ਹੈ ?

(ਅ) ਵਰਖਾ ਦਾ ਛਾਇਆ ਖੇਤਰ ਕਿਹੜਾ ਹੈ ?

(ੲ) ਪਹਾੜ ਦੇ ਉੱਪਰ ਚੜ੍ਹਨ ’ਤੇ ਤੁਸੀਂ ਠੰਢ ਕਿਉਂ ਮਹਿਸੂਸ ਕਰਦੇ ਹੋ ?

ਤੁਸੀਂ ਪ੍ਰੇਖਣ ਕਰ ਸਕਦੇ ਹੋ ਕਿ ਇਨ੍ਹਾਂ ਮਦਾਂ ਵਿੱਚ ਉੱਤਰ ਨੂੰ ਛੋਟਾ ਅਤੇ ਜ਼ਿਆਦਾ ਕੇਂਦਰਿਤ ਬਣਾਉਣ ਲਈ ਪ੍ਰਤੀਬੰਧ ਲਗਾਏ ਗਏ ਹਨ।

– ਮਦ 1 ਅਤੇ 3 ਵਿੱਚ ਉੱਤਰ ਦੀ ਲੰਬਾਈ ਨੂੰ ਕ੍ਰਮਵਾਰ 50 ਸ਼ਬਦਾਂ ਅਤੇ 5 ਵਾਕਾਂ ਵਿੱਚ ਪ੍ਰਤੀਬੰਧਿਤ ਕੀਤਾ ਗਿਆ ਹੈ। ਇਸ ਨਾਲ ਵਿਦਿਆਰਥੀ ਆਪਣੇ ਵਿਚਾਰਾਂ ਦੀ ਚੋਣ ਵਿਵਸਥਿਤ ਅਤੇ ਸੰਯੋਜਿਤ ਨਿਰਦੇਸ਼ਿਤ ਸ਼ਬਦਾਂ ਜਾਂ ਵਾਕਾਂ ਦੇ ਅੰਦਰ ਕਰ ਸਕਦਾ ਹੈ।

– ਮਦ 2 ਵਿੱਚ ਉੱਤਰ ਦੇ ਵਿਸ਼ਾ ਵਸਤੂ ਨੂੰ ਟੈਲੀਵਿਜ਼ਨ ਦੇ ਦੋ ਲਾਭਾਂ, ਰੇਡਿਓ ਦੀ ਤੁਲਨਾ ਵਿੱਚ, ਦੇ ਵਰਣਨ ਵਿੱਚ ਪ੍ਰਤੀਬੰਧਿਤ ਕਰ ਦਿੱਤਾ ਗਿਆ ਹੈ। ਹਾਲਾਂਕਿ ਰੇਡਿਓ ਅਤੇ ਟੈਲੀਵਿਜ਼ਨ ਦੇ ਵਿਚਕਾਰ ਇਸ ਤੋਂ ਜ਼ਿਆਦਾ ਅੰਤਰ ਬਿੰਦੂ ਹਨ।

– ਮਦ 4 ਵਿੱਚ ਉੱਤਰ ਦੇਣ ਦੇ ਸਥਾਨ ’ਤੇ ਚਾਰ ਲਾਇਨਾਂ ’ਤੇ ਪ੍ਰਤੀਬੰਧਿਤ ਲਗਾਇਆ ਗਿਆ ਹੈ। ਵਿਦਿਆਰਥੀਆਂ ਨੂੰ ਪ੍ਰਸ਼ਨ ਉੱਤਰ ਪੁਸਤਕਾ ਵਿੱਚ ਦਿੱਤੀਆਂ ਗਈਆਂ ਚਾਰ ਲਾਇਨਾਂ ਵਿੱਚ ਹੀ ਆਪਣਾ ਉੱਤਰ ਲਿਖਣਾ ਹੈ।

– ਮਦ 5 ਵਿੱਚ ਹਰੇਕ ਪ੍ਰਸ਼ਨ ਦੇ ਉੱਤਰ ਦੇਣ ਦੇ ਸਮੇਂ ਨੂੰ 2 ਮਿੰਟ ਤੱਕ ਸੀਮਿਤ ਰੱਖਿਆ ਗਿਆ ਹੈ।

ਹਾਲਾਂਕਿ ਵਿਦਿਆਰਥੀਆਂ ਨੂੰ ਉੱਤਰ ਦਿੰਦੇ ਸਮੇਂ ਆਪਣੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ ਦਿੱਤੀ ਗਈ ਹੈ, ਪਰ ਇਹ ਉੱਤਰ ਪ੍ਰਤੀਬੰਧਿਤ ਹਨ। ਇਸ ਪ੍ਰਕਾਰ ਦੇ ਪ੍ਰਤੀਬੰਧਿਤ ਮਦ ਸਮਾਂ ਪ੍ਰਬੰਧਨ ਵਿੱਚ ਉਪਯੋਗੀ ਹੁੰਦੇ ਹਨ ਅਤੇ ਇਹ ਉੱਤਰ ਦਾ ਮੁਲਾਂਕਣ ਸਹੀ ਢੰਗ ਨਾਲ ਕੀਤਾ ਜਾ ਸਕਦਾ ਹੈ। ਹਾਲਾਂਕਿ ਪ੍ਰਤੀਬੰਧਿਤ ਉੱਤਰ ਵਾਲੇ ਟੈਸਟ ਮਦਾਂ ਦੀ ਰਚਨਾ ਸਾਵਧਾਨੀਪੂਰਬਕ ਕੀਤੀ ਜਾਂਦੀ ਹੈ ਤਾਂ ਇਹ ਉੱਚਪੱਧਰੀ ਸਿਖਲਾਈ ਨਤੀਜਿਆਂ ਜਿਵੇਂ ਸਮਝ, ਵਿਸ਼ਲੇਸ਼ਣ, ਸੰਸਲੇਸ਼ਣ, ਸ਼ਲਾਘਾ ਅਤੇ ਰਚਨਾਤਮਕਤਾ ਨੂੰ ਮਾਪਣ ਦਾ ਉਪਕਰਨ ਹੋ ਸਕਦੇ ਹਨ।

ਈ: 7 ਸਿਖਲਾਈ ਨਤੀਜਿਆਂ ਦਾ ਨਿਰਧਾਰਨ ਕਰਨ ਵਿੱਚ, ਹੋਰ ਪ੍ਰਕਾਰ ਦੇ ਟੈਸਟ ਮਦਾਂ ਦੀ ਬਜਾਏ ਵਿਸਥਾਰਤ ਉੱਤਰ ਪ੍ਰਕਾਰ ਦੇ ਮਦਾਂ ਦੇ ਤਿੰਨ ਲਾਭਾਂ ਦਾ ਵਰਣਨ ਕਰੋ।

ਈ: 8 ਵਿਸਥਾਰਤ ਉੱਤਰ ਪ੍ਰਕਾਰ ਦੇ ਮਦਾਂ ਦਾ ਟੈਸਟਾਂ ਰਾਹੀਂ ਵੱਖ ਵੱਖ ਮੁਲਾਂਕਣ ਕਰਨ ਦੇ ਤਿੰਨ ਕਾਰਨ ਦੱਸੋ।

ਈ: 9 ਨਿਬੰਧਾਤਮਕ ਮਦਾਂ ਨੂੰ ਪ੍ਰਤੀਬੰਧਿਤਾਮਕ ਉੱਤਰ ਵਾਲੇ ਮਦ ਬਣਾਉਣ ਲਈ ਕਿੰਨੇ ਪ੍ਰਤੀਬੰਧਾਂ ਦੀ ਲੋੜ ਹੋ ਸਕਦੀ ਹੈ।

15.3.3 ਛੋਟੇ ਉੱਤਰ ਵਾਲੇ ਮਦ

ਨਿਮਨਲਿਖਤ ਮਦਾਂ ਨੂੰ ਪੜ੍ਹੋ:

1. 7+6−3 ਦਾ ਮੁੱਲ ਲੱਭੋ।

2. ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਕੌਣ ਸਨ ?

3. ਭਾਰਤ ਸਨ———ਵਿੱਚ ਆਜ਼ਾਦ ਹੋਇਆ।

ਅਸੀਂ ਇਸ ਪ੍ਰਕਾਰ ਦੇ ਮਦਾਂ ਤੋਂ ਜਾਣੂ ਹਾਂ। ਇਸ ਪ੍ਰਕਾਰ ਦੇ ਮਦਾਂ ਦੀ ਵਰਤੋਂ ਜ਼ਿਆਦਾਤਰ ਟੈਸਟਾਂ ਵਿੱਚ ਕੀਤੀ ਜਾਂਦੀ ਹੈ। ਇਸ ਪ੍ਰਕਾਰ ਦੇ ਮਦਾਂ ਦਾ ਉੱਤਰ ਨਿਸ਼ਚਤ ਅਤੇ ਵਿਸ਼ੇਸ਼ ਹੁੰਦਾ ਹੈ। ਇਸ ਲਈ ਸੰਖੇਪ ਢੰਗ ਨਾਲ ਇਨ੍ਹਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਮਦਾਂ ਦਾ ਮੁਲਾਂਕਣ ਛੋਟੇ ਸੰਖੇਪ ਢੰਗ (ਇਹ ਪ੍ਰੀਖਿਅਕ ਜਾਂ ਉੱਤਰਦਾਤਾ ਦੇ ਵਿਅਕਤੀਗਤ ਵਿਚਾਰਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ ਹੈ।) ਦੇ ਨਾਲ ਕੀਤਾ ਜਾਂਦਾ ਹੈ। ਇਸ ਲਈ ਇਨ੍ਹਾਂ ਨੂੰ ਛੋਟੇ ਉੱਤਰਾਂ ਵਾਲੇ ਮਦ ਕਿਹਾ ਜਾਂਦਾ ਹੈ।

ਛੋਟੇ ਉੱਤਰਾਂ ਵਾਲੇ ਟੈਸਟ ਵਿਦਿਆਰਥੀਆਂ ਨੂੰ ਇੱਕ ਉੱਚ ਪੱਧਰੀ ਸੰਰਚਿਤ ਕਾਰਜ ਕਰਨ ਲਈ ਦਿੰਦਾ ਹੈ ਜਿਸ ਵਿੱਚ ਉੱਤਰ ਦੇਣ ਦੀ ਆਜ਼ਾਦੀ ਨੂੰ ਇੱਕ ਸ਼ਬਦ, ਇੱਕ ਸੰਖਿਆ, ਇੱਕ ਸੰਕੇਤ ਜਾਂ ਦਿੱਤੇ ਗਏ ਵਿਕਲਪਿਕ ਉੱਤਰਾਂ ਵਿੱਚੋਂ ਕਿਸੇ ਇੱਕ ਉੱਤਰ ਦੀ ਚੋਣ ਕਰਨ ਤੱਕ ਸੀਮਤ ਰੱਖਿਆ ਜਾਂਦਾ ਹੈ। ਆਮ ਤੌਰ ’ਤੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਕਿਸਮ ਦੇ ਮਦਾਂ ਦਾ ਉੱਤਰ ਦੇਣ ਵਿੱਚ ਘੱਟ ਸਮਾਂ ਲੱਗਦਾ ਹੈ ਅਤੇ

ਇਸਦਾ ਮੁਲਾਂਕਣ ਵਿਲੱਖਣ ਢੰਗ ਨਾਲ ਕਰਨ ਵਿੱਚ, ਵਿਸਥਾਰਤ ਜਾਂ ਪ੍ਰਤੀਬੰਧਿਤ ਪ੍ਰਕਾਰ ਦੇ ਮਦਾਂ ਦੀ ਤੁਲਨਾ ਵਿੱਚ ਸੌਖਾ ਹੁੰਦਾ ਹੈ।

ਆਮ ਤੌਰ 'ਤੇ ਅਧਿਆਪਕ ਨਿਰਮਤ ਇਕਾਈ ਟੈਸਟਾਂ ਵਿੱਚ ਵਿਭਿੰਨ ਪ੍ਰਕਾਰ ਦੇ ਛੋਟੇ ਉੱਤਰਾਂ ਵਾਲੇ ਮਦਾਂ ਦਾ ਉਪਯੋਗ ਕੀਤਾ ਜਾਂਦਾ ਹੈ। ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਵਿਭਿੰਨ ਪ੍ਰਕਾਰ ਦੇ ਛੋਟੇ ਉੱਤਰਾਂ ਵਾਲੇ ਮਦਾਂ ਦੇ ਬਾਰੇ ਵਿੱਚ ਤੁਹਾਨੂੰ ਸਪੱਸ਼ਟ ਜਾਣਕਾਰੀ ਹੋਣੀ ਚਾਹੀਦੀ ਹੈ।

ਨਿਮਨਲਿਖਤ ਟੈਸਟ ਮਦਾਂ 'ਤੇ ਵਿਚਾਰ ਕਰੋ।

1. ਸਹੀ ਉੱਤਰ ਖਾਲੀ ਸਥਾਨ ਵਿੱਚ ਭਰੋ

ਗ੍ਰਾਮ ਪੰਚਾਇਤ ਦੇ ਮੈਂਬਰ———ਸਾਲਾਂ ਵਿੱਚ ਚੁਣੇ ਜਾਂਦੇ ਹਨ।

2. ਬਰੈਕਟ ਵਿੱਚ ਦਿੱਤੇ ਗਏ ਉੱਤਰਾਂ ਵਿੱਚੋਂ ਸਹੀ ਉੱਤਰ ਦੀ ਚੋਣ ਕਰੋ (3,4,5,6)

ਗ੍ਰਾਮ ਪੰਚਾਇਤ ਦੇ ਮੈਂਬਰ——— ਸਾਲਾਂ ਲਈ ਚੁਣੇ ਜਾਂਦੇ ਹਨ।

ਕੀ ਮਦ 1 ਅਤੇ ਮਦ 2 ਵਿੱਚ ਕੋਈ ਅੰਤਰ ਹੈ?

ਮਦ 1 ਵਿੱਚ ਵਿਦਿਆਰਥੀਆਂ ਨੂੰ ਪਾਠਕ੍ਰਮ ਵਿੱਚ ਦਿੱਤੇ ਗਏ ਉੱਤਰ ਨੂੰ ਯਾਦ ਕਰਕੇ ਖਾਲੀ ਸਥਾਨ ਭਰਨਾ ਹੈ।

ਪਰ ਮਦ 2 ਵਿੱਚ ਬਰੈਕਟ ਵਿੱਚ ਦਿੱਤੇ ਗਏ ਉੱਤਰਾਂ ਵਿੱਚੋਂ ਇੱਕ ਸਹੀ ਉੱਤਰ ਚੁਣਕੇ ਖਾਲੀ ਸਥਾਨ ਵਿੱਚ ਭਰਨਾ ਹੈ।

ਇਸ ਲਈ ਪਹਿਲਾ ਮਦ ਮੰਗ ਪ੍ਰਕਾਰ ਦਾ ਮਦ ਹੈ ਜਦੋਂ ਕਿ ਦੂਜਾ ਮਦ ਚੋਣ ਪ੍ਰਕਾਰ ਦਾ ਮਦ ਹੈ।

ਆਓ ਵਿਭਿੰਨ ਪ੍ਰਕਾਰ ਦੇ ਛੋਟੇ ਉੱਤਰਾਂ ਵਾਲੇ ਮਦਾਂ ਦੇ ਬਾਰੇ ਵਿੱਚ ਢੁਕਵੀਆਂ ਉਦਾਹਰਨਾਂ ਦੇ ਨਾਲ ਚਰਚਾ ਕਰਦੇ ਹਾਂ

(ੳ) ਲਘੂ ਉੱਤਰ ਪ੍ਰਕਾਰ ਦੇ ਮਦ:

ਲਘੂ ਉੱਤਰ ਪ੍ਰਕਾਰ ਦੇ ਮਦ ਬੇਹੱਦ ਸਾਧਾਰਨ ਸਿਖਲਾਈ ਨਤੀਜਿਆਂ ਦਾ ਮਾਪਣ ਕਰਨ ਲਈ ਢੁਕਵੇਂ ਹਨ। ਇਸ ਪ੍ਰਕਾਰ ਦੇ ਟੈਸਟ ਮਦਾਂ ਨੂੰ ਆਮ ਤੌਰ 'ਤੇ ਪ੍ਰਤੱਖ ਪ੍ਰਸ਼ਨ ਕਿਹਾ ਜਾਂਦਾ ਹੈ। ਇੱਥੋਂ ਕੁਝ ਉਦਾਹਰਨ ਨਿਮਨ ਹਨ।

- ਵਰਖਾ ਦੀ ਮਾਤਰਾ ਦੇ ਮਾਪ ਲਈ ਕਿਸ ਉਪਕਰਨ ਦੀ ਵਰਤੋਂ ਕੀਤੀ ਜਾਂਦੀ ਹੈ?
- ਜੇਕਰ 10 ਪੈੱਨਾਂ ਦੀ ਕੀਮਤ 45 ਰੁਪਏ ਹੈ ਤਾਂ ਇੱਕ ਪੈੱਨ ਖਰੀਦਣ ਲਈ ਤੁਸੀਂ ਕਿੰਨੇ ਪੈਸੇ ਦਿਓਗੇ?
- ਕਿਸ ਸਾਲ ਵਿੱਚ ਪਾਣੀਪਤ ਦਾ ਪਹਿਲਾ ਯੁੱਧ ਹੋਇਆ?

ਉਪਰੋਕਤ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਵਿਦਿਆਰਥੀਆਂ ਨੂੰ ਤੱਥਾਂ ਨੂੰ ਯਾਦ ਕਰਨਾ ਹੁੰਦਾ ਹੈ। ਲਘੂ ਉੱਤਰ ਪ੍ਰਕਾਰ ਦੇ ਮਦਾਂ ਦੀ ਵਰਤੋਂ ਵਿਦਿਆਰਥੀਆਂ ਦੇ ਤੱਥਾਂ, ਸ਼ਬਦਾਵਲੀ ਅਤੇ ਸਿਧਾਂਤਾਂ ਦੇ ਗਿਆਨ ਦਾ ਨਿਰਧਾਰਨ ਕਰਨ ਲਈ ਕੀਤਾ ਜਾਂਦਾ ਹੈ। ਅਧਿਆਪਕਾਂ ਲਈ ਲਘੂ ਉੱਤਰ ਪ੍ਰਕਾਰ ਦੇ ਪ੍ਰਸ਼ਨ ਬਣਾਉਣੇ ਬਹੁਤ ਆਸਾਨ ਹੁੰਦੇ ਹਨ।

ਇਸ ਪ੍ਰਕਾਰ ਦੇ ਟੈਸਟ ਮਦਾਂ ਦਾ ਨਿਰਮਾਣ ਕਰਦੇ ਸਮੇਂ ਸ਼ਬਦਾਂ ਨੂੰ ਵਿਵਸਥਿਤ ਕਰਨ ਵਿੱਚ ਅਤੇ ਭਾਸ਼ਾ ਦੇ ਪ੍ਰਯੋਗ ਕਰਨ ਵਿੱਚ ਉਲਝਣ ਦੀ ਸਥਿਤੀ ਤੋਂ ਬਚਣ ਲਈ ਕਾਫ਼ੀ ਸਾਵਧਾਨੀ ਵਰਤਣੀ ਚਾਹੀਦੀ ਹੈ।

(ਅ) ਪੂਰਾ ਕਰਨ ਵਾਲੇ ਮਦ

ਕੁਝ ਟੈਸਟ ਮਦਾਂ ਵਿੱਚ ਵਿਦਿਆਰਥੀਆਂ ਨੂੰ ਅਧੂਰੇ ਕਥਨ ਨੂੰ ਪੂਰਾ ਕਰਨਾ ਹੁੰਦਾ ਹੈ। ਇਹ ਲਘੂ ਉੱਤਰ ਪ੍ਰਕਾਰ ਦੇ ਮਦ ਦਾ ਇੱਕ ਹੋਰ ਰੂਪ ਹੈ। ਇੱਥੇ ਕੁਝ ਉਦਾਹਰਨ ਨਿਮਨ ਹਨ।

- ਭਾਰਤ ਵਿੱਚ ਸੰਸਦ ਮੈਂਬਰ ——ਸਾਲਾਂ ਲਈ ਚੁਣੇ ਜਾਂਦੇ ਹਨ।
- ਪੌਦੇ ਵੱਲੋਂ ਭੋਜਨ ਬਣਾਉਣ ਦੀ ਪ੍ਰਕਿਰਿਆ ਨੂੰ ——ਕਹਿੰਦੇ ਹਨ।
- ਦੋ ਸਮਾਨ ਭੁਜਾਵਾਂ ਵਾਲੇ ਤਿਕੋਣ ਦੇ ਹਰੇਕ ਕੋਣ ਦਾ ਮਾਪ——ਹੈ।

ਉਪਰੋਕਤ ਹਰੇਕ ਮਦ ਮੰਗ ਪ੍ਰਕਾਰ ਦੇ ਮਦ ਹਨ ਜਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਅਧੂਰੇ ਕਥਨ ਨੂੰ ਪੂਰਾ ਕਰਨ ਲਈ ਸਹੀ ਉੱਤਰ ਦੇਣਾ ਹੈ। ਪਹਿਲਾਂ ਇੱਕ ਪਦ ਵਿੱਚ ਇੱਕ ਖਾਲੀ ਸਥਾਨ ਦਿੱਤਾ ਜਾਂਦਾ ਹੈ ਅਤੇ ਆਮ ਤੌਰ ’ਤੇ ਵਾਕ ਦੇ ਅੰਤਿਮ ਭਾਗ ਦੀ ਤਰਫ਼ ਦਿੱਤਾ ਜਾਂਦਾ ਹੈ। ਨਿਯਮ ਦੇ ਅਨੁਸਾਰ ਇਨ੍ਹਾਂ ਮਦਾਂ ਵਿੱਚ ਲੰਬੇ ਅਤੇ ਕਠਿਨ ਵਾਕਾਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।

(ੲ) ਸਹੀ-ਗਲਤ ਜਾਂ ਵਿਕਲਪ ਪ੍ਰਕਾਰ ਦੇ ਮਦ:

ਨਿਮਨਲਿਖਤ ਟੈਸਟ ਮਦਾਂ ’ਤੇ ਧਿਆਨ ਦਿਓ:

ਹਰੇਕ ਕਥਨ ਨੂੰ ਧਿਆਨਪੂਰਬਕ ਪੜ੍ਹੋ। ਜੇਕਰ ਕਥਨ ਸਹੀ ਹੈ ਤਾਂ ਸਹੀ ਦਾ ਨਿਸ਼ਾਨ ਬਣਾਓ ਅਤੇ ਜੇਕਰ ਕਥਨ ਗਲਤ ਹੈ ਤਾਂ ਗਲਤ ਦਾ ਨਿਸ਼ਾਨ ਬਣਾਓ।

- 169 ਦਾ ਵਰਗਮੂਲ 13 ਹੈ। ਸਹੀ/ਗਲਤ
- ਦੂਜਾ ਵਿਸ਼ਵ ਯੁੱਧ 1939 ਵਿੱਚ ਖਤਮ ਹੋਇਆ। ਸਹੀ/ਗਲਤ
- ਹਰੇਕ ਵਰਗ ਇੱਕ ਆਇਤ ਹੈ ਪਰ ਹਰੇਕ ਆਇਤ ਇੱਕ ਵਰਗ ਨਹੀਂ ਹੈ। ਸਹੀ/ਗਲਤ
- ‘ਅਗਨੀ ਦੀ ਉਡਾਣ’ ਕਿਤਾਬ ਦੇ ਲੇਖਕ ਡਾ. ਮਨਮੋਹਨ ਸਿੰਘ ਹਨ। ਸਹੀ/ਗਲਤ

ਇੱਥੇ ਵਿਦਿਆਰਥੀ ਕਥਨ ਦੇ ਸਹੀ ਅਤੇ ਗਲਤ ਦੀ ਜਾਂਚ ਕਰਦਾ ਹੈ। ਸਹੀ ਗਲਤ ਪ੍ਰਕਾਰ ਦੇ ਮਦਾਂ ਦਾ ਹੋਰ ਰੂਪ ਸੱਚ-ਝੂਠ ਜਾਂ ਹਾਂ-ਨਹੀਂ ਹੈ। ਕਿਉਂਕਿ ਉੱਤਰ ਦੀ ਚੋਣ ਕੇਵਲ ਦੋ ਉੱਤਰਾਂ ਤੱਕ ਹੀ ਸੀਮਤ ਰੱਖੀ ਗਈ ਹੈ। ਇਸ ਲਈ ਉੱਤਰਦਾਤਾ ਦੇ ਕੋਲ ਘੱਟ ਤੋਂ ਘੱਟ ਚੋਣ ਹੈ ਅਤੇ ਦੋਨਾਂ ਵਿੱਚੋਂ ਕਿਸੇ ਇੱਕ ਦੀ ਹੀ ਚੋਣ ਮਦਾਂ ਨੂੰ ਜ਼ਬਰੀ ਚੋਣ ਪ੍ਰਕਾਰ ਕਿਹਾ ਜਾਂਦਾ ਹੈ। ਤੱਥਾਤਮਕ, ਗਿਆਨ, ਸਮਝ, ਪ੍ਰਯੋਗ, ਕੁਸ਼ਲ ਅਤੇ ਸਮੱਸਿਆ ਸਮਾਧਾਨ ਯੋਗਤਾਵਾਂ ਦਾ ਟੈਸਟ ਇਸ ਪ੍ਰਕਾਰ ਦੇ ਟੈਸਟ ਮਦਾਂ ਰਾਹੀਂ ਕੀਤਾ ਜਾਂਦਾ ਹੈ ਅਤੇ ਇਹ ਨੌਜਵਾਨ ਵਿਦਿਆਰਥੀਆਂ ਲਈ ਬਹੁਤ ਉਪਯੋਗੀ ਪਾਇਆ ਜਾਂਦਾ ਹੈ। ਪਰ ਇਹ ਜ਼ਿਆਦਾ ਅਨੁਮਾਨ ਲਗਾਉਣ ਵਾਲੇ ਮਦ ਹੁੰਦੇ ਹਨ ਅਤੇ ਜਲਦੀ, ਭਰੋਸੇਯੋਗ ਅਤੇ ਸੰਖੇਪ ਢੰਗ ਨਾਲ ਇਨ੍ਹਾਂ ਨੂੰ ਚੈੱਕ ਕੀਤਾ ਜਾ ਸਕਦਾ ਹੈ।

ਸਮਾਜਿਕ ਗਿਆਨ ਦੀ ਕਿਤਾਬ ਦੇ ਪਾਠ 10 ਵਿੱਚੋਂ ਸਹੀ-ਗਲਤ ਮਦਾਂ ਦੀ ਰਚਨਾ ਕਰੋ।

ਉਪਰੋਕਤ 10 ਸਹੀ-ਗਲਤ ਮਦਾਂ ਦੀ ਰਚਨਾ ਕਰਨ ਦੀ ਗਤੀਵਿਧੀ ਨੂੰ ਪੂਰਾ ਕਰਨ ਤੋਂ ਬਾਅਦ ਨਿਮਨਲਿਖਤ ਮਾਪਦੰਡਾਂ ਦੇ ਆਧਾਰ 'ਤੇ ਮਦਾਂ ਦੀ ਜਾਂਚ ਕਰੋ।

ੳ. ਕੀ ਹਰੇਕ ਮਦ ਨੂੰ ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ ਪ੍ਰਗਟ ਕੀਤਾ ਗਿਆ ਹੈ ?

ਅ. ਕੀ ਤੁਸੀਂ ਪਾਠ ਪੁਸਤਕ ਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ ?

ੲ. ਕੀ ਵਿਸ਼ੇਸ਼ ਨਿਰਧਾਰਕ ਜਿਵੇਂ ਸਾਰੇ, ਕਈ, ਕੁਝ ਸਮਾਂ, ਪਹਿਲਾਂ ਅਤੇ ਖੁਦ ਦਾ ਉਪਯੋਗ ਕਥਨਾਂ ਵਿੱਚ ਸਹੀ ਕੀਤਾ ਗਿਆ ਹੈ ?

ਸ. ਕੀ ਤੁਸੀਂ ਅੰਸ਼ਿਕ ਰੂਪ ਨਾਲ ਸਹੀ ਅਤੇ ਅੰਸ਼ਿਕ ਰੂਪ ਨਾਲ ਗਲਤ ਕਥਨਾਂ ਨੂੰ ਲਿਆ ਹੈ ?

ਹ. ਕੀ ਕਥਨਾਂ ਵਿੱਚ ਦੋ ਨਾਕਰਾਤਮਕ ਸ਼ਬਦ ਹਨ ?

ਕ. ਕੀ ਲਗਪਗ ਬਰਾਬਰ ਮਾਤਰਾ ਵਿੱਚ ਸਹੀ ਅਤੇ ਗਲਤ ਮਦ ਹਨ ?

ਖ. ਕੀ ਹਰੇਕ ਮਦ ਸਪੱਸ਼ਟ ਰੂਪ ਨਾਲ ਸਹੀ ਜਾਂ ਗਲਤ ਹੈ ?

ਗ. ਕੀ ਸਾਰੇ ਮਦਾਂ ਦੀ ਲੰਬਾਈ ਲਗਪਗ ਬਰਾਬਰ ਹੈ ?

(1) ਕੀ ਵਿਦਿਆਰਥੀਆਂ ਨੂੰ ਦਿੱਤੇ ਗਏ ਨਿਰਦੇਸ਼ ਸਪੱਸ਼ਟ ਹਨ ?

ਸਹੀ-ਗਲਤੀ ਮਦਾਂ ਦੀ ਰਚਨਾ ਕਰਦੇ ਸਮੇਂ ੳ), ਖ), ਗ) ਵਿੱਚ ਦਿੱਤੇ ਗਏ ਮਾਪਦੰਡਾਂ ਨੂੰ ਤੁਹਾਨੂੰ ਸੁਨਿਸ਼ਚਤ ਕਰਨਾ ਚਾਹੀਦਾ ਹੈ ਅਤੇ ਅ), ੲ), ਸ), ਹ) ਵਿੱਚ ਵਰਣਨ ਕੀਤੇ ਨਾਕਾਰਾਤਮਕ ਮਾਪਦੰਡਾਂ ਤੋਂ ਬਚਣਾ ਚਾਹੀਦਾ ਹੈ।

(ਸ) ਬਹੁ ਵਿਕਲਪੀ ਮਦ

ਨਿਮਨਲਿਖਤ ਮਦਾਂ 'ਤੇ ਧਿਆਨ ਦਿਓ।

ਨਿਮਨਲਿਖਤ ਵਿੱਚੋਂ ਕਿਹੜੀ ਇੱਕ ਪੂਰਨ ਸੰਖਿਆ ਹੈ।

ੳ. 2

ਅ. 4

ੲ. 6

ਸ. 10

ਹੁਣ ਨਿਮਨਲਿਖਤ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਕੋਸ਼ਿਸ਼ ਕਰੋ।

- ਕਿਸ ਸੰਦਰਭ ਵਿੱਚ ਇਹ ਸਹੀ-ਗਲਤ ਤੋਂ ਅਲੱਗ ਹੈ ?
- ਕੀ ਇਹ ਸਹੀ-ਗਲਤ ਮਦ ਤੋਂ ਬਿਹਤਰ ਮਦ ਹੈ ? ਕਿਉਂ ?
- ਕੀ ਤੁਸੀਂ ਇਸ ਪ੍ਰਕਾਰ ਦੇ ਮਦਾਂ ਦੀ ਵਰਤੋਂ ਆਪਣੀ ਕਲਾਸ ਵਿੱਚ ਵਿਦਿਆਰਥੀਆਂ ਦੀ ਸਿਖਲਾਈ ਪ੍ਰਗਤੀ ਦੀ ਜਾਂਚ ਲਈ ਕੀਤੀ ਹੈ ?

ਇਹ ਮਦ ਬਹੁ ਵਿਕਲਪੀ ਮਦ ਹੈ ਅਤੇ ਤੁਸੀਂ ਪਾਠ ਪੁਸਤਕ ਵਿੱਚ ਇਸ ਪ੍ਰਕਾਰ ਦੀ ਮਦ ਨੂੰ ਦੇਖਿਆ ਹੋਏਗਾ। ਇਸ ਦੇ ਮਦਾਂ ਵਿੱਚ ਨਿਮਨਲਿਖਤ ਸ਼ਾਮਲ ਹੁੰਦਾ ਹੈ।

– ਇਸ ਵਿੱਚ ਇੱਕ ਸਮੱਸਿਆ ਹੁੰਦੀ ਹੈ (ਜਿਸ ਨੂੰ ਸਤੰਭ ਕਿਹਾ ਜਾਂਦਾ ਹੈ) ਅਤੇ ਸੰਭਾਵਿਤ ਉੱਤਰਾਂ ਦੀ ਇੱਕ ਸੂਚੀ (ਜਿਸ ਨੂੰ ਵਿਕਲਪ, ਇਛੁੱਕ ਜਾਂ ਚੋਣ ਕਿਹਾ ਜਾਂਦਾ ਹੈ)। ਸਹੀ ਵਿਕਲਪ 'ਉੱਤਰ' ਹੈ ਅਤੇ ਬਾਕੀ ਵਿਕਲਪਾਂ ਨੂੰ 'ਧਿਆਨ ਭੰਗ ਕਰਨ ਵਾਲੇ' ਕਿਹਾ ਜਾਂਦਾ ਹੈ।

– ਸਮੱਸਿਆ ਨੂੰ ਸਿੱਧੇ ਪ੍ਰਸ਼ਨ ਦੇ ਰੂਪ ਵਿੱਚ ਸੰਪੂਰਨ ਜਾਂ ਅਪੂਰਨ ਕਥਨ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ।

ਹਰੇਕ ਦਾ ਉਦਾਹਰਨ ਹੇਠ ਦਿੱਤਾ ਗਿਆ ਹੈ।

| ਪ੍ਰਤੱਖ ਪ੍ਰਸ਼ਨ ਰੂਪ | ਪੂਰਾ ਕਥਨ ਰੂਪ | ਅਧੂਰਾ ਕਥਨ ਰੂਪ |
|---|---|---|
| ਕਿਸ ਸਨ ਵਿੱਚ ਭਾਰਤ ਆਜ਼ਾਦ ਹੋਇਆ ?<br>ੳ. 1857<br>ਅ. 1919<br>ੲ. 1947<br>ਸ. 1950 | ਉਸ ਸਾਲ ਦਾ ਨਾਂ ਦੱਸੋ ਜਦੋਂ ਭਾਰਤ ਆਜ਼ਾਦ ਹੋਇਆ<br>ੳ. 1857<br>ਅ. 1919<br>ੲ. 1947<br>ਸ. 1950 | ਭਾਰਤ ਆਜ਼ਾਦ ਹੋਇਆ ਸਾਲ———ਵਿੱਚ<br>ੳ. 1857<br>ਅ. 1919<br>ੲ. 1947<br>ਸ. 1950 |

ਉਪਰੋਕਤ ਉਦਾਹਰਨ ਵਿੱਚ 1947 ਸਹੀ ਉੱਤਰ ਹੈ ਜਦੋਂ ਕਿ 1857, 1919 ਅਤੇ 1950 ਧਿਆਨ ਭੰਗ ਕਰਨ ਵਾਲੇ ਹਨ।

ਇੱਕ ਸਹੀ ਉੱਤਰ ਰੱਖਣ ਦੀ ਬਜਾਏ ਤੁਸੀਂ ਇੱਕ ਚੰਗੇ ਬਹੁਵਿਕਲਪੀ ਮਦ ਟੈਸਟ ਦੀ ਵਰਤੋਂ ਕਰੋ।

ਨਿਮਨਲਿਖਤ ਉਦਾਹਰਨ ਤੁਹਾਨੂੰ ਇਸ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦੀ ਹੈ।

ਇੱਕ ਰਾਜ ਦੀ ਰਾਜਧਾਨੀ ਦੀ ਚੋਣ ਕਰਦੇ ਸਮੇਂ ਨਿਮਨ ਵਿੱਚੋਂ ਕਿਸੇ ਕਾਰਕ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ੳ. ਜਨਸੰਖਿਆ

ਅ. ਬਾਜ਼ਾਰ ਦੀ ਉਪਲੱਬਧਤਾ

ੲ. ਜਲਵਾਯੂ

ਸ. ਜਗ੍ਹਾ ਦੀ ਸਥਿਤੀ

ਧਿਆਨ ਦਿਓ ਕਿ ਉਪਰੋਕਤ ਵਿਕਲਪ ਸਹੀ ਹੈ। ਪਰ ਵਿਕਲਪ ਸ ਸਭ ਤੋਂ ਜ਼ਿਆਦਾ ਢੁਕਵਾਂ ਉੱਤਰ ਲੱਗਦਾ ਹੈ। ਇੱਕ ਸਰਗਰਮ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਜਾਣਨ ਦੀ ਲੋੜ ਹੈ ਕਿ ਕਿਸ ਪ੍ਰਕਾਰ ਬਹੁਵਿਕਲਪੀ ਪ੍ਰਕਾਰ ਦੇ ਮਦ ਤਿਆਰ ਕਰਨੇ ਹਨ।

ਇੱਥੇ ਕੁਝ ਸੁਝਾਅ ਤੁਹਾਡੇ ਲਈ ਦਿੱਤੇ ਜਾ ਰਹੇ ਹਨ।

*ਸਤੰਭ ਅਰਥਪੂਰਨ ਹੋਣਾ ਚਾਹੀਦਾ ਹੈ ਅਤੇ ਇੱਕ ਨਿਸ਼ਚਤ ਸਮੱਸਿਆ ਪੇਸ਼ ਕਰਦਾ ਹੋਵੇ।*

ਨਿਮਨਲਿਖਤ ਸਾਰਣੀ ਵਿੱਚ ਦੋ ਉਦਾਹਰਨਾਂ ਦਿੱਤੀਆਂ ਹਨ, ਉਨ੍ਹਾਂ ਦੀ ਤੁਲਨਾ ਕਰੋ।

| ਉਦਾਹਰਨ-1 | ਉਦਾਹਰਨ-2 |
|---|---|
| ਦਿੱਲੀ<br>ੳ. ਗੰਗਾ ਨਦੀ ਦੇ ਕਿਨਾਰੇ ਸਥਿਤ ਹੈ।<br>ਅ. ਭਾਰਤ ਦੀ ਰਾਜਧਾਨੀ ਹੈ।<br>ੲ. ਕੁਤਬਮੀਨਾਰ ਲਈ ਪ੍ਰਸਿੱਧ ਹੈ।<br>ਸ. ਬਹੁਭਾਸ਼ੀ ਸੰਸਕ੍ਰਿਤੀ ਹੈ। | ਭਾਰਤ ਦੀ ਰਾਜਧਾਨੀ ਹੈ<br>ੳ. ਮੁੰਬਈ<br>ਅ. ਚੇਨਈ<br>ੲ. ਚੰਡੀਗੜ੍ਹ<br>ਸ. ਦਿੱਲੀ |

ਤੁਸੀਂ ਦੋਨੋਂ ਉਦਾਹਰਨਾਂ ਵਿੱਚ ਕੀ ਦੇਖਦੇ ਹੋ ? ਕਿਹੜੀ ਉਦਾਹਰਨ ਬਿਹਤਰ ਮਦ ਹੈ ਅਤੇ ਕਿਉਂ ?

ਉਦਾਹਰਨ 1 ਵਿੱਚ ਸਤੰਭ ਉੱਤਰ ਦੀ ਲੋੜ ਨੂੰ ਸਪੱਸ਼ਟ ਨਹੀਂ ਕਰਦਾ ਹੈ ਅਤੇ ਜਦੋਂ ਸਾਰੇ ਵਿਕਲਪਾਂ ਨੂੰ ਨਹੀਂ ਪੜ੍ਹ ਲੈਂਦੇ ਸਾਨੂੰ ਪਤਾ ਨਹੀਂ ਲੱਗਦਾ ਕਿ ਪ੍ਰਸ਼ਨ ਕੀ ਪੇਸ਼ ਕਰਦਾ ਹੈ ? ਸਮੱਸਿਆ ਦਾ ਸਾਰ ਸਤੰਭ ਵਿੱਚ ਸਪੱਸ਼ਟ ਨਹੀਂ ਹੈ।

ਅ. ਵਿਕਲਪ ਭਰੋਸੇਯੋਗ ਹੋਣਾ ਚਾਹੀਦਾ ਹੈ ਅਤੇ ਮਦ ਦੇ ਸਤੰਭ ਵਿੱਚ ਪੇਸ਼ ਸਮੱਸਿਆ ਨਾਲ ਕਿਸੇ ਤਰ੍ਹਾਂ ਨਾਲ ਸਬੰਧਿਤ ਹੋਣਾ ਚਾਹੀਦਾ ਹੈ।

ਹੇਠ ਦਿੱਤੀਆਂ ਦੋ ਉਦਾਹਰਨਾਂ ਦੀ ਤੁਲਨਾ ਕਰੋ।

| ਬੇਕਾਰ ਮਦ | ਬਿਹਤਰ ਮਦ |
|---|---|
| ਹੇਠ ਲਿਖੇ ਵਿਗਿਆਨਕਾਂ ਵਿੱਚੋਂ ਕਿਸਨੇ ਰੇਡਿਓ ਦੀ | ਹੇਠ ਲਿਖੇ ਵਿਗਿਆਨਕਾਂ ਵਿੱਚੋਂ ਕਿਸਨੇ ਰੇਡਿਓ ਦੀ |
| ਖੋਜ ਕੀਤੀ ?<br>ੳ. ਮਾਰਕੋਨੀ<br>ਅ. ਈਸਾਕ ਨਿਊਟਨ<br>ੲ. ਬੇਲ<br>ਸ. ਪਾਸ਼ਚਰ | ਖੋਜ ਕੀਤੀ ?<br>ੳ. ਮਾਰਕੋਨੀ<br>ਅ. ਬੇਲ<br>ੲ. ਸੈਮੂਅਲ<br>ਸ. ਐਡੀਸਨ |

ਖੱਬੀ ਤਰਫ਼ ਦੇ ਮਦ ਬੇਕਾਰ ਕਿਉਂ ਹਨ ? ਕੀ ਤੁਸੀਂ ਦੋਨੋਂ ਮਦਾਂ ਦੇ ਵਿਕਲਪਾਂ ਦੀ ਗੁਣਵੱਤਾ ਦਾ ਪ੍ਰੇਖਣ ਕੀਤਾ ਹੈ ? ਖੱਬੇ ਪਾਸੇ ਚਾਰ ਵਿਕਲਪ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਪਾਸ਼ਚਰ ਇੱਕ ਵਿਗਿਆਨਿਕ ਹੈ ਜੋ ਮੈਡੀਕਲ ਦੇ ਖੇਤਰ ਨਾਲ ਜੁੜਿਆ ਹੋਇਆ ਹੈ। ਨਿਊਟਨ ਵੀ ਸੰਚਾਰ ਨਾਲ ਸਬੰਧਿਤ ਨਹੀਂ ਹੈ। ਜਦੋਂਕਿ ਬਾਕੀ ਦੋ ਵਿਕਲਪ ਧਿਆਨ ਭੰਗ ਕਰਨ ਵਾਲੇ ਦੇ ਰੂਪ ਵਿੱਚ ਕਾਰਜ ਨਹੀਂ ਕਰ ਰਹੇ ਹਨ ਤਾਂ ਦੋਨੋਂ ਵਿਕਲਪਾਂ ਵਿੱਚੋਂ ਇੱਕ ਸਹੀ ਉੱਤਰ ਦੀ ਚੋਣ ਕਰਨ ਦੀ ਸੰਭਾਵਨਾ ਜ਼ਿਆਦਾ ਹੈ ਜੋ ਵਿਦਿਆਰਥੀ ਸਹੀ ਉੱਤਰ ਨਹੀਂ ਜਾਣਦਾ ਹੈ, ਉਹ ਅਨੁਮਾਨ ਲਗਾ ਕੇ ਸਹੀ ਉੱਤਰ ਦੀ ਚੋਣ ਕਰਕੇ ਅੰਕ ਹਾਸਲ ਕਰ ਸਕਦਾ ਹੈ। ਇਸ ਲਈ ਬਹੁਵਿਕਲਪੀ ਮਦ ਵਿੱਚ ਹਰੇਕ ਵਿਕਲਪ ਵਿਦਿਆਰਥੀ ਨੂੰ ਸਹੀ ਉੱਤਰ ਲੱਗੇ ਜੋ ਕਿ ਸਹੀ ਉੱਤਰ ਦੀ ਚੋਣ ਕਰਨ ਲਈ ਉਚਿੱਤ ਵਿਕਲਪ ਨਹੀਂ ਹੈ।

ੲ. ਇੱਕ ਮਦ ਵਿੱਚ ਕੇਵਲ ਇੱਕ ਹੀ ਸਹੀ ਉੱਤਰ ਹੋਣਾ ਚਾਹੀਦਾ ਹੈ ਜਾਂ ਸਪੱਸ਼ਟ ਰੂਪ ਨਾਲ ਸਭ ਤੋਂ ਚੰਗਾ ਉੱਤਰ ਹੋਵੇ।

ਸ. ਵਿਦਿਆਰਥੀਆਂ ਨੂੰ ਅਪ੍ਰਸੰਗਿਕ ਸੰਕੇਤ ਦੇਣ ਤੋਂ ਬਚੋ। ਇਹ ਵਿਦਿਆਰਥੀਆਂ ਨੂੰ ਸਹੀ ਉੱਤਰ ਦੀ ਚੋਣ ਕਰਨ ਵਿੱਚ ਸਹਾਇਤਾ ਕਰੇਗਾ, ਚਾਹੇ ਵਿਦਿਆਰਥੀ ਨੂੰ ਸਹੀ ਉੱਤਰ ਪਤਾ ਹੋਵੇ ਜਾਂ ਨਾ ਹੋਵੇ। ਸੰਕੇਤ ਵਿਦਿਆਰਥੀ ਨੂੰ ਸਹੀ ਉੱਤਰ ਦੀ ਪਛਾਣ ਕਰਨ ਦੇ ਯੋਗ ਬਣਾਏਗਾ। ਨਿਮਨਲਿਖਤ ਉਦਾਹਰਨਾਂ 'ਤੇ ਧਿਆਨ ਦਿਓ।

| ਬੇਕਾਰ ਮਦ | ਬਿਤਹਰ ਮਦ |
|---|---|
| ਵਿਪਿਨ ਸਕੂਲ ਦੇ ਸਹੀ ਸਮੇਂ ਸਵੇਰੇ 10 ਵਜੇ ਦੀ ਬਜਾਏ 11 ਵਜੇ ਪਹੁੰਚਿਆ, ਉਹ ਕਿੰਨੀ ਦੇਰ ਨਾਲ ਪਹੁੰਚਿਆ। | ਵਿਪਿਨ ਸਕੂਲ ਦੇ ਸਹੀ ਸਮੇਂ ਸਵੇਰੇ 10 ਵਜੇ ਦੀ ਬਜਾਏ 11 ਵਜੇ ਪਹੁੰਚਿਆ।ਉਹ ਕਿੰਨੀ ਦੇਰ ਨਾਲ ਪਹੁੰਚਿਆ |
| ੳ. 30 ਮਿੰਟ | ੳ. 30 ਮਿੰਟ |
| ਅ. ਭਾਰਤ ਦੀ ਰਾਜਧਾਨੀ ਹੈ। | ਅ. ਇੱਕ ਘੰਟਾ |
| ੲ. 45 ਮਿੰਟ | ੲ. 45 ਮਿੰਟ |
| ਸ. ਦੋ ਘੰਟੇ | ਸ. ਦੋ ਘੰਟੇ |

ਪ੍ਰੇਖਣ ਕਰੋ ਖੱਬੀ ਤਰਫ਼ ਦਿੱਤੇ ਮਦ ਦੇ ਸਤੰਭ ਵਿੱਚ ਇੱਕ ਸੰਕੇਤ ਹੈ, ਇਹ ਸੰਕੇਤ ਇੱਕ ਹੈ ਜੋ ਸਹੀ ਉੱਤਰ ਦੀ ਚੋਣ ਕਰਨ ਵਿੱਚ ਸਹਾਇਕ ਹੈ, ਮਤਲਬ ਘੰਟਾ, ਪਰ ਬਿਹਤਰ ਪਦ ਵਿੱਚ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ।

ਹ. 'ਮੈਂ ਨਹੀਂ ਜਾਣਦਾ' ਵਿਕਲਪ ਉਪਲੱਬਧ ਕਰਾਉਣ 'ਤੇ ਵਿਚਾਰ ਕਰੋ। ਇਸ ਪ੍ਰਕਾਰ ਦੇ ਮਦ ਅਧਿਆਪਕ ਲਈ, ਨਿਰਦੇਸ਼ਾਤਮਕ ਪ੍ਰਕਿਰਿਆ ਦੇ ਦੌਰਾਨ ਵਿਦਿਆਰਥੀਆਂ ਨੂੰ ਚਿੰਤਨ ਕਰਨ ਦੇ ਯੋਗ ਬਣਾਉਣ ਲਈ ਉਪਯੋਗੀ ਹਨ।

ਕ. ਓਵਰਲੈਪ ਵਿਕਲਪ ਦੇਣ ਤੋਂ ਬਚੋ, ਇਸ ਨਾਲ ਵਿਦਿਆਰਥੀ ਸਹੀ ਉੱਤਰ ਦੀ ਚੋਣ ਕਰਦੇ ਸਮੇਂ ਦੁਵਿਧਾ ਵਿੱਚ ਪੈ ਸਕਦਾ ਹੈ।

ਨਿਮਨਲਿਖਤ ਮਦਾਂ 'ਤੇ ਵਿਚਾਰ ਕਰੋ।

ਜੁਲਾਈ ਦੇ ਮਹੀਨੇ ਵਿੱਚ ਭਾਰਤ ਵਿੱਚ ਔਸਤ ਵਰਖਾ ਹੁੰਦੀ ਹੈ।

ੳ. 120 ਮਿਲੀਮੀਟਰ ਤੋਂ ਘੱਟ

ਅ. 140 ਮਿਲੀਮੀਟਰ ਤੋਂ ਘੱਟ

ੲ. 140 ਮਿਲੀਮੀਟਰ ਅਤੇ 150 ਮਿਲੀਮੀਟਰ ਦੇ ਵਿਚਕਾਰ

ਸ. 150 ਮਿਲੀਮੀਟਰ ਤੋਂ ਜ਼ਿਆਦਾ

ਹ. 155 ਮਿਲੀਮੀਟਰ ਤੋਂ ਜ਼ਿਆਦਾ

ਜੇਕਰ 'ੳ' ਸਹੀ ਹੈ, ਤਾਂ 'ਅ' ਵੀ ਸਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਜੇਕਰ 'ਹ' ਸਹੀ ਹੈ, ਤਾਂ 'ਸ' ਵੀ ਸਹੀ ਹੋਣਾ ਚਾਹੀਦਾ ਹੈ। ਬਹੁ ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦਾ ਨਿਰਮਾਣ ਕਰਨ ਸਮੇਂ ਅਜਿਹੀ ਉਲਝਣ ਤੋਂ ਬਚਣਾ ਚਾਹੀਦਾ ਹੈ।

ਗਤੀਵਿਧੀ-4

ਗਣਿਤ ਦੇ ਕਿਸੇ ਪਾਠ ਤੋਂ 5 ਬਹੁਵਿਕਲਪੀ ਮਦਾਂ ਦੀ ਰਚਨਾ ਕਰੋ, ਹਰੇਕ ਮਦ ਵਿੱਚ 4 ਜਾਂ 5 ਵਿਕਲਪ ਹੋਣੇ ਚਾਹੀਦੇ ਹਨ।

ਬਹੁਵਿਕਲਪੀ ਮਦ ਬਣਾਉਣ ਤੋਂ ਬਾਅਦ ਹੇਠ ਦਿੱਤੀ ਗਈ ਸੂਚੀ ਤੋਂ ਹਰੇਕ ਮਦ ਦੀ ਜਾਂਚ ਅਲੱਗ ਅਲੱਗ ਕਰੋ।

ਤੁਹਾਨੂੰ ਪਤਾ ਹੋਏਗਾ ਕਿ ਮਦ ਬਿਹਤਰ ਹੈ ਜਾਂ ਨਹੀਂ।

ਤਸਦੀਕ ਲਈ ਸੂਚੀ

1. ਕੀ ਮਦ ਨੂੰ ਸਪੱਸ਼ਟ ਰੂਪ ਨਾਲ ਪੇਸ਼ ਕੀਤਾ ਗਿਆ ਹੈ? ਹਾਂ/ਨਹੀਂ

2. ਕੀ ਸਤੰਭ ਵਿੱਚ ਮੁੱਖ ਸਮੱਸਿਆ ਹੈ? ਹਾਂ/ਨਹੀਂ

3. ਕੀ ਸਤੰਭ ਅਪ੍ਰਸੰਗਿਕ ਤੱਤਾਂ ਤੋਂ ਮੁਕਤ ਹੈ? ਹਾਂ/ਨਹੀਂ

4. ਕੀ ਵਿਕਲਪ ਵਿਆਕਰਨ ਦੇ ਰੂਪ ਵਿੱਚ ਸਤੰਭ ਦੇ ਅਨੁਰੂਪ ਹੈ? ਹਾਂ/ਨਹੀਂ

5. ਕੀ ਵਿਕਲਪ ਸੰਖੇਪ ਅਤੇ ਗੈਰ ਜ਼ਰੂਰੀ ਸ਼ਬਦਾਂ ਤੋਂ ਮੁਕਤ ਹੈ? ਹਾਂ/ਨਹੀਂ

6. ਕੀ ਕੇਵਲ ਇੱਕ ਹੀ ਸਹੀ ਉੱਤਰ ਹੈ ਜਾਂ ਸਪੱਸ਼ਟ ਰੂਪ ਨਾਲ ਸਭ ਤੋਂ ਬਿਹਤਰ ਹੈ? ਹਾਂ/ਨਹੀਂ

7. ਕੀ ਮਦ ਉੱਤਰ ਦੇ ਸੰਕੇਤ ਤੋਂ ਮੁਕਤ ਹੈ? ਹਾਂ/ਨਹੀਂ

8. ਕੀ ਸੰਖਿਆਤਮਕ ਵਿਕਲਪ ਸੰਖਿਆਤਮਕ ਕ੍ਰਮ ਨਾਲ ਹੈ ? ਹਾਂ/ਨਹੀਂ

9. ਕੀ ਵਿਕਲਪ ਸਮਾਨ ਹੈ ? ਹਾਂ/ਨਹੀਂ

ਤੁਸੀਂ ਆਪਣੀ ਜਾਂਚ ਦੇ ਆਧਾਰ 'ਤੇ ਇਨ੍ਹਾਂ ਮਦਾਂ ਦੇ ਗੁਣਵੱਤਾ ਦੇ ਪੱਧਰ ਨੂੰ ਸੁਧਾਰ ਸਕਦੇ ਹੋ।

(ਹ) ਮਿਲਾਉਣ ਵਾਲੇ ਮਦ

ਮਿਲਾਉਣ ਵਾਲਾ ਮਦ ਆਮ ਤੌਰ 'ਤੇ ਬਹੁ ਵਿਕਲਪੀ ਪਦ ਟੈਸਟ ਹੁੰਦਾ ਹੈ ਜਿਸ ਵਿੱਚ ਉੱਤਰਦਾਤਾ ਇੱਕ ਮਦ ਤੋਂ ਦੂਜੇ ਸਤੰਭ ਵਿੱਚ ਦਿੱਤੇ ਗਏ ਕਈ ਵਿਕਲਪਾਂ ਵਿੱਚੋਂ ਇੱਕ ਵਿਕਲਪ ਨਾਲ ਜੋੜਦਾ ਹੈ। ਇਸ ਪ੍ਰਕਾਰ ਦੇ ਟੈਸਟ ਦੀ ਰਚਨਾ ਕਰਨੀ ਅਤੇ ਅੰਕਣ ਕਰਨਾ ਆਸਾਨ ਹੈ। ਜਦੋਂ ਸਿਖਲਾਈ ਨਤੀਜੇ ਦੋ ਵਸਤੂਆਂ ਦੇ ਵਿਚਕਾਰ ਦੇ ਸਬੰਧ ਨੂੰ ਪਛਾਣਨ ਦੀ ਯੋਗਤਾ 'ਤੇ ਜ਼ੋਰ ਦਿੰਦੇ ਹਨ ਤਾਂ ਇੱਕ ਮਿਲਾਉਣ ਵਾਲਾ ਮਦ ਅਭਿਆਸ ਸਭ ਤੋਂ ਜ਼ਿਆਦਾ ਉਚਿੱਤ ਲੱਗਦਾ ਹੈ।

ਗਤੀਵਿਧੀ -5

ਦੋ ਮਿਲਾਉਣ ਅਭਿਆਸ ਪਛਾਣੋ ਕਿਹੜਾ ਬਿਤਹਰ ਹੈ ? ਆਪਣੀ ਚੋਣ ਦਾ ਕਾਰਨ ਦੱਸਦੇ ਹੋਏ ਉੱਤਰ ਲਿਖੋ।

ਮਿਲਾਉਣ ਅਭਿਆਸ–1 ਸਤੰਭ–ੳ ਨੂੰ ਸਤੰਭ–ਅ ਨਾਲ ਮਿਲਾਓ।

| ਸਤੰਭ ੳ | ਸਤੰਭ ਅ |
|---|---|
| ਬਿਹਾਰ | ਸੂਰਜ ਮੰਦਿਰ |
| ਤਮਿਲਨਾਡੂ | ਪਟਨਾ |
| ਰਾਜਸਥਾਨ | ਪੋਂਗਲ ਤਿਓਹਾਰ |
| ਉੜੀਸਾ | ਥਾਰਮਾਰੂਥਲ |

ਮਿਲਾਉਣ ਅਭਿਆਸ–2 ਸਤੰਭ–ੳ ਵਿੱਚ ਰਾਜਾਂ ਦੇ ਨਾਂ ਅਤੇ ਸਤੰਭ–ਅ ਵਿੱਚ ਰਾਜਧਾਨੀ ਸ਼ਹਿਰਾਂ ਦੇ ਨਾਂ ਹਨ। ਸਤੰਭ ੳ ਦੇ ਰਾਜਾਂ ਨੂੰ ਸਤੰਭ ਅ ਦੇ ਉਨ੍ਹਾਂ ਦੇ ਰਾਜਧਾਨੀ ਦੇ ਸ਼ਹਿਰ ਨਾਲ ਮਿਲਾਓ।

| ਸਤੰਭ ੳ | ਸਤੰਭ ਅ |
|---|---|
| ਬਿਹਾਰ | ਭੁਵਨੇਸ਼ਵਰ |
| ਉੜੀਸਾ | ਚੇਨਈ |
| ਰਾਜਸਥਾਨ | ਈਟਾਨਗਰ |
| ਤਮਿਲਨਾਡੂ | ਜੈਪੁਰ |
| | ਪਟਨਾ |

ਨਿਸ਼ਚਤ ਰੂਪ ਨਾਲ ਤੁਸੀਂ ਨਿਮਨਲਿਖਤ ਕਾਰਨਾਂ ਨਾਲ ਅਭਿਆਸ-2 ਨੂੰ ਬਿਹਤਰ ਦੱਸੋਗੇ ਕਿਉਂਕਿ ਇਸ ਵਿੱਚ ਦਿੱਤੇ ਗਏ ਨਿਰਦੇਸ਼ ਸਪੱਸ਼ਟ ਅਤੇ ਸੰਪੂਰਨ ਹਨ। ਇਹ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਸਮੱਸਿਆ ਦੇ ਢੁਕਵੇਂ ਵਿਕਲਪਾਂ ਅਤੇ ਮਦਾਂ (ਦੋਨੋਂ ਸਤੰਭਾਂ ਵਿੱਚ) ਦੀ ਵਰਤੋਂ ਕਰਕੇ ਪ੍ਰਸ਼ਨ ਨੂੰ ਹੱਲ ਕਰਨ ਦੇ ਯੋਗ ਬਣਾਉਂਦਾ ਹੈ। ਅਭਿਆਸ ਵਿੱਚ ਸਤੰਭ ੳ ਵਿੱਚ ਭਾਰਤ ਦੇ ਚਾਰ ਰਾਜਾਂ ਦੇ ਨਾਂ ਹਨ ਅਤੇ ਸਤੰਭ ਅ ਵਿੱਚ ਰਾਜਾਂ ਦੀ ਰਾਜਧਾਨੀ ਦੇ ਨਾਂ ਹਨ। ਤੁਸੀਂ ਆਸਾਨੀ ਨਾਲ ਇਹ ਪ੍ਰੇਖਣ ਕਰ ਸਕਦੇ ਹੋ ਕਿ ਅਭਿਆਸ-1 ਦੇ ਸਤੰਭ ੳ ਵਿੱਚ ਸਮਾਨ ਪਦ ਹਨ, ਪਰ ਸਤੰਭ-ਅ ਵਿੱਚ ਸਮਾਨ ਪਦ ਨਹੀਂ ਹਨ ਜਿਸ ਨਾਲ ਇਹ ਇੱਕ ਬੇਕਾਰ ਮਦ ਹੈ। ਇਸੀ ਪ੍ਰਕਾਰ ਦੇ ਅਭਿਆਸ ਤੁਸੀਂ ਕਿਸੇ ਵੀ ਵਿਸ਼ੇ ਦੇ ਖੇਤਰ ਵਿੱਚ ਕਰ ਸਕਦੇ ਹੋ ਜਿਵੇਂ ਸ਼ਬਦ ਅਤੇ ਉਸਦੇ ਵਿਪਰੀਤ ਸ਼ਬਦ, ਕਿਰਿਆ ਅਤੇ ਉਸਦੇ ਭੂਤਕਾਲ ਰੂਪ, ਗਣਿਤੀ ਮਦ ਅਤੇ ਉਸਦੇ ਸੂਤਰ, ਦੇਸ਼ ਅਤੇ ਉਨ੍ਹਾਂ ਦੀ ਮੁਦਰਾ ਆਦਿ। ਇਸ ਪ੍ਰਕਾਰ ਇੱਕ ਅਭਿਆਸ ਨੂੰ ਉਪਲੱਬਧੀ ਮਾਪਣ ਦੀ ਇੱਕ ਸੁਚਾਰੂ ਵਿਧੀ ਬਣਾਉਣਾ ਚਾਹੁੰਦੇ ਹੋ ਤਾਂ ਨਿਮਨਲਿਖਤ ਦਾ ਹੋਣਾ ਜ਼ਰੂਰੀ ਹੈ:

- ਸਮਾਨ ਵਿਕਲਪ
- ਵਿਕਲਪਾਂ ਅਤੇ ਮਦਾਂ ਨੂੰ ਉਨ੍ਹਾਂ ਦੇ ਸਤੰਭਾਂ ਵਿੱਚ ਵਰਣਮਾਲਾ ਕ੍ਰਮ ਵਿੱਚ ਵਿਵਸਥਿਤ ਕਰਨਾ।
- ਦੋਨੋਂ ਸਤੰਭਾਂ ਵਿੱਚ ਅਸਮਾਨ ਸੰਖਿਆ ਵਿੱਚ ਮਦ ਰੱਖਣਾ ਤਾਂ ਕਿ ਵਿਦਿਆਰਥੀ ਆਸਾਨੀ ਨਾਲ ਉੱਤਰ ਦਾ ਅਨੁਮਾਨ ਨਾ ਲਗਾ ਸਕਣ।
- ਵਿਕਲਪਾਂ ਨੂੰ ਇੱਕ ਹੀ ਪੇਜ 'ਤੇ ਰੱਖੋ ਜਿਸ ਨਾਲ ਵਿਦਿਆਰਥੀਆਂ ਨੂੰ ਬਿਨਾਂ ਕਠਿਨਾਈ ਨਾਲ ਉੱਤਰ ਲੱਭਣ ਵਿੱਚ ਸਹਾਇਤਾ ਮਿਲੇ।
- ਬਿਹਤਰ ਮਿਲਾਉਣ ਵਾਲੇ ਮਦ ਬਣਾਉਣ ਲਈ ਤੁਸੀਂ ਹੋਰ ਜ਼ਿਆਦਾ ਬਿੰਦੂ ਜੋੜ ਸਕਦੇ ਹੋ।

15.3.4 ਖੁੱਲ੍ਹੇ ਅੰਤ ਵਾਲੇ ਮਦ

ਤੁਸੀਂ ਪਹਿਲਾਂ ਹੀ ਵਿਭਿੰਨ ਛੋਟੇ ਉੱਤਰ ਪ੍ਰਕਾਰ ਦੇ ਮਦ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕਰ ਚੁੱਕੇ ਹੋ। ਤੁਸੀਂ ਇਹ ਵੀ ਜਾਣਦੇ ਹੋ ਕਿ ਇਸ ਪ੍ਰਕਾਰ ਦੇ ਮਦਾਂ ਦੀ ਰਚਨਾ ਕਰਨ ਦੀ ਵਿਧੀ ਕੀ ਹੈ। ਤੁਸੀਂ ਜਾਣਦੇ ਹੋ ਕਿ ਛੋਟੇ ਉੱਤਰ ਵਾਲੇ ਮਦਾਂ ਦਾ ਇੱਕ ਵਿਲੱਖਣ ਅਤੇ ਨਿਸ਼ਚਤ ਉੱਤਰ ਹੁੰਦਾ ਹੈ। ਪਰ ਕੀ ਤੁਸੀਂ ਛੋਟੇ ਉੱਤਰਾਂ ਵਾਲੇ ਮਦਾਂ ਰਾਹੀਂ ਵਿਦਿਆਰਥੀਆਂ ਦੀ ਵਿਚਾਰ ਸ਼ਕਤੀ ਅਤੇ ਸਿਖਲਾਈ ਵਿੱਚ ਉਸਦੀ ਰੁਚੀ ਦਾ ਮਾਪਣ ਇੱਕ ਛੋਟੇ ਉੱਤਰ ਵਾਲੇ ਮਦ ਦੀ ਸਹਾਇਤਾ ਨਾਲ ਕਰ ਸਕਦੇ ਹੋ ?

ਇਹ ਅਸੰਭਵ ਤਾਂ ਨਹੀਂ ਹੈ, ਪਰ ਕਠਿਨ ਜ਼ਰੂਰ ਹੈ। ਨਿਮਨਲਿਖਤ ਦੋ ਪੱਖਾਂ 'ਤੇ ਧਿਆਨ ਦਿਓ।

ਮਦ ਸੰਖਿਆ -1 ਇੱਕ ਵਸਤੂ ਦੀ ਕੀਮਤ 500 ਰੁਪਏ ਹੈ ਅਤੇ ਇਸ ਨੂੰ 600 ਰੁਪਏ ਵਿੱਚ ਵੇਚਿਆ। ਲਾਭ ਪਤਾ ਕਰੋ।

ਮਦ ਸੰਖਿਆ-2 ਇੱਕ ਵਸਤੂ ਨੂੰ 100 ਰੁਪਏ ਦੇ ਲਾਭ 'ਤੇ ਵੇਚਿਆ ਗਿਆ, ਕੀ ਤੁਸੀਂ ਅਸਲੀ ਕੀਮਤ ਅਤੇ ਵੇਚ ਕੀਮਤ ਪਤਾ ਕਰ ਸਕਦੇ ਹੋ।

ਮਦ ਸੰਖਿਆ 1 ਇੱਕ ਛੋਟੇ ਉੱਤਰ ਵਾਲੇ ਪ੍ਰਕਾਰ ਦਾ ਮਦ ਹੈ ਜਿਸ ਦਾ ਇੱਕ ਨਿਸ਼ਚਤ ਉੱਤਰ (ਇੱਥੇ 100 ਰੁਪਏ) ਹੈ, ਪਰ ਮਦ ਸੰਖਿਆ 2 ਦਾ ਕੋਈ ਨਿਸ਼ਚਤ ਉੱਤਰ ਨਹੀਂ ਹੈ। ਇੱਕ ਵਿਦਿਆਰਥੀ ਕਹਿ ਸਕਦਾ ਹੈ ਕਿ ਅਸਲ ਕੀਮਤ 400 ਰੁਪਏ ਅਤੇ ਵੇਚ ਕੀਮਤ 500 ਰੁਪਏ ਅਤੇ ਉੱਥੇ ਦੂਜਾ ਵਿਦਿਆਰਥੀ ਕਹਿ ਸਕਦਾ ਹੈ ਕਿ ਅਸਲੀ ਕੀਮਤ 450 ਰੁਪਏ ਅਤੇ ਵੇਚ ਕੀਮਤ 550 ਰੁਪਏ ਦੱਸ

ਸਕਦਾ ਹੈ। ਅਤੇ ਤੁਸੀਂ ਕਈ ਸਹੀ ਉੱਤਰ ਪ੍ਰਾਪਤ ਕਰ ਸਕਦੇ ਹੋ। ਇਸ ਪ੍ਰਕਾਰ ਦੇ ਮਦ ਨੂੰ ਖੁੱਲ੍ਹਾ ਅੰਤ ਮਦ ਕਿਹਾ ਜਾਂਦਾ ਹੈ ਇਸ ਵਿੱਚ ਵੱਡੀ ਸੰਖਿਆ ਵਿੱਚ ਸਹੀ ਉੱਤਰ ਹੋ ਸਕਦੇ ਹਨ।

ਅਜਿਹੇ ਛੋਟੇ ਉੱਤਰਾਂ ਵਾਲੇ ਮਦ ਜਾਂ ਹੋਰ ਇਸੀ ਪ੍ਰਕਾਰ ਦੇ ਮਦ ਜਿਨ੍ਹਾਂ ਦੇ ਨਿਸ਼ਚਿਤ ਜਾਂ ਨਿਸ਼ਚਿਤ ਸੰਖਿਆ ਵਿੱਚ ਸਹੀ ਉੱਤਰ ਹੁੰਦੇ ਹਨ, ਉਨ੍ਹਾਂ ਨੂੰ ਬੰਦ ਮਦ ਕਹਿੰਦੇ ਹਨ। ਤੁਸੀਂ ਨਿਮਨਲਿਖਤ ਉਦਾਹਰਨ ਦਾ ਪ੍ਰੇਖਣ ਕਰਕੇ ਖੁੱਲ੍ਹੇ ਅੰਤ ਮਦ ਅਤੇ ਬੰਦ ਮਦ ਵਿੱਚ ਅੰਤਰ ਕਰ ਸਕਦੇ ਹੋ।

| ਬੰਦ ਪਦ | ਖੁੱਲ੍ਹਾ ਪਦ |
|---|---|
| ਖਾਲੀ ਸਥਾਨ ਭਰੋ 5+———=9<br><br>ਖੇਡ ਸ਼ਬਦ ਦੇ ਅੰਤ ਵਿੱਚ 'ਰਹੇ ਹਨ' ਜੋੜ ਕੇ ਲਿਖੋ। ਇੱਕ ਤ੍ਰਿਭੁਜ ਦੀ ਰਚਨਾ ਕਰੋ ਜਿਸ ਦੀਆਂ ਸਾਇਡ ਦੀਆਂ ਭੁਜਾਵਾਂ ਕ੍ਰਮਵਾਰ: 5 ਸੈਂਟੀਮੀਟਰ ਅਤੇ 9 ਸੈਂਟੀਮੀਟਰ ਹਨ ਅਤੇ ਉਨ੍ਹਾਂ ਦੇ ਵਿਚਕਾਰ ਦੇ ਕੋਣ ਦਾ ਮਾਪ 60 ਡਿਗਰੀ ਹੈ।<br><br>ਸੀਮਿੰਟ ਅਤੇ ਗਾਰੇ ਤੋਂ ਇਲਾਵਾ ਪੱਕਾ ਮਕਾਨ ਬਣਾਉਣ ਵਿੱਚ ਕਿਸ ਮੁੱਖ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ।<br><br>ਅਧਿਆਪਕ ਅਤੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਕੌਣ ਨਿਯੰਤਰਿਤ ਕਰਦਾ ਹੈ। | ਕਿਹੜੀਆਂ ਸੰਖਿਆਵਾਂ ਨੂੰ ਜੋੜ ਕੇ 9 ਪ੍ਰਾਪਤ ਹੁੰਦਾ ਹੈ ?ਜ਼ਿਆਦਾ ਤੋਂ ਜ਼ਿਆਦਾ ਸ਼ਬਦ ਲਿਖੋ ਜਿਨ੍ਹਾਂ ਦੇ ਅੰਤ ਵਿੱਚ 'ਰਹੇ ਹਨ' ਹੋਵੇ।<br><br>ਇੱਕ ਤ੍ਰਿਭੁਜ ਨੂੰ ਤੁਸੀਂ ਕਿੰਨੇ ਤਰੀਕਿਆਂ ਨਾਲ ਬਣਾ ਸਕਦੇ ਹੋ।<br><br>ਇੱਕ ਇੱਟ ਦੀ ਵਰਤੋਂ ਕਿੰਨੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ।<br><br>ਜੇਕਰ ਤੁਸੀਂ ਮੁੱਖ ਅਧਿਆਪਕ ਹੋਵੋ ਤਾਂ ਤੁਸੀਂ ਆਪਣੇ ਸਕੂਲ ਦੇ ਪੱਧਰ ਨੂੰ ਕਿਸ ਪ੍ਰਕਾਰ ਸੁਧਾਰੋਗੇ। |

ਇਸ ਲਈ ਕਹਿ ਸਕਦੇ ਹਾਂ:

–ਛੋਟੇ ਉੱਤਰਾਂ ਵਾਲੇ ਮਦ ਵਿੱਚ ਅਨੁਮਾਨ ਲਗਾਉਣ ਲਈ ਅਵਸਰ ਹੁੰਦਾ ਹੈ। ਵਿਦਿਆਰਥੀ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਉੱਤਰ ਦਾ ਅਨੁਮਾਨ ਲਗਾ ਸਕਦੇ ਹਨ। ਇਸ ਸਥਿਤੀ ਵਿੱਚ ਹਾਲਾਂਕਿ ਬੱਚੇ ਨੂੰ ਧਾਰਨਾ ਦੀ ਸਮਝ ਨਾ ਹੋਣ ਦੇ ਬਾਵਜੂਦ ਵੀ ਉਹ ਅਨੁਮਾਨ ਲਗਾ ਕੇ ਸਹੀ ਉੱਤਰ ਚੁਣ ਲੈਂਦਾ ਹੈ ਅਤੇ ਉਸ ਲਈ ਪੂਰੇ ਅੰਕ ਪ੍ਰਾਪਤ ਕਰ ਲੈਂਦਾ ਹੈ। ਪਰ ਖੁੱਲ੍ਹੇ ਮਦਾਂ ਦੀ ਸਥਿਤੀ ਵਿੱਚ ਅਨੁਮਾਨ ਲਗਾਉਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਜੇਕਰ ਬੱਚੇ ਨੇ ਧਾਰਨਾ ਨੂੰ ਨਹੀਂ ਸਮਝਿਆ ਹੈ ਤਾਂ ਉਹ ਉੱਤਰ ਨਹੀਂ ਦੇ ਸਕਦਾ ਹੈ। ਇਸ ਪ੍ਰਕਾਰ ਖੁੱਲ੍ਹੇ ਮਦ ਦਾ ਅਨੁਮਾਨ ਲਗਾਉਣ ਤੋਂ ਬਚਦਾ ਹੈ।

– ਖੁੱਲਾ ਮਦ ਇੱਕ ਅਜਿਹਾ ਉਪਕਰਨ ਹੈ ਜੋ ਵਿਦਿਆਰਥੀਆਂ ਤੋਂ ਸਮੱਸਿਆ ਨੂੰ ਸਮਝਣ ਦੀ ਉਮੀਦ ਕਰਦਾ ਹੈ। ਇਹ ਉਸਨੂੰ ਚਿੰਤਨ ਲਈ ਪ੍ਰੇਰਿਤ ਕਰਦਾ ਹੈ। (ਇੱਕ ਸਮੱਸਿਆ ਦਾ ਇੱਕ ਤੋਂ ਜ਼ਿਆਦਾ ਸਮਾਧਾਨ ਲੱਭਣ ਲਈ ਪ੍ਰੇਰਿਤ ਕਰਦਾ ਹੈ।) ਬੱਚਾ ਸਮਾਧਾਨ ਦੇ ਬਾਰੇ ਵਿੱਚ ਕਈ ਪਹਿਲੂਆਂ ਨਾਲ ਵਿਚਾਰ ਕਰ ਸਕਦਾ ਹੈ।

– ਜਿਵੇਂ ਕਿ ਇਕਾਈ 1 ਵਿੱਚ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ, ਸਿਖਲਾਈ ਇੱਕ ਅਰਥਪੂਰਨ ਰਚਨਾਤਮਕ ਗਤੀਵਿਧੀ ਹੈ। ਖੁੱਲ੍ਹੇ ਮਦ ਵਿਦਿਆਰਥੀਆਂ ਦੇ ਕਿਸੀ ਧਾਰਨਾ ਨੂੰ ਸਮਝਣ ਦੀ ਯੋਗਤਾ ਦੇ ਵਿਕਾਸ ਦਾ ਨਿਰਧਾਰਨ ਕਰਨ ਦੇ ਅਵਸਰ ਦੀ ਰਚਨਾ ਕਰਾਉਂਦਾ ਹੈ। ਛੋਟੇ ਉੱਤਰਾਂ ਵਾਲੇ ਮਦਾਂ ਰਾਹੀਂ ਇਸ ਦਾ ਮਾਪਣ ਕਠਿਨ ਹੈ। ਜੇਕਰ ਬੱਚਾ ਇੱਕ ਖੁੱਲ੍ਹੇ ਮਦ ਦੇ ਕਈ ਉੱਤਰ ਦਿੰਦਾ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਹ ਅਰਥਪੂਰਨ ਸਿੱਟਾ ਕੱਢਣ ਦੇ ਯੋਗ ਹੈ।

– ਖੁੱਲ੍ਹਾ ਮਦ ਯਾਦ ਕਰਕੇ ਸਿੱਖਣ ਦੀ ਪ੍ਰਵਿਰਤੀ ਨੂੰ ਖਤਮ ਕਰਦਾ ਹੈ।

– ਖੁੱਲ੍ਹਾ ਮਦ ਸਕੂਲ ਦੀ ਸ਼ੁਰੂਆਤੀ ਅਵਸਥਾ ਨੂੰ ਬਿਹਤਰ ਸਿਖਲਾਈ ਲਈ ਪ੍ਰੇਰਿਤ ਕਰਦਾ ਹੈ ਅਤੇ ਅਵਸਰ ਦੀ ਰਚਨਾ ਕਰਦਾ ਹੈ। ਛੋਟੇ ਬੱਚੇ ਛੋਟੇ ਉੱਤਰਾਂ ਵਾਲੇ ਮਦਾਂ ਦਾ ਸਹੀ ਉੱਤਰ ਸ਼ਾਇਦ ਨਾ ਦੇ ਸਕਣ ਕਿਉਂਕਿ ਉਨ੍ਹਾਂ ਦਾ ਧਿਆਨ ਕੇਂਦਰਿਤ ਕਰਨ ਦਾ ਸਮਾਂ ਬਹੁਤ ਘੱਟ ਹੁੰਦਾ ਹੈ। ਉਹ ਇੱਕ ਹੀ ਪ੍ਰਕਾਰ ਦੀ ਗਤੀਵਿਧੀ 'ਤੇ ਲੰਬੇ ਸਮੇਂ ਤੱਕ ਧਿਆਨ

ਕੇਂਦਰਿਤ ਨਹੀਂ ਕਰ ਸਕਦੇ ਹਨ। ਪਰ ਖੁੱਲ੍ਹੇ ਮਦਾਂ ਵਿੱਚ ਬੱਚੇ ਪ੍ਰਸ਼ਨਾਂ 'ਤੇ ਅਤੇ ਇਸਦੇ ਵਿਭਿੰਨ ਉੱਤਰਾਂ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਨ ਜਿਸ ਨਾਲ ਉਨ੍ਹਾਂ ਨੂੰ ਹੋਰ ਜ਼ਿਆਦਾ ਸਿੱਖਣ ਨੂੰ ਮਿਲਦਾ ਹੈ।

–ਛੋਟੇ ਉੱਤਰਾਂ ਵਾਲੇ ਮਦ ਦੀ ਵਿਸ਼ੇਸ਼ਤਾ ਉਸਦੇ ਨਿਸ਼ਚਤ ਉੱਤਰ ਰਾਹੀਂ ਪ੍ਰਦਰਸ਼ਿਤ ਹੁੰਦੀ ਹੈ। ਸਹੀ ਉੱਤਰ ਦੇਣ ਦੀ ਸਥਿਤੀ ਵਿੱਚ ਵਿਦਿਆਰਥੀ ਨਿਰਉਤਸ਼ਾਹਿਤ ਹੁੰਦਾ ਹੈ ਅਤੇ ਉਸਦੇ ਸਿੱਖਣ ਦੀ ਯੋਗਤਾ ਵੀ ਨਿਰਉਤਸ਼ਾਹਿਤ ਹੁੰਦੀ ਹੈ ਅਤੇ ਉਸਦੀ ਸਿੱਖਣ ਦੀ ਯੋਗਤਾ ਵਿੱਚ ਕਮੀ ਆ ਜਾਂਦੀ ਹੈ। ਇਸਤੋਂ ਇਲਾਵਾ ਖੁੱਲ੍ਹਾ ਮਦ ਵਿਦਿਆਰਥੀ ਨੂੰ ਇੱਕ ਸਫਲਤਾ ਦਾ ਅਹਿਸਾਸ ਦਿਵਾਉਂਦਾ ਹੈ ਕਿਉਂਕਿ ਇਸ ਦੇ ਕਈ ਸਹੀ ਉੱਤਰ ਹੁੰਦੇ ਹਨ ਅਤੇ ਵਿਦਿਆਰਥੀ ਵੱਲੋਂ ਇੱਕ ਸਹੀ ਉੱਤਰ ਦੇਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਈ–8 ਹੇਠ ਕੁਝ ਕਥਨ ਦਿੱਤੇ ਗਏ ਹਨ, ਉਨ੍ਹਾਂ ਨੂੰ ਧਿਆਨਪੂਰਬਕ ਪੜ੍ਹੋ। ਸਹੀ ਕਥਨਾਂ 'ਤੇ ਸਹੀ ਅਤੇ ਗਲਤ ਕਥਨਾਂ 'ਤੇ ਕਰਾਸ ਦਾ ਨਿਸ਼ਾਨ ਲਗਾਓ।

1) ਵਿਸਥਾਰਤ ਉੱਤਰ ਪ੍ਰਕਾਰ ਦੇ ਮਦ ਨਿਬੰਧਾਤਮਕ ਪ੍ਰਕਾਰ ਦੇ ਮਦ ਹੁੰਦੇ ਹਨ।

2) ਛੋਟੇ ਉੱਤਰਾਂ ਵਾਲੇ ਮਦਾਂ ਦਾ ਉਪਯੋਗ ਵਿਦਿਆਰਥੀ ਦੀ ਰਚਨਾਤਮਕ ਸਮਰੱਥਾ ਦਾ ਮਾਪਣ ਕਰਨ ਲਈ ਜ਼ਿਆਦਾ ਕੀਤਾ ਜਾਂਦਾ ਹੈ।

3) 5+2= ——ਇੱਕ ਚੋਣ ਪ੍ਰਕਾਰ ਦਾ ਮਦ ਹੈ।

4) ਹਰੇਕ ਮੰਗ ਪ੍ਰਕਾਰ ਦੇ ਮਦ ਨੂੰ ਚੋਣ ਦੇ ਮਦ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।

5) ਮਿਲਾਉਣ ਵਾਲੇ ਮਦ ਬਹੁ ਵਿਕਲਪੀ ਮਦ ਦਾ ਇੱਕ ਪ੍ਰਕਾਰ ਹੈ।

6) ਬਹੁਵਿਕਲਪੀ ਮਦ ਵਿੱਚ ਗਲਤ ਵਿਕਲਪ ਨੂੰ ਸਤੰਭ ਕਹਿੰਦੇ ਹਨ।

15.4 ਗੁਣਾਤਮਕ ਉਪਕਰਨਾਂ ਅਤੇ ਤਕਨੀਕਾਂ ਦੀ ਰਚਨਾ ਅਤੇ ਉਪਯੋਗ

ਜਿਵੇਂ ਕਿ ਪਹਿਲਾਂ ਤੁਸੀਂ ਸਿੱਖ ਚੁੱਕੇ ਹੋ ਕਿ ਸਿਖਲਾਈ ਦਾ ਨਿਰਧਾਰਨ/ਮੁਲਾਂਕਣ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ ਦਾ ਗੁਣਾਤਮਕ ਅਤੇ ਪਰਿਣਾਮਾਤਮਕ ਵਿਵਰਣ ਦੋਨਾਂ 'ਤੇ ਆਧਾਰਿਤ ਹੁੰਦਾ ਹੈ। ਵਿਦਿਆਰਥੀ ਦੀ ਕਾਰਜਕੁਸ਼ਲਤਾ ਦੇ ਗੁਣ ਅਤੇ ਪਰਿਣਾਂਮ ਪਹਿਲੂਆਂ ਨੂੰ ਜਾਣਨ ਲਈ ਕਲਾਸ ਅਧਿਆਪਕ ਨੂੰ ਵਿਭਿੰਨ ਪ੍ਰਕਾਰ ਦੇ ਉਪਕਰਨਾਂ ਅਤੇ ਰਣਨੀਤੀਆਂ ਦਾ ਉਪਯੋਗ ਕਰਨਾ ਪਏਗਾ।

ਆਓ ਇਸ ਦੀ ਚਰਚਾ ਨਿਮਨਲਿਖਤ ਸਥਿਤੀ ਦੀ ਸਹਾਇਤਾ ਨਾਲ ਕਰਦੇ ਹਾਂ।

ਸਥਿਤੀ 1: ਸਮੀਰ ਪ੍ਰਾਇਮਰੀ ਕਲਾਸਾਂ ਵਿੱਚ ਗਣਿਤ ਵਿਸ਼ਾ ਪੜ੍ਹਾਉਂਦੇ ਹਨ। ਪੜ੍ਹਾਉਂਦੇ ਸਮੇਂ ਬੱਚਿਆਂ ਦਾ ਪ੍ਰੇਖਣ ਕਰਦੇ ਹਨ ਕਿ ਕਿਸ ਪ੍ਰਕਾਰ ਉਹ ਵਿਭਿੰਨ ਪ੍ਰਸ਼ਨਾਂ ਦਾ ਉੱਤਰ ਦਿੰਦੇ ਹਨ, ਕੀ ਉਨ੍ਹਾਂ ਵਿੱਚ ਗਣਿਤ ਸਿਖਲਾਈ ਦੇ ਪ੍ਰਤੀ ਅਸਲੀ ਰੁਚੀ ਹੈ , ਕੀ ਉਹ ਗਣਿਤੀ ਪ੍ਰਾਜੈਕਟਾਂ ਅਤੇ ਨਿਰਧਾਰਤ ਕਾਰਜਾਂ ਨੂੰ ਨਿਰਧਾਰਤ ਸਮੇਂ ਵਿੱਚ ਉਚਿਤ ਢੰਗ ਨਾਲ ਪੂਰਾ ਕਰਦੇ ਹਨ। ਇਸ ਤੋਂ ਇਲਾਵਾ ਉਹ ਬੱਚਿਆਂ ਨੂੰ ਇੱਕ ਟੈਸਟ ਇਹ ਜਾਣਨ ਲਈ ਦਿੰਦੇ ਹਨ ਕਿ ਕੀ ਬੱਚਿਆਂ ਨੇ ਪੜ੍ਹਾਈਆਂ ਗਈਆਂ ਧਾਰਨਾਵਾਂ ਨੂੰ ਸਮਝਿਆ ਹੈ ?

ਉਪਰੋਕਤ ਉਦਾਹਰਨ ਵਿੱਚ ਕੇਵਲ ਉਪਲੱਬਧੀ ਟੈਸਟ ਦੀ ਵਰਤੋਂ ਕਰਨ ਦੀ ਬਜਾਏ ਗਣਿਤ ਅਧਿਆਪਕ ਨੇ ਨਿਰਧਾਰਨ ਦੀਆਂ ਵਿਭਿੰਨ ਵਿਧੀਆਂ ਜਿਵੇਂ ਟੈਸਟ ਦੀ ਵਰਤੋਂ ਪੜ੍ਹਾਉਂਦੇ ਸਮੇਂ ਬੱਚਿਆਂ ਦਾ ਪ੍ਰੇਖਣ ਕਰਨਾ, ਧਾਰਨਾ ਨਾਲ ਸਬੰਧਿਤ ਪ੍ਰਾਜੈਕਟ ਕਾਰਜ ਅਤੇ ਨਿਰਧਾਰਤ ਕਾਰਜ। ਇਨ੍ਹਾਂ ਉਪਕਰਨਾਂ ਅਤੇ ਤਕਨੀਕਾਂ ਦੇ ਉਪਯੋਗ ਨਾਲ ਗੁਣਾਤਮਕ ਨਤੀਜਾ ਮਿਲਿਆ। ਤੁਸੀਂ ਮਹਿਸੂਸ ਕੀਤਾ ਹੋਏਗਾ ਕਿ ਬੱਚਿਆਂ ਦੇ ਵਿਵਹਾਰ ਨਾਲ ਸਬੰਧਿਤ ਸਾਰੀਆਂ ਸੂਚਨਾਵਾਂ, ਟੈਸਟਾਂ ਜਾਂ ਕੋਈ ਇੱਕ ਉਪਕਰਨ ਜਾਂ ਵਿਧੀ ਦਾ ਉਪਯੋਗ ਕਰਕੇ ਇਕੱਤਰ ਨਹੀਂ ਕੀਤਾ ਜਾ ਸਕਦਾ। ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ ਅਕਾਦਮਿਕ ਖੇਤਰਾਂ ਨਾਲ ਸਬੰਧਿਤ ਕਾਰਜ ਕਾਰਜਕੁਸ਼ਲਤਾ ਦਾ ਵਿਆਪਕ ਮੁਲਾਂਕਣ ਉਪਕਰਨਾਂ ਅਤੇ ਤਕਨੀਕਾਂ ਰਾਹੀਂ ਪਰਿਣਾਮਾਤਮਕ ਅਤੇ ਗੁਣਾਤਮਕ ਦੋਨਾਂ ਦੀਆਂ ਸੂਚਨਾਵਾਂ ਨੂੰ ਮਿਲਾ ਕੇ ਕੀਤਾ ਜਾ ਸਕਦਾ ਹੈ।

### 15.4.1 ਪ੍ਰੇਖਣ

ਤੁਹਾਡੇ ਸਕੂਲ ਵਿੱਚ ਵਿਦਿਆਰਥੀਆਂ ਦੇ ਨਾਲ ਅਧਿਆਪਨ ਸਿਖਲਾਈ ਕਿਰਿਆਵਾਂ ਦੇ ਦੌਰਾਨ ਅਤੇ ਹੋਰ ਗਤੀਵਿਧੀਆਂ ਦੇ ਸਮੇਂ ਆਪਣੇ ਬੱਚਿਆਂ ਦੀ ਵਿਸ਼ੇਸ਼ ਪ੍ਰਕਿਰਤੀ ਦੇ ਬਾਰੇ ਵਿੱਚ ਅਨੁਭਵ ਕੀਤਾ ਹੋਏਗਾ ਜਿਨ੍ਹਾਂ ਨੂੰ ਟੈਸਟਾਂ ਰਾਹੀਂ ਤੁਸੀਂ ਨਹੀਂ ਜਾਣ ਸਕਦੇ। ਤੁਸੀਂ ਦੇਖਿਆ ਹੋਏਗਾ ਕਿ ਬੱਚੇ ਕਲਾਸ ਅਤੇ ਕਲਾਸ ਦੇ ਅੰਦਰ ਅਤੇ ਬਾਹਰ ਕਿਵੇਂ ਵਿਵਹਾਰ ਕਰਦੇ ਹਨ, ਦੂਜੇ ਬੱਚਿਆਂ ਨਾਲ ਕਿਵੇਂ ਅੰਤਰਕਿਰਿਆ ਕਰਦੇ ਹਨ, ਉਨ੍ਹਾਂ ਦੀ ਪਸੰਦ ਅਤੇ ਨਾਪਸੰਦ ਕੀ ਹੈ, ਉਨ੍ਹਾਂ ਦੀ ਭਾਵਨਾਤਮਕ ਸਥਿਤੀ ਕਿਵੇਂ ਹੈ ਅਤੇ ਇਸੀ ਪ੍ਰਕਾਰ ਹੋਰ ਸੂਚਨਾਵਾਂ ਉਨ੍ਹਾਂ ਦੀ ਸਿਖਲਾਈ ਵਿੱਚ ਪ੍ਰਗਤੀ ਅਤੇ ਰੁਕਾਵਟਾਂ ਦਾ ਨਿਰਧਾਰਨ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ।

ਵਿਦਿਆਰਥੀਆਂ ਦਾ ਪ੍ਰਾਕਿਰਤਕ ਵਾਤਾਵਰਣ (ਅਤੇ ਨਿਰਮਤ ਵਾਤਾਵਰਣ ਵਿੱਚ) ਵਿੱਚ ਵਿਵਸਥਿਤ ਰੂਪ ਨਾਲ ਪ੍ਰੇਖਣ ਕਰਨਾ, ਵਿਦਿਆਰਥੀਆਂ ਦੀਆਂ ਅਕਾਦਮਿਕ ਅਤੇ ਸਹਿਗਾਮੀ ਕਿਰਿਆਵਾਂ ਦੀ ਕਾਰਜਕੁਸ਼ਲਤਾ ਦੇ ਬਾਰੇ ਵਿੱਚ ਅਤੇ ਉਨ੍ਹਾਂ ਦੇ ਪ੍ਰਭਾਵਿਤ ਵਿਵਹਾਰ ਦੇ ਬਾਰੇ ਵਿੱਚ ਅੰਕੜੇ ਇਕੱਠੇ ਕਰਨ ਲਈ, ਇੱਕ ਉਪਯੋਗੀ ਤਕਨੀਕ ਹੈ ਵਿਦਿਆਰਥੀਆਂ ਦੀ ਵਿਭਿੰਨ ਖੇਤਰਾਂ ਵਿੱਚ ਪ੍ਰਗਤੀ ਅਤੇ ਵਿਵਹਾਰ ਜਿਵੇਂ ਬੋਲਣਾ, ਲਿਖਾਈ, ਗਾਇਨ, ਨ੍ਰਿਤ, ਨਾਟ ਕਲਾ, ਸਮਾਂਬੱਧਤਾ, ਸਮੇਂ ਦਾ ਸਦਉਪਯੋਗ, ਸੁਹਿਰਦਤਾ ਪੂਰਨ ਸਬੰਧ, ਵੱਡਿਆਂ ਨੂੰ ਸਤਿਕਾਰ ਦੇਣਾ ਆਦਿ ਦਾ ਮੁਲਾਂਕਣ ਪੇਪਰ ਪੈਨਸਿਲ ਟੈਸਟਾਂ ਰਾਹੀਂ ਨਹੀਂ ਕੀਤਾ ਜਾ ਸਕਦਾ ਹੈ। ਇਨ੍ਹਾਂ ਸਭ ਦਾ ਨਿਰਧਾਰਨ ਪ੍ਰੇਖਣ ਤਕਨੀਕਾਂ ਰਾਹੀਂ ਕੀਤਾ ਜਾ ਸਕਦਾ ਹੈ। ਇੱਕ ਪ੍ਰੇਖਣਾਤਮਕ ਤਕਨੀਕ ਇੱਕ ਵਿਸ਼ੇਸ਼ ਪ੍ਰੇਖਣਾਤਮਕ ਉਪਕਰਨ ਦੀ ਵਰਤੋਂ ਨੂੰ ਸ਼ਾਮਲ ਕਰਦੀ ਹੈ ਜਿਵੇਂ ਜਾਂਚ ਸੂਚੀ, ਨਿਰਧਾਰਨ ਮਾਪਣ ਜਾਂ ਬਿਰਤਾਂਤ ਲੇਖ। ਲਹਿਮਾਨ (1999) ਦੇ ਅਨੁਸਾਰ ਪ੍ਰੇਖਣਾਤਮਕ ਤਕਨੀਕ ਦਾ ਅਰਥ ਇੱਕ ਵਿਅਕਤੀ ਦੇ ਵਿਵਹਾਰ ਦਾ ਪ੍ਰੇਖਣ ਅਤੇ ਅਭਿਲੇਖਨ ਕਰਨ ਦੀ ਵਿਧੀ ਨਾਲ ਹੈ। ਤੁਸੀਂ ਆਪਣੇ ਵਿਦਿਆਰਥੀਆਂ ਦਾ ਪ੍ਰੇਖਣ ਕਾਫ਼ੀ ਨਜ਼ਦੀਕ ਤੋਂ ਉਸਦੇ ਨਾਲ ਮਿਲਕੇ ਉਨ੍ਹਾਂ ਦੀਆਂ ਗਤੀਵਿਧੀਆਂ ਵਿੱਚ ਭਾਗ ਲੈ (ਪ੍ਰਤੀਭਾਗੀ ਪ੍ਰੇਖਣ) ਕੇ ਜਾਂ ਤੁਸੀਂ ਉਨ੍ਹਾਂ ਦਾ ਦੂਰ ਤੋਂ ਪ੍ਰੇਖਣ ਕਰ ਸਕਦੇ ਹੋ ਜਦੋਂ ਉਹ ਵਿਅਕਤੀਗਤ ਰੂਪ ਨਾਲ ਜਾਂ ਸਮੂਹਿਕ ਰੂਪ ਨਾਲ ਕੋਈ ਗਤੀਵਿਧੀ ਵਿੱਚ ਰਹਿੰਦੇ ਹਨ (ਦਰਸ਼ਕ ਦੇ ਰੂਪ ਵਿੱਚ ਪ੍ਰੇਖਣ)। ਤੁਸੀਂ ਉਨ੍ਹਾਂ ਦਾ ਪ੍ਰੇਖਣ ਪ੍ਰਤੱਖ ਰੂਪ ਨਾਲ ਕਰ ਸਕਦੇ ਹੋ ਜਦੋਂ ਉਨ੍ਹਾਂ ਨੂੰ ਇਹ ਪਤਾ ਹੁੰਦਾ ਹੈ ਕਿ ਉਨ੍ਹਾਂ ਦਾ ਪ੍ਰੇਖਣ ਕੀਤਾ ਜਾ ਰਿਹਾ ਹੈ ਜਾਂ ਅਪ੍ਰਤੱਖ ਰੂਪ ਨਾਲ ਜਦੋਂ ਵਿਦਿਆਰਥੀਆਂ ਨੂੰ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਪ੍ਰੇਖਣ ਕੀਤਾ ਜਾ ਰਿਹਾ ਹੈ। ਪ੍ਰੇਖਣ ਉਦੇਸ਼ਪੂਰਨ (ਇੱਕ ਨਿਸ਼ਚਤ ਯੋਜਨਾ ਬਣਾ ਕੇ) ਢੰਗ ਨਾਲ ਕਰ ਸਕਦੇ ਹੋ ਜਾਂ ਸੰਯੋਗਵਸ (ਵਿਸ਼ੇਸ਼ ਵਿਵਹਾਰ ਦਾ ਸੰਯੋਜਿਕ ਪ੍ਰੇਖਣ) ਪ੍ਰੇਖਣ ਕਰ ਸਕਦੇ ਹੋ। ਪਰ ਵਿਦਿਆਰਥੀਆਂ ਦੇ ਕਾਰਜਾਂ ਦਾ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਵਾਰ ਵਾਰ ਪ੍ਰੇਖਣ ਕਰਕੇ ਸਿਖਲਾਈ ਪ੍ਰਗਤੀ ਦੇ ਬਾਰੇ ਵਿੱਚ ਲਗਾਤਾਰ ਪੋਸ਼ਣ ਪ੍ਰਾਪਤ ਕੀਤਾ ਜਾ ਸਕਦਾ ਹੈ। ਤੁਸੀਂ ਸਹੀ ਸਮੇਂ 'ਤੇ ਗਲਤੀਆਂ ਜਾਂ ਸਮੱਸਿਆਵਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਹੱਲ ਲਈ ਸੁਧਾਰਾਤਮਕ ਯੋਜਨਾ ਬਣਾ ਸਕਦੇ ਹੋ।

ਹੇਠ ਪ੍ਰਭਾਵਸ਼ਾਲੀ ਪ੍ਰੇਖਣ ਕਰਨ ਲਈ ਕੁਝ ਸੁਝਾਅ ਦਿੱਤੇ ਹਨ ਜੋ ਵਿਗਿਆਨਕ ਅਤੇ ਪ੍ਰਮਾਣਿਕ ਹਨ:

- ਕੀ ਪ੍ਰੇਖਣ ਵਿਗਿਆਨਕ ਅਤੇ ਪ੍ਰਮਾਣਿਕ ਹੈ:
- ਇੱਕ ਪ੍ਰੇਖਣ ਪ੍ਰਕਿਰਿਆ ਵਿੱਚ ਇੱਕ ਜਾਂ ਦੋ ਵਿਵਹਾਰਕ ਨੂੰ ਹੀ ਲਓ ਇਸਤੋਂ ਜ਼ਿਆਦਾ ਨਹੀਂ।
- ਪ੍ਰੇਖਣ ਉਪਕਰਨਾਂ ਵਿੱਚ ਸਪੱਸ਼ਟ ਸ਼ਬਦਾਂ ਦਾ ਉਪਯੋਗ ਕਰੋ।
- ਪ੍ਰੇਖਣ ਤੋਂ ਬਾਅਦ ਕੁਝ ਵਿਸ਼ੇਸ਼ ਵਿਵਹਾਰ ਦਾ ਪ੍ਰੇਖਣ ਕਰਦੇ ਹੋ ਤਾਂ ਉਸਨੂੰ ਤੁਰੰਤ ਰਿਕਾਰਡ ਕਰੋ ਅਤੇ ਸੰਖੇਪ ਲਿਖੋ ਨਹੀਂ ਤਾਂ ਭੁੱਲਣ ਦੀ ਪੂਰੀ ਸੰਭਾਵਨਾ ਹੋ ਸਕਦੀ ਹੈ।
- ਸੰਜੋਗ ਨਾਲ ਜਦੋਂ ਤੁਸੀਂ ਕੁਝ ਵਿਸ਼ੇਸ਼ ਵਿਵਹਾਰ ਨੂੰ ਦੇਖਦੇ ਹੋ ਤਾਂ ਉਸ ਨੂੰ ਤੁਰੰਤ ਰਿਕਾਰਡ ਕਰੋ ਅਤੇ ਬਾਅਦ ਵਿੱਚ ਅੱਗੇ ਦੀ ਪ੍ਰੇਖਣ ਯੋਜਨਾ ਵਿੱਚ ਸ਼ਾਮਲ ਕਰੋ ਜਿਸ ਨਾਲ ਇਹ ਪਤਾ ਲਗਾਇਆ ਜਾ ਸਕੇ ਕਿ ਜਿਸ ਵਿਵਹਾਰ ਦਾ ਪ੍ਰੇਖਣ ਕੀਤਾ ਹੈ, ਉਹ ਸੁਧਾਰਾਤਮਕ ਹੈ ਜਾਂ ਨਹੀਂ।

### 15.4.1 ਜਾਂਚ ਸੂਚੀ

ਵਿਦਿਆਰਥੀਆਂ ਦਾ ਵਿਵਹਾਰ ਅਲੱਗ ਅਲੱਗ ਸਥਿਤੀਆਂ ਵਿੱਚ ਅਲੱਗ ਹੁੰਦਾ ਹੈ। ਇੱਕ ਵਿਸ਼ੇਸ਼ ਵਿਦਿਆਰਥੀ ਦੇ ਵਿਵਹਾਰ ਦਾ ਅਧਿਆਪਕ ਰਾਹੀਂ ਪ੍ਰੇਖਣ ਅਤੇ ਉਸਦਾ ਰਿਕਾਰਡ ਮੁਲਾਂਕਣ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਾਂਚ ਸੂਚੀ ਇੱਕ ਉਪਕਰਨ ਹੈ ਜੋ ਵਿਦਿਆਰਥੀ ਦੀਆਂ ਵਿਸ਼ੇਸ਼ ਗਤੀਵਿਧੀਆਂ ਦੀ ਕਾਰਜਕੁਸ਼ਲਤਾ ਦਾ ਰਿਕਾਰਡ ਕਰਨ ਵਿੱਚ ਅਧਿਆਪਕ ਦੀ ਸਹਾਇਤਾ ਕਰਦਾ ਹੈ। ਇੱਕ ਜਾਂਚ ਸੂਚੀ ਵਿਦਿਆਰਥੀ ਦੇ ਵਿਵਹਾਰਾਂ ਦੀ ਸੂਚੀ ਹੁੰਦੀ ਹੈ, ਜਿਸ ਵਿੱਚ ਵਿਸ਼ੇਸ਼ਤਾਵਾਂ ਜਿਹੜੀਆਂ ਮੌਜੂਦ ਹੁੰਦੀਆਂ ਹਨ ਜਾਂ ਗੈਰ ਮੌਜੂਦ ਹੁੰਦੀਆਂ ਹਨ।

| ਗਤੀਵਿਧੀ | ਜੇਕਰ ਕਾਰਜ ਸਹੀ ਕੀਤਾ ਹੈ ਤਾਂ ਸਹੀ ਦਾ ਨਿਸ਼ਾਨ ਲਗਾਓ |
|---|---|
| ਜ਼ਰੂਰੀ ਉਪਕਰਨਾਂ ਦਾ ਇਕੱਤਰੀਕਰਨ ਸਫ਼ੈਦ ਕਾਗਜ਼ ਦਾ ਟੁਕੜਾ ਲਿਆ। ਪੈਨਸਿਲ ਛਿੱਲੀ ਹੋਈ ਹੈ। ਉਪਕਰਨਾਂ ਦੀ ਸਹੀ ਵਰਤੋਂ ਕਰਨੀ। ਕ੍ਰਮਬੱਧ ਤਰੀਕੇ ਨਾਲ ਸੰਰਚਨਾ ਕਰਨੀ।. ਜਿਓਮੈਟਰੀਕਲ ਆਕ੍ਰਿਤਰੀ ਦਾ ਨਾਂਕਰਨ ਕੋਈ ਹੋਰ (ਕ੍ਰਿਪਾ ਕਰਕੇ ਨਿਰਧਾਰਤ ਕਰੋ।) | ______________________________<br>______________________________<br>______________________________<br>______________________________<br>______________________________<br>______________________________<br>__________ |

ਜਾਂਚ ਸੂਚੀ ਵਿਦਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ, ਵਿਵਹਾਰ ਅਤੇ ਇੱਕ ਘਟਨਾ ਦੀ ਮੌਜੂਦਗੀ ਦੇ ਬਾਰੇ ਵਿੱਚ ਪ੍ਰੇਖਣ ਕਰਕੇ ਵਿਵਹਾਰ ਲਈ ਨਿਰਧਾਰਤ ਸਤੰਭ ਵਿੱਚ ਸਹੀ ਦਾ ਨਿਸ਼ਾਨ ਲਗਾਉਣ ਦੇ ਯੋਗ ਬਣਾਉਂਦੀ ਹੈ। ਜਾਂਚ ਸੂਚੀ ਨੂੰ ਪੂਰਾ ਭਰਨ ਤੋਂ ਬਾਅਦ ਤੁਸੀਂ ਇਸ ਦਾ ਉਪਯੋਗ ਰਣਨੀਤੀਆਂ ਵਿੱਚ ਸੁਧਾਰ ਕਰਨ ਦੀ ਯੋਜਨਾ ਬਣਾਉਣ ਵਿੱਚ ਕਰ ਸਕਦੇ ਹੋ ਜਿਸ ਨਾਲ ਬਿਹਤਰ ਸਿਖਲਾਈ ਲਈ ਅਨੁਕੂਲ ਵਾਤਾਵਰਣ ਬਣਾਇਆ ਜਾ ਸਕੇ। ਇੱਕ ਵਿਸ਼ੇਸ਼ ਜਾਂਚ ਸੂਚੀ ਅਧਿਆਪਕ ਨੂੰ, ਵਿਦਿਆਰਥੀ ਦੇ ਉਨ੍ਹਾਂ ਕੁਸ਼ਲਾਂ ਦੀ ਜਾਂਚ ਕਰਨ ਵਿੱਚ ਸਹਾਇਤਾ ਕਰਦੀ ਹੈ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਹੋਰ ਜ਼ਿਆਦਾ ਸਿਖਲਾਈ ਦੇਣ ਦੀ ਲੋੜ ਹੈ। ਜੇਕਰ ਤੁਸੀਂ ਜਾਂਚ ਸੂਚੀ ਦਾ ਉਪਯੋਗ ਸਮੂਹਿਕ ਵਿਵਹਾਰ ਦਾ ਪ੍ਰੇਖਣ ਕਰਨ ਵਿੱਚ ਕਰਦੇ ਹੋ ਤਾਂ ਤੁਸੀਂ ਸਮੂਹ ਦੇ ਜ਼ਿਆਦਾ ਮੈਂਬਰਾਂ ਦੀਆਂ ਗਤੀਵਿਧੀਆਂ ’ਤੇ ਧਿਆਨ ਦਿਓ ਅਤੇ ਅਸਮਾਨ ਵਿਵਹਾਰ ਨੂੰ ਜਾਂਚ ਸੂਚੀ ਦੇ ਪ੍ਰੇਖਣ ਵਿਵਹਾਰ ਨਾਲ ਦਰਜ ਕਰਨ ਦੀ ਕੋਸ਼ਿਸ਼ ਕਰੋ।

ਗਤੀਵਿਧੀ–5

ਪਹਿਲੀ ਕਲਾਸ ਅਤੇ ਚੌਥੀ ਕਲਾਸ ਦੇ ਵਿਦਿਆਰਥੀਆਂ ਦੀ ਸਵੱਛਤਾ ਦਾ ਰਿਕਾਰਡ ਕਰਨ ਲਈ ਦੋ ਜਾਂਚ ਸੂਚੀਆਂ ਤਿਆਰ ਕਰੋ। ਹਰੇਕ ਕਲਾਸ ਦੇ 10 ਵਿਦਿਆਰਥੀਆਂ ਦਾ ਪ੍ਰੇਖਣ ਕਲਾਸ ਅਨੁਸਾਰ ਬਣਾਈ ਗਈ ਜਾਂਚ ਸੂਚੀ ਦੇ ਆਧਾਰ ’ਤੇ ਕਰੋ।

ਜਾਂਚ ਸੂਚੀ ਤੁਹਾਡੇ ਲਈ ਕਈ ਤਰੀਕਿਆਂ ਨਾਲ ਉਪਯੋਗੀ ਹੈ। ਇਨ੍ਹਾਂ ਨੂੰ ਵਿਦਿਆਰਥੀਆਂ/ਅਧਿਆਪਕਾਂ ਅਤੇ ਕਲਾਸ ਦੀ ਲੋੜ ਅਨੁਸਾਰ ਕਈ ਉਦੇਸ਼ਾਂ ਲਈ ਸਵੀਕਾਰ ਕੀਤਾ ਜਾ ਸਕਦਾ ਹੈ। ਸਿਖਲਾਈ ਕਾਰਜਕੁਸ਼ਲਤਾ ਜਿਸ ਵਿੱਚ ਵਿਧੀ ਅਤੇ ਵਿਅਕਤੀਗਤ ਸਮਾਜਿਕ ਵਿਕਾਸ ਸ਼ਾਮਲ ਹੈ, ਆਸਾਨੀ ਨਾਲ ਮੁਲਾਂਕਣ ਵਿਸ਼ੇਸ਼ ਸਿਖਲਾਈ ਕਾਰਜਕੁਸ਼ਲਤਾਵਾਂ ਦੇ ਸਬੰਧ ਵਿੱਚ ਹੋਈ ਉੱਨਤੀ ਦੇ ਪ੍ਰਮਾਣ ਦਾ ਰਿਕਾਰਡ ਕਰਕੇ ਕੀਤਾ ਜਾ ਸਕਦਾ ਹੈ। ਵਿਧੀਆਂ ਦਾ ਮੁਲਾਂਕਣ ਕਰਨ ਵਿੱਚ ਜਿਸ ਨੂੰ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ, ਅਲੱਗ ਅਤੇ ਵਿਸ਼ੇਸ਼ ਕਿਰਿਆਵਾਂ ਦੀ ਸ਼੍ਰੇਣੀ ਵਿੱਚ ਵੰਡਿਆ ਜਾ ਸਕੇ, ਅਜਿਹੀ ਜਾਂਚ ਸੂਚੀ ਸਭ ਤੋਂ ਜ਼ਿਆਦਾ ਉਪਯੋਗੀ ਹੈ।

ਜਾਂਚ ਸੂਚੀ ਨੂੰ ਤਿਆਰ ਕਰਨ ਅਤੇ ਉਪਯੋਗ ਕਰਨਾ ਬਹੁਤ ਆਸਾਨ ਹੈ।

15.4.3 ਦਰਜਾਬੰਦੀ ਸਕੇਲ

ਕਦੇ ਕਦੇ ਤੁਹਾਡੇ ਤੋਂ ਤੁਹਾਡੇ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ ਦੇ ਸਬੰਧ ਵਿੱਚ ਵਿਭਿੰਨ ਖੇਤਰਾਂ ਤੋਂ ਜਾਣਕਾਰੀ ਮੰਗੀ ਜਾਂਦੀ ਹੈ। ਮਾਪੇ ਤੁਹਾਡੇ ਤੋਂ ਪੁੱਛਦੇ ਹਨ ਕਿ ਕੀ ਮੇਰਾ ਬੱਚਾ ਖੇਡਾਂ ਵਿੱਚ ਰੁਚੀ ਲੈਂਦਾ ਹੈ ? ਕੀ ਉਹ ਚੰਗਾ ਨੱਚਦਾ ਹੈ ? ਮੇਰੇ ਪੁੱਤਰ ਦੀ ਵਿਗਿਆਨ ਵਿਸ਼ੇ ਵਿੱਚ ਕਿਸ ਤਰ੍ਹਾਂ ਦੀ ਕਾਰਜਕੁਸ਼ਲਤਾ ਹੈ।

ਮੁੱਖ ਅਧਿਆਪਕ ਤੁਹਾਡੇ ਤੋਂ ਪੁੱਛਦਾ ਹੈ–ਕੀ ਤੁਸੀਂ ਆਪਣੀ ਕਲਾਸ ਦੇ ਵਿਦਿਆਰਥੀਆਂ ਦੀਆਂ ਸਵੱਛਤਾ ਸਬੰਧੀ ਆਦਤਾਂ ਤੋਂ ਸੰਤੁਸ਼ਟ ਹੋ ? ਅੰਤਰ ਸਕੂਲ ਵਿਗਿਆਨ ਪ੍ਰਦਰਸ਼ਨੀ ਵਿੱਚ ਸੁਨੀਤਾ ਦਾ ਪ੍ਰਦਰਸ਼ਨ ਕਿਵੇਂ ਸੀ ਜਿਸ ਨੂੰ ਦਰਸ਼ਕਾਂ ਵੱਲੋਂ ਸਰਾਹਿਆ ਗਿਆ ? ਤੁਸੀਂ ਇਸ ਤਰ੍ਹਾਂ ਦੇ ਪ੍ਰਸ਼ਨਾਂ ਦਾ ਕਿਸ ਪ੍ਰਕਾਰ ਦਾ ਉੱਤਰ ਦਿੰਦੇ ਹੋ ?

ਸਾਡਾ ਜਵਾਬ ਗੁਣਾਤਮਕ ਰੂਪ ਵਿੱਚ ਹੁੰਦਾ ਹੈ ਜਿਵੇਂ ਔਸਤ, ਉੱਤਮ, ਔਸਤ ਤੋਂ ਉੱਪਰ, ਸੰਤੁਸ਼ਟੀਜਨਕ ਆਦਿ। ਦੂਜੇ ਸ਼ਬਦਾਂ ਵਿੱਚ ਅਸੀਂ ਗੁਣਾਂ ਦਾ ਨਿਰਧਾਰਨ ਮਾਪਣੀ ਵਿੱਚ ਨਾਕਾਰਾਤਮਕ ਪੱਧਰ ‘ਖਰਾਬ’ ਜਾਂ ਅਸੰਤੁਸ਼ਟੀਜਨਕ ਤੋਂ ਲੈ ਕੇ ਉੱਚ ਪੱਧਰੀ, ਉੱਤਮ ਜਾਂ ਜ਼ਿਆਦਾ ਤੋਂ ਜ਼ਿਆਦਾ

ਸੰਤੁਸ਼ਟੀਜਨਕ ’ਤੇ ਦਰਜਾਬੰਦੀ ਕਰਦੇ ਹਾਂ। ਸੰਖੇਪ ਵਿੱਚ ਅਸੀਂ ਗੁਣਾਂ ਦਾ ਜਾਂ ਕਾਰਜਕੁਸ਼ਲਤਾ ਨਿਰਧਾਰਨ ਮਾਪਣੀ ’ਤੇ , ਇਸ ਦੇ ਬਾਰੇ ਵਿੱਚ ਬਿਨਾਂ ਜ਼ਿਆਦਾ ਜਾਣਕਾਰੀ ਦੇ ਕਰਦੇ ਹਾਂ।

ਦਰਜਾਬੰਦੀ ਸਕੇਲ ਇੱਕ ਯੰਤਰ ਹੈ ਜਿਸ ਵਿੱਚ ਨਿਰਧਾਰਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਨੂੰ ਸੰਖਿਆਤਮਕ ਨਿਰਧਾਰਨ ਕੀਤਾ ਜਾਂਦਾ ਹੈ। ਦਰਜਾਬੰਦੀ ਸਕੇਲ ਜਾਂਚ ਸੂਚੀ ਦੇ ਸਮਾਨ ਹੈ ਪਰ ਇਸ ਦੀ ਵਰਤੋਂ ਉਦੋਂ ਕਰਦੇ ਹਾਂ ਜਦੋਂ ਸੂਖਮ ਵਿਵਰਣ ਦੀ ਲੋੜ ਪੈਂਦੀ ਹੈ। ਜਾਂਚ ਸੂਚੀ ਵਿੱਚ ਤੁਸੀਂ ਕੀ ਕਰਦੇ ਹੋ ? ਤੁਸੀਂ ਜਾਂਚ ਸੂਚੀ ਰਾਹੀਂ ਕੇਵਲ ਵਿਸ਼ੇਸ਼ਤਾਵਾਂ ਦੀ ਮੌਜੂਦਗੀ ਜਾਂ ਗੈਰ ਮੌਜੂਦਗੀ ਨੂੰ ਸੂਚਿਤ ਕਰਦੇ ਹੋ, ਪਰ ਦਰਜਾਬੰਦੀ ਸਕੇਲ ਵਿੱਚ ਤੁਹਾਨੂੰ ਦਰਜਾਬੰਦੀ ਕੀਤੀ ਜਾ ਰਹੀ ਵਸਤੂ ਦੇ ਗੁਣ ਦੇ ਪੱਧਰ ਨੂੰ ਸੂਚਿਤ ਕਰਨਾ ਹੁੰਦਾ ਹੈ।

ਨਿਮਨਲਿਖਤ ਦੋ ਉਪਕਰਨਾਂ ’ਤੇ ਧਿਆਨ ਦਿਓ–

ਉਪਕਰਨ–1 (ਇੱਕ ਵਿਦਿਆਰਥੀ ਦੀ ਸਕੂਲ ਗਤੀਵਿਧੀਆਂ ਵਿੱਚ ਸਹਿਭਾਗਤਾ ਲਈ ਜਾਂਚ ਸੂਚੀ)

1. ਕਲਾਸ ਪ੍ਰਾਜੈਕਟ ਵਿੱਚ ਵਿਦਿਆਰਥੀ ਸਰਗਰਮ ਹੈ। ———

2. ਵਿਦਿਆਰਥੀ ਆਪਣੇ ਸਹਿਪਾਠੀਆਂ ਨਾਲ ਸਬੰਧ ਰੱਖਦਾ ਹੈ। ———

3. ਵਿਦਿਆਰਥੀ ਸਮੂਹ ਚਰਚਾ ਵਿੱਚ ਭਾਗ ਲੈਂਦਾ ਹੈ। ———

4. ਵਿਦਿਆਰਥੀ ਖੇਡ ਗਤੀਵਿਧੀਆਂ ਵਿੱਚ ਸਰਗਰਮ ਹੈ। ———

5. ਵਿਦਿਆਰਥੀ ਕਲੱਬ ਗਤੀਵਿਧੀਆਂ ਵਿੱਚ ਸਰਗਰਮ ਹੈ। ———

ਉਪਕਰਨ–2 (ਸਕੂਲ ਗਤੀਵਿਧੀਆਂ ਵਿੱਚ ਵਿਦਿਆਰਥੀ ਦੀ ਸਹਿਭਾਗਤਾ ਲਈ ਦਰਜਾਬੰਦੀ ਸਕੇਲ)

ਤੁਹਾਡੇ ਪ੍ਰੇਖਣ ਅਤੇ ਜਾਂਚ ਦੇ ਆਧਾਰ ’ਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਪੱਧਰ ਨਾਲ ਸਬੰਧਿਤ ਪ੍ਰਸ਼ਨਾਂ ਦੇ ਸੱਜੇ ਪਾਸੇ ਦਿੱਤੀ ਗਈ ਸੰਖਿਆ ’ਤੇ ਗੋਲਾ ਲਗਾਓ।

1. ਅਸੰਤੁਸ਼ਟੀਜਨਕ, 2. ਔਸਤ ਤੋਂ ਹੇਠ, 3. ਔਸਤ, 4. ਔਸਤ ਤੋਂ ਉੱਪਰ, 5. ਉੱਤਮ

1. ਵਿਦਿਆਰਥੀ ਕਲਾਸ ਪ੍ਰਾਜੈਕਟ ਵਿੱਚ ਸਰਗਰਮ ਹੈ। 1 2 3 4 5

2. ਵਿਦਿਆਰਥੀ ਆਪਣੇ ਸਹਿਪਾਠੀਆਂ ਦੇ ਸੰਪਰਕ ਵਿੱਚ ਹੈ। 1 2 3 4 5

3. ਵਿਦਿਆਰਥੀ ਖੇਡ ਗਤੀਵਿਧੀਆਂ ਵਿੱਚ ਸਰਗਰਮ ਹੈ। 1 2 3 4 5

4. ਵਿਦਿਆਰਥੀ ਸਮੂਹ ਚਰਚਾ ਵਿੱਚ ਭਾਗ ਲੈਂਦਾ ਹੈ। 1 2 3 4 5

ਵਿਦਿਆਰਥੀ ਕਲੱਬ ਗਤੀਵਿਧੀਆਂ ਵਿੱਚ ਸਰਗਰਮ ਹੈ। 1 2 3 4 5

ਦੋਨੋਂ ਉਪਕਰਨਾਂ ਵਿੱਚ ਤੁਸੀਂ ਕੀ ਅੰਤਰ ਦੇਖਦੇ ਹੋ ? ਦਰਜਾਬੰਦੀ ਸਕੇਲ ਜਾਂਚ ਸੂਚੀ ਤੋਂ ਕਿਸ ਤਰ੍ਹਾਂ ਭਿੰਨ ਹੈ ? ਕਿਹੜਾ ਉਪਕਰਨ ਵਿਦਿਆਰਥੀ ਦੇ ਵਿਵਹਾਰ ਦਾ ਜ਼ਿਆਦਾ ਗੁਣਾਤਮਕ ਵਿਵਰਣ ਦਿੰਦਾ ਹੈ ? ਉਪਰੋਕਤ ਦਰਜਾਬੰਦੀ ਸਕੇਲ 5 -ਪੁਆਇੰਟ ਸਕੇਲ 'ਤੇ ਆਧਾਰਿਤ ਹੈ, ਜਿਸ ਵਿੱਚ ਵਿਦਿਆਰਥੀਆਂ ਦੇ ਵਿਵਹਾਰ ਦਾ ਨਿਰਧਾਰਨ ਉੱਤਮ (5) ਔਸਤ ਤੋਂ ਉੱਪਰ (4) ਔਸਤ (3) ਔਸਤ ਤੋਂ ਹੇਠ (2) ਅਤੇ ਅਸੰਤੁਸ਼ਟੀਜਨਕ (1)। ਇਸ ਪ੍ਰਕਾਰ ਤੁਸੀਂ 3-ਪੁਆਇੰਟ ਸਕੇਲ ਤਿਆਰ ਕਰ ਸਕਦੇ ਹੋ। ਗੁਣਾਤਮਕ ਵਿਵਰਣ ਦਾ ਤੁਸੀਂ ਉਸਦੇ ਸਾਹਮਣੇ ਦਿੱਤੀ ਗਈ ਢੁਕਵੀਂ ਸੰਖਿਆ ਨੂੰ ਗੋਲ ਘੇਰੇ ਵਿੱਚ ਪਾ ਕੇ ਪਰਿਣਾਮਾਤਮਕ ਰੂਪ ਵਿੱਚ ਪ੍ਰਗਟ ਕਰਨਾ ਹੈ ਜੋ ਕਿ ਦਰਜਾਬੰਦੀ ਨਿਰਧਾਰਨ ਰਾਹੀਂ ਵਿਦਿਆਰਥੀ ਦੇ ਵਿਵਹਾਰ ਨੂੰ ਪਰਿਮਾਣਾਤਮਕ ਰੂਪ ਨਾਲ ਨਿਰਧਾਰਤ ਕਰਦਾ ਹੈ।

### 15.4.4 ਪ੍ਰਸ਼ਨਾਵਲੀ

ਵਿਦਿਆਰਥੀਆਂ ਦੇ ਵਿਵਹਾਰ ਦੇ ਵਿਭਿੰਨ ਗੁਣਾਂ ਦਾ ਨਿਰਧਾਰਨ ਕਰਨ ਲਈ ਇੱਕ ਪ੍ਰਸ਼ਨਾਵਲੀ ਨੂੰ ਪ੍ਰਭਾਵਸ਼ਾਲੀ ਦੇਖਿਆ ਗਿਆ ਹੈ। ਇੰਟਰਵਿਊ ਦੀ ਸੀਮਾ 'ਤੇ ਵਿਚਾਰ ਕਰੋ ਜਿਵੇਂ ਕਿ ਅਸੀਂ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ। ਜਦੋਂ ਕਿ ਦੂਜੀ ਤਰਫ਼ ਸਮਾਂ ਅਤੇ ਊਰਜਾ ਬਚਾਉਣ ਲਈ ਪ੍ਰਸ਼ਨਾਵਲੀ ਇੱਕ ਲਾਭਕਾਰੀ ਵਿਕਲਪ ਹੈ। ਇੱਕ ਹੀ ਸਮੇਂ ਵਿੱਚ ਬਹੁਤ ਸਾਰੇ ਉੱਤਰਦਾਤਾ ਪ੍ਰਸ਼ਨਾਵਲੀ ਰਾਹੀਂ ਸੂਚਨਾ ਦੇ ਸਕਦੇ ਹਨ। ਇੱਕ ਪ੍ਰਸ਼ਨਾਵਲੀ ਵਿੱਚ, ਮੁੱਦਿਆਂ/ਵਿਸ਼ਿਆਂ 'ਤੇ ਕੁਝ ਮਦ ਲਿਖਤੀ ਰੂਪ ਵਿੱਚ ਰੱਖਿਆ ਜਾਂਦਾ ਹੈ। ਉੱਤਰਦਾਤਾ ਨੂੰ ਪ੍ਰਸ਼ਨਾਂ ਦੇ ਉੱਤਰ ਦੇਣੇ ਹੁੰਦੇ ਹਨ। ਪ੍ਰਸ਼ਨ ਇਸ ਪ੍ਰਕਾਰ ਦੇ ਹੋਣੇ ਚਾਹੀਦੇ ਹਨ ਜਿਸ ਨਾਲ ਕਿ ਉੱਤਰ ਵਿਚਾਰਾਂ ਦੀ ਬਜਾਏ ਤੱਥਾਂ 'ਤੇ ਆਧਾਰਿਤ ਹੋਣ। ਉੱਤਰ ਦੇ ਰੂਪ ਵਿੱਚ ਸੂਚਨਾ ਜਾਂ ਤੱਥ ਉਪਲੱਬਧ ਕਰਾਏ ਗਏ ਹਨ, ਉਨ੍ਹਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਉੱਤਰਾਂ ਦਾ ਵਿਸ਼ਲੇਸ਼ਣ ਕਰਕੇ ਅਸੀਂ ਉਚਿੱਤ ਅਤੇ ਪ੍ਰਮਾਣਿਕ ਸਿੱਟੇ ਤੱਕ ਪਹੁੰਚ ਸਕਦੇ ਹਾਂ। ਉਦਾਹਰਨ ਘਰ 'ਤੇ ਬੱਚਿਆਂ ਦੀਆਂ ਸਿਖਲਾਈ ਗਤੀਵਿਧੀਆ ਵਿੱਚ ਸ਼ਾਮਲ ਰਹਿਣ ਦੇ ਬਾਰੇ ਵਿੱਚ ਅਤੇ ਸਕੂਲ ਸਮੇਂ ਤੋਂ ਬਾਅਦ ਪਰਿਵਾਰ ਵੱਲੋਂ ਕਿਸ ਪ੍ਰਕਾਰ ਦੀ ਹੋਰ ਕਿੰਨੀ ਵਾਰ ਸਹਾਇਤਾ ਬੱਚਿਆਂ ਨੂੰ ਉਪਲੱਬਧ ਕਰਾਈ ਜਾਂਦੀ ਹੈ, ਇਸ ਸੰਦਰਭ ਵਿੱਚ ਇੱਕ ਚੰਗੇ ਤਰੀਕੇ ਨਾਲ ਤਿਆਰ ਪ੍ਰਸ਼ਨਾਵਲੀ ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

ਇੱਕ ਪ੍ਰਸ਼ਨਾਵਲੀ ਸਟੀਕ, ਬਿਨਾਂ ਪੱਖਪਾਤ ਦੇ ਇਛੁੱਕ ਅੰਕੜੇ ਉਪਲੱਬਧ ਕਰਾਉਣ ਵਿੱਚ ਬਹੁਤ ਉਪਯੋਗੀ ਹੈ। ਸੂਚਨਾ ਦੇ ਉਦੇਸ਼ ਅਤੇ ਉਦੇਸ਼ ਦੇ ਆਧਾਰ 'ਤੇ ਪ੍ਰਭਾਵਸ਼ਾਲੀ ਮਦਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਉਸਤੋਂ ਬਾਅਦ ਉੱਤਰਦਾਤਾ ਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਜਵਾਬ ਨੂੰ ਅਨਾਮ ਰੱਖਿਆ ਜਾਏਗਾ ਇਸ ਤੋਂ ਬਾਅਦ ਇਕੱਤਰ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਏ।

### 15.4.5 ਇੰਟਰਵਿਊ

ਇੰਟਰਵਿਊ ਆਹਮਣੇ ਸਾਹਮਣੇ ਗੱਲਬਾਤ ਕਰਕੇ ਕਿਸੇ ਵਿਸ਼ੇਸ਼ ਉਦੇਸ਼ ਨੂੰ ਧਿਆਨ ਵਿੱਚ ਰੱਖਕੇ ਪ੍ਰਤੱਖ ਸੂਚਨਾ ਇਕੱਤਰ ਕਰਨ ਦੀ ਇੱਕ ਪ੍ਰਭਾਵਕਾਰੀ ਤਕਨੀਕ ਹੈ। ਜਦੋਂ ਸਾਨੂੰ ਵਿਦਿਆਰਥੀ ਦੇ ਵਿਸ਼ੇਸ਼ ਵਿਵਹਾਰ ਦੇ ਸਬੰਧ ਵਿੱਚ ਕਾਰਨ ਜਾਣਨ ਦੀ ਲੋੜ ਹੁੰਦੀ ਹੈ ਅਤੇ ਵਿਦਿਆਰਥੀ ਤੋਂ ਵਿਅਕਤੀਗਤ ਰੂਪ ਨਾਲ ਪ੍ਰਸ਼ਨ ਕਰਕੇ ਉੱਤਰ ਪ੍ਰਾਪਤ ਕਰਨਾ ਸਭ ਤੋਂ ਚੰਗਾ ਤਰੀਕਾ ਹੈ। ਵਿਦਿਆਰਥੀ ਆਪਣੇ ਅਧਿਆਪਕ ਦੇ ਬਾਰੇ ਵਿੱਚ ਜੋ ਵਿਸ਼ਵਾਸ ਰੱਖਦਾ ਹੈ, ਉਹ ਅਧਿਆਪਕ ਨੂੰ ਸਹੀ ਸੂਚਨਾ ਪ੍ਰਾਪਤ ਕਰਨ ਵਿੱਚ ਸਹਾਇਤਾ ਕਰੇਗਾ। ਕਾਰਜ ਦੀ ਪ੍ਰਕਿਰਤੀ ਦੇ ਆਧਾਰ 'ਤੇ ਅਧਿਆਪਕ ਵਿਦਿਆਰਥੀ ਤੋਂ ਖੁੱਲ੍ਹੇ ਪ੍ਰਸ਼ਨ ਜਾਂ ਬੰਦ ਪ੍ਰਸ਼ਨ ਪੁੱਛ ਸਕਦਾ ਹੈ। ਇੰਟਰਵਿਊ ਰਾਹੀਂ ਜੋ ਸੂਚਨਾ ਇਕੱਤਰ ਕੀਤੀ ਜਾਂਦੀ ਹੈ, ਉਸਦਾ ਸਾਵਧਾਨੀ ਪੂਰਬਕ ਰਿਕਾਰਡ, ਇੱਕ ਸਿੱਟੇ ਤੱਕ ਪਹੁੰਚਣ ਲਈ ਕਰਨਾ ਚਾਹੀਦਾ ਹੈ। ਇੰਟਰਵਿਊ ਤੋਂ ਪਹਿਲਾਂ ਇੰਟਰਵਿਊਕਰਤਾ ਨੂੰ ਸੂਚਨਾ ਰਿਕਾਰਡ ਕਰਨ ਲਈ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ। ਇੰਟਰਵਿਊ ਪ੍ਰੋਗਰਾਮ ਦਾ ਨਿਰਧਾਰਨ ਕਰਨ ਨਾਲ ਇੰਟਰਵਿਊਕਰਤਾ ਨੂੰ ਵਿਸ਼ੇ ਵਸਤੂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਸਹਾਇਤਾ

ਮਿਲਦੀ ਹੈ। ਸੰਰਚਿਤ ਪ੍ਰਸ਼ਨ ਉੱਤਰਾਂ ਦਾ ਵਰਗੀਕਰਨ ਅਤੇ ਅਸੰਰਚਿਤ ਇੰਟਰਵਿਊ ਉੱਤਰਦਾਤਾ ਨੂੰ ਜ਼ਿਆਦਾ ਆਜ਼ਾਦੀ ਪ੍ਰਦਾਨ ਕਰਦਾ ਹੈ। ਇੰਟਰਵਿਊ ਛੋਟੇ ਬੱਚਿਆਂ ਅਤੇ ਅਨਪੜ੍ਹਾ ਲਈ ਕਾਫ਼ੀ ਉਪਯੋਗੀ ਹੈ। ਇੱਕ ਉੱਤਰਦਾਤਾ ਨੂੰ ਇੰਟਰਵਿਊ ਕਰਦੇ ਸਮੇਂ ਨਿਮਨ ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

– ਅਜਿਹੇ ਪ੍ਰਸ਼ਨ ਕਰੋ ਜੋ ਤੁਹਾਡੇ ਉਦੇਸ਼ ਨੂੰ ਸੰਤੁਸ਼ਟ ਕਰਨ

– ਉੱਤਰਦਾਤਾ ਨੂੰ ਉੱਤਰ ਦੇਣ ਲਈ ਉਚਿਤ ਸਮਾਂ ਦਿਓ।

– ਉੱਤਰਦਾਤਾ ਵਿੱਚ ਵਿਸ਼ਵਾਸ ਅਤੇ ਸਾਹਸ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

– ਉੱਤਰਦਾਤਾ ਨਾਲ ਸਬੰਧ ਬਣਾਓ ਇਹ ਇੰਟਰਵਿਊ ਦੀ ਸਥਿਰਤਾ ਨੂੰ ਸੁਨਿਸ਼ਚਤ ਕਰਦਾ ਹੈ।

– ਪ੍ਰਸ਼ਨਾਂ ਵਿੱਚ ਸਪੱਸ਼ਟਤਾ ਲਿਆਓ।

ਇੰਟਰਵਿਊ ਉੱਤਰਦਾਤਾ ਦੀ ਸਥਿਤੀ ਦੇ ਸੰਦਰਭ ਵਿੱਚ ਸਪੱਸ਼ਟੀਕਰਨ ਅਤੇ ਖੋਜ ਲਈ ਅਵਸਰ ਪ੍ਰਦਾਨ ਕਰਦਾ ਹੈ, ਪਰ ਇਹ ਮਹਿੰਗਾ ਅਤੇ ਜ਼ਿਆਦਾ ਸਮਾਂ ਖਰਚ ਕਰਦੀ ਹੈ ਕਿਉਂਕਿ ਇੰਟਰਵਿਊ ਇੱਕ ਸਮੇਂ ਵਿੱਚ ਇੱਕ ਹੀ ਵਿਅਕਤੀ ਨਾਲ ਆਹਮੋ ਸਾਹਮਣੇ ਬੈਠ ਕੇ ਪੂਰੀ ਕੀਤੀ ਜਾ ਸਕਦੀ ਹੈ।

15.4.6 ਪੋਰਟਫੋਲਿਓ

ਪੋਰਟਫੋਲਿਓ ਵਿਦਿਆਰਥੀ ਦਾ ਕਿਸੇ ਵਿਸ਼ੇਸ਼ ਉਦੇਸ਼ ਦੀ ਪ੍ਰਾਪਤੀ ਲਈ ਕੀਤੇ ਗਏ ਕਾਰਜ ਦੇ ਚੁਣੇ ਹੋਏ ਹਿੱਸੇ ਦਾ ਸੰਗ੍ਰਹਿ ਹੁੰਦਾ ਹੈ। ਇਹ ਕੇਵਲ ਵਿਦਿਆਰਥੀ ਦੇ ਕਾਰਜ ਨੂੰ ਹੀ ਨਹੀਂ ਰੱਖਦਾ ਬਲਕਿ ਉਸਦੇ ਉੱਤਮ ਕਾਰਜਾਂ ਦਾ ਵੀ ਸੰਗ੍ਰਹਿ ਹੁੰਦਾ ਹੈ। ਪੋਰਟਫੋਲਿਓ ਵਿਦਿਆਰਥੀ ਦਾ ਨਿਰਧਾਰਨ ਕਰਨ ਲਈ ਇੱਕ ਪ੍ਰਭਾਵਸ਼ਾਲੀ ਉਪਕਰਨ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।

ਪੋਰਟਫੋਲਿਓ ਸਵੈ ਮੁਲਾਂਕਣ ਕਰਨ ਦੇ ਕੁਸ਼ਲਾਂ ਨੂੰ ਪ੍ਰੋਤਸਾਹਨ ਦੇਣ ਲਈ ਇੱਕ ਪ੍ਰਭਾਵਸ਼ਾਲੀ ਉਪਕਰਨ ਸਿੱਧ ਹੋ ਸਕਦਾ ਹੈ ਜੋ ਕਿ ਵਿਦਿਆਰਥੀਆਂ ਨੂੰ ਇੱਕ ਸੁਤੰਤਰ ਚਿੰਤਨ ਲਈ ਪ੍ਰੇਰਿਤ ਕਰਦਾ ਹੈ। ਜਦੋਂ ਵਿਦਿਆਰਥੀ ਕੋਈ ਅਸਾਧਾਰਨ ਰਚਨਾਤਮਕ ਕਾਰਜ ਜਾਂ ਸੰਗ੍ਰਹਿ ਕਰਦਾ ਹੈ, ਤਾਂ ਉਸਨੂੰ ਪੋਰਟਫੋਲਿਓ ਵਿੱਚ ਰੱਖਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਪੋਰਟਫੋਲਿਓ ਵਿੱਚ ਕੁਝ ਸਵੈ ਮੁਲਾਂਕਣ ਦੇ ਅੰਸ਼ ਸ਼ਾਮਲ ਕਰਨ ਅਤੇ ਹਰੇਕ ਸਫੇ 'ਤੇ ਆਪਣੀ ਵਿਚਾਰਪੂਰਨ ਟਿੱਪਣੀ ਲਿਖਣ।

ਇਸ ਪ੍ਰਕਾਰ ਪੋਰਟਫੋਲਿਓ ਵਿਦਿਆਰਥੀਆਂ ਨੂੰ ਆਪਣੇ ਸਵੈ ਮੁਲਾਂਕਣ ਅਤੇ ਸਵੈਚਿੰਤਨ ਦੇ ਜ਼ਰੀਏ ਕਾਰਜ ਕੁਸ਼ਲਤਾ ਕਰਨ ਦਾ ਅਵਸਰ ਉਪਲੱਬਧ ਕਰਾਉਂਦਾ ਹੈ। ਅਧਿਆਪਕ ਵੱਲੋਂ ਸਾਰੇ ਵਿਦਿਆਰਥੀਆਂ ਦੇ ਪੋਰਟਫੋਲਿਓ ਦਾ ਨਿਯਮਤ ਅੰਤਰਾਲ ਵਿੱਚ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਦੀ ਮੌਜੂਦਗੀ ਵਿੱਚ ਪ੍ਰਦਰਸ਼ਨ ਕੀਤਾ ਜਾ ਸਕਦਾ ਹੈ। ਇਹ ਆਗਾਮੀ ਸਿਖਲਾਈ ਲਈ ਅਵਸਰ ਦੀ ਰਚਨਾ ਕਰਦਾ ਹੈ ਅਤੇ ਮਾਪਿਆਂ ਨੂੰ ਸਕੂਲ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦਾ ਵੀ ਅਵਸਰ ਉਪਲੱਭਧ ਕਰਾਉਂਦਾ ਹੈ। ਇਹ ਵਿਦਿਆਰਥੀਆਂ ਦੇ ਮਜ਼ਬੂਤ ਪੱਖਾਂ ਅਤੇ ਉਨ੍ਹਾਂ ਦੇ ਵਿਅਕਤੀਤਵ ਦੇ ਸਾਕਾਰਾਤਮਕ ਪਹਿਲੂਆਂ 'ਤੇ ਚਰਚਾ ਕਰਨ ਲਈ ਇੱਕ ਮੰਚ ਉਪਲੱਬਧ ਕਰਾਉਂਦਾ ਹੈ। ਪੋਰਟਫੋਲਿਓ ਦੇ ਮਜ਼ਬੂਤ ਪੱਖਾਂ ਨੂੰ ਹੇਠ ਲਿਖੇ ਡੱਬੇ ਵਿੱਚ ਦਿੱਤਾ ਗਿਆ ਹੈ।

ਪੋਰਟਫੋਲਿਓ ਦੀ ਤਾਕਤ

ਵਿਦਿਆਰਥੀਆਂ ਵਿੱਚ ਸਵੈ ਦੇ ਮਜ਼ਬੂਤ ਅਤੇ ਕਮਜ਼ੋਰ ਪੱਖਾਂ ਦਾ ਮੁਲਾਂਕਣ ਕਰਨ ਦਾ ਕੁਸ਼ਲ ਵਿਕਸਤ ਕਰਦਾ ਹੈ। ਵਿਦਿਆਰਥੀਆਂ ਨੂੰ ਟੀਚਾ ਨਿਰਧਾਰਨ ਅਤੇ ਸਵੈ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਦੀ ਜ਼ਿੰਮੇਵਾਰੀ ਲੈਣ ਵਿੱਚ ਸਹਾਇਤਾ ਕਰਦਾ ਹੈ।

ਵਿਦਿਆਰਥੀਆਂ ਦੀ ਪ੍ਰਗਤੀ 'ਤੇ ਚਿੰਤਨ ਅਤੇ ਸਹਿਯੋਗ ਕਰਨ ਲਈ ਅਵਸਰ ਦੀ ਰਚਨਾ ਕਰਦਾ ਹੈ। ਸਮੇਂ ਅਨੁਸਾਰ ਵਿਦਿਆਰਥੀਆਂ ਦੇ ਵਿਕਾਸ ਦਾ ਠੋਸ ਉਦਾਹਰਨ ਪੇਸ਼ ਕਰਦਾ ਹੈ ਅਤੇ ਉਨ੍ਹਾਂ ਦੇ ਮੌਜੂਦਾ ਕੁਸ਼ਲਾਂ ਦਾ ਵੀ ਪ੍ਰਦਰਸ਼ਨ ਕਰਦਾ ਹੈ।

ਮਾਪਿਆਂ ਲਈ ਆਪਣੇ ਬੱਚਿਆਂ ਦੀ ਕਾਰਜਕੁਸ਼ਲਤਾ ਦਾ ਨਿਰਧਾਰਨ ਕਰਨ ਲਈ ਅਵਸਰ ਦੀ ਰਚਨਾ ਕਰਦਾ ਹੈ।

ਪੋਰਟਫੋਲਿਓ ਦੀ ਸਿਖਲਾਈ ਅਤੇ ਮੁਲਾਂਕਣ ਦੋਨੋਂ ਉਦੇਸ਼ਾਂ ਲਈ ਵਰਤੋਂ ਕਰਦੇ ਸਮੇਂ ਅਧਿਆਪਕ ਉਸਦੇ ਉਦੇਸ਼ ਨੂੰ ਨਿਰਧਾਰਤ ਕਰੇਗਾ, ਪੋਰਟਫੋਲਿਓ ਉਦੇਸ਼ ਦੀ ਚੋਣ ਲਈ ਦਿਸ਼ਾ ਨਿਰਦੇਸ਼ ਉਪਲੱਬਧ ਕਰਾਏਗਾ, ਸਵੈ ਮੁਲਾਂਕਣ ਅਤੇ ਚੋਣ ਕਰਨ ਵਿੱਚ ਵਿਦਿਆਰਥੀ ਦੀ ਭੂਮਿਕਾ ਨੂੰ ਪਰਿਭਾਸ਼ਿਤ ਕਰੇਗਾ, ਮੁਲਾਂਕਣ ਮਾਪਦੰਡ ਦਾ ਨਿਰਧਾਰਨ ਕਰੇਗਾ ਅਤੇ ਪੋਰਟਫੋਲਿਓ ਦੀ ਵਰਤੋਂ ਹਦਾਇਤ ਅਤੇ ਸੰਚਾਰਕਰਨ ਵਿੱਚ ਕਰੇਗਾ।

ਇੱਕ ਸਮੇਂ ਵਿੱਚ (ਇੱਕ ਪੀਰੀਅਡ ਜਾਂ ਪੂਰੇ ਸਕੂਲ ਸ਼ੈਸਨ) ਸੰਗ੍ਰਹਿ ਕਾਰਜ ਦੇ ਪੋਰਟਫੋਲਿਓ ਦਾ ਵਿਸ਼ੇਸ਼ ਕਰਕੇ ਰਚਨਾਤਮਕ ਮੁਲਾਂਕਣ ਕਰਨ ਵਿੱਚ ਪ੍ਰਭਾਵਸ਼ਾਲੀ ਹੋ ਸਕਦਾ ਹੈ। ਉਦਾਹਰਨ ਲਈ ਇੱਕ ਸਮੇਂ ਵਿੱਚ (6 ਮਹੀਨੇ) ਵਿੱਚ ਵਿਦਿਆਰਥੀ ਦੇ ਰਚਨਾਤਮਕ ਲੇਖਣ ਦੇ ਸੰਗ੍ਰਹਿ ਨਾਲ ਅਧਿਆਪਕ ਵਿਦਿਆਰਥੀ ਦੇ ਵਿਆਕਰਨ ਵਿਚਾਰਾਂ ਨੂੰ ਵਿਵਸਥਿਤ ਕਰਨ ਦੀ ਸਮਰੱਥਾ ਅਤੇ ਉਸ ਸਮੇਂ ਵਿੱਚ ਉਨ੍ਹਾਂ ਦੀ ਪ੍ਰਗਤੀ ਦੇ ਵਿਕਾਸ ਦਾ ਨਿਰਧਾਰਨ ਕਰ ਸਕਦਾ ਹੈ।

ਵਿਦਿਆਰਥੀ ਆਪਣੇ ਅਧਿਆਪਕ ਨਾਲ ਮਿਲ ਕੇ ਆਪਣੇ ਕਾਰਜਾਂ ਦਾ ਮੁਲਾਂਕਣ ਮਾਪਦੰਡ ਵਿਕਸਤ ਕਰਕੇ, ਕਰ ਸਕਦੇ ਹਨ। ਇਸ ਪ੍ਰਕਾਰ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਪੋਰਟਫੋਲਿਓ ਨੂੰ ਕਲਾਸ ਰੂਮ ਹਦਾਇਤਾਂ ਨਾਲ ਜੋੜਿਆ ਜਾ ਸਕਦਾ ਹੈ, ਸਵੈ ਮੁਲਾਂਕਣ ਕੁਸ਼ਲਾਂ ਦੇ ਵਿਕਾਸ ਲਈ ਉਪਯੋਗ ਕੀਤਾ ਜਾ ਸਕਦਾ ਹੈ ਅਤੇ ਗਤੀਵਿਧੀ ਰਾਹੀਂ ਵਿਦਿਆਰਥੀ ਆਪਣੀ ਸਵੈ ਦੀ ਸਿਖਲਾਈ ਦੀ ਜ਼ਿੰਮੇਵਾਰੀ ਲੈ ਸਕਦੇ ਹਨ।

ਗਤੀਵਿਧੀ-6

ਆਪਣੀ ਕਲਾਸ ਦੇ ਵਿਦਿਆਰਥੀਆਂ ਦੀ ਵਿਗਿਆਨ ਪ੍ਰਯੋਗਾਂ ਵਿੱਚ ਪ੍ਰਗਤੀ ਦੇ ਨਿਰਧਾਰਨ ਵਿੱਚ ਉਪਯੋਗ ਕਰਨ ਲਈ ਇੱਕ ਪੋਰਟਫੋਲਿਓ ਦੀ ਰਚਨਾ ਕਰੋ।

15.4.7 ਪ੍ਰਾਜੈਕਟ

ਪ੍ਰਾਜੈਕਟ ਵਿਦਿਆਰਥੀਆਂ ਦੇ ਜੀਵਨ ਅਤੇ ਪਾਠ ਪੁਸਤਕ ਦੇ ਅੰਦਰ ਦੇ ਗਿਆਨ ਦੇ ਵਿਚਕਾਰ ਇੱਕ ਸਬੰਧ ਸਥਾਪਿਤ ਕਰਨ ਵਿੱਚ ਕਾਫ਼ੀ ਉਪਯੋਗੀ ਹੈ। ਬੈਲਾਰਡ ਅਨੁਸਾਰ 'ਇੱਕ ਪ੍ਰਾਜੈਕਟ ਅਸਲ ਜੀਵਨ ਦਾ ਇੱਕ ਛੋਟਾ ਜਿਹਾ ਹਿੱਸਾ ਜਿਸ ਨੂੰ ਸਕੂਲ ਵਿੱਚ ਦਿੱਤਾ ਗਿਆ ਹੈ।' ਸਕੂਲ ਦੇ ਵਿਭਿੰਨ ਵਿਸ਼ਿਆਂ ਵਿੱਚ ਕਾਰਜ ਪ੍ਰਾਜੈਕਟ ਉੱਚ ਪੱਧਰ ਦੇ ਕੁਸ਼ਲਾਂ ਨੂੰ ਸਿੱਖਣ ਲਈ ਜਿਵੇਂ ਸੰਰਚਨਾਤਮਕ ਅਤੇ ਰਚਨਾਤਮਕ ਚਿੰਤਨ, ਅਵਸਰ ਦੀ ਰਚਨਾ ਕਰਦਾ ਹੈ। ਪ੍ਰਾਜੈਕਟ ਵਿੱਚ ਵਿਦਿਆਰਥੀਆਂ ਲਈ ਇੱਕ ਸਮੱਸਿਆ ਪੇਸ਼ ਕੀਤੀ ਜਾਂਦੀ ਹੈ, ਜਿਸਦਾ ਹੱਲ ਵਿਦਿਆਰਥੀਆਂ ਨੂੰ ਲੱਭਣਾ ਹੁੰਦਾ ਹੈ। ਪ੍ਰਾਜੈਕਟ ਵਿਅਕਤੀਗਤ ਵਿਦਿਆਰਥੀ ਜਾਂ ਵਿਦਿਆਰਥੀਆਂ ਦੇ ਇੱਕ ਛੋਟੇ ਸਮੂਹ ਵੱਲੋਂ ਲਿਆ ਜਾ ਸਕਦਾ ਹੈ।

ਪ੍ਰਾਜੈਕਟ ਦੀ ਇੱਕ ਉਦਾਹਰਨ ਹੇਠ ਦਿੱਤੀ ਗਈ ਹੈ।

ਮੌਸਮ ਤਬਦੀਲੀ ਦੇ ਨਾਲ ਪੰਛੀਆਂ ਦੀ ਸੰਖਿਆ ਵਿੱਚ ਤਬਦੀਲੀ, ਸਥਾਨ ਜਿੱਥੇ ਉਹ ਪਾਏ ਜਾਂਦੇ ਹਨ, ਉਹ ਕਿਵੇਂ ਉੱਡਦੇ ਹਨ (ਸਿੱਧੇ, ਬਿਨਾਂ ਖੰਭ ਹਿਲਾਏ, ਡੁੱਬਕੇ ਆਦਿ), ਉਨ੍ਹਾਂ ਦੇ ਸਰੀਰ ਦਾ ਵਿਵਰਣ (ਆਕਾਰ, ਰੂਪ, ਰੰਗ, ਸਰੀਰ ਦੇ ਹਿੱਸੇ) ਚਾਲ, ਆਵਾਜ਼, ਭੋਜਨ ਅਤੇ ਭੋਜਨ ਕਰਨ ਦੀਆਂ ਆਦਤਾਂ, ਆਲ੍ਹਣਾ, ਅੰਡੇ (ਸੰਖਿਆ, ਆਕਾਰ, ਰੰਗ) ਆਦਿ।

ਇਸ ਪ੍ਰਕਾਰ ਸਕੂਲ ਕੈਂਪਸ ਦੇ ਸੁੰਦਰੀਕਰਨ 'ਤੇ, ਆਸ ਪਾਸ ਦੇ ਦਰੱਖਤਾਂ, ਸਥਾਨਕ ਉਦਯੋਗਾਂ ਦੇ ਸਰਵੇਖਣ 'ਤੇ ਵਿਦਿਆਰਥੀਆਂ ਵੱਲੋਂ ਪ੍ਰਾਜੈਕਟ ਦਾ ਕਾਰਜ ਕੀਤਾ ਜਾ ਸਕਦਾ ਹੈ। ਪ੍ਰਾਜੈਕਟ ਦਾ ਆਯੋਜਨ ਕਰਨ ਵਿੱਚ ਕਈ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ ਜਿਵੇਂ ਪ੍ਰਾਜੈਕਟ ਦੀ ਚੋਣ, ਇਸ ਲਈ ਯੋਜਨਾ ਬਣਾਉਣੀ, ਲਾਗੂ ਕਰਨੀ, ਮੁਲਾਂਕਣ ਅਤੇ ਰਿਕਾਰਡ ਕਰਨਾ। ਪ੍ਰਾਜੈਕਟ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ ਅਕਾਦਮਿਕ ਦੋਨੋਂ ਖੇਤਰਾਂ ਵਿੱਚ ਉਨ੍ਹਾਂ ਦੇ ਵਿਵਹਾਰ ਦਾ ਮੁਲਾਂਕਣ ਕਰਨ ਲਈ ਇੱਕ ਪ੍ਰਭਾਵਸ਼ਾਲੀ ਤਕਨੀਕ ਦੇ ਰੂਪ ਵਿੱਚ ਕਾਰਜ ਕਰ ਸਕਦੇ ਹਨ। ਇੱਥੇ ਅਧਿਆਪਕਾਂ ਨੂੰ , ਵਿਦਿਆਰਥੀਆਂ ਦੀਆਂ ਵਿਭਿੰਨ ਸਥਿਤੀਆਂ ਵਿੱਚ ਗਿਆਨ ਦਾ ਉਪਯੋਗ ਕਰਨ ਦੀ ਸਮਰੱਥਾ ਦੇ ਬਾਰੇ ਵਿੱਚ ਸੂਚਨਾ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦਾ ਹੈ। ਇਸ ਤੋਂ ਇਲਾਵਾ ਇਹ ਅਧਿਆਪਕ ਨੂੰ ਵਿਦਿਆਰਥੀਆਂ ਦੇ ਅੰਕੜਿਆਂ ਨੂੰ ਰਿਕਾਰਡ ਕਰਨ, ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਪ੍ਰਾਜੈਕਟ ਦਾ ਰਿਕਾਰਡ ਕਰਨ ਦੇ ਕੁਸ਼ਲਾਂ ਨੂੰ ਜਾਣਨ ਦੇ ਯੋਗ ਬਣਾਉਂਦਾ ਹੈ। ਵਿਦਿਆਰਥੀ ਆਪਣੇ ਕਾਰਜ ਦੀ ਕਾਰਜਕੁਸ਼ਲਤਾ ਦਾ ਨਿਰਧਾਰਨ ਸਵੈ ਕਰ ਸਕਦਾ ਹੈ। ਵਿਅਕਤੀਗਤ ਗੁਣਾਂ ਜਿਵੇਂ ਨਿਸ਼ਠਾ, ਕਾਰਜ ਵਿੱਚ ਸਫ਼ਾਈ, ਵਿਵਸਥਿਤ ਪ੍ਰਕਿਰਿਆ ਦਾ ਪਾਲਣ, ਸਮੂਹ ਵਿੱਚ ਕਾਰਜ ਕਰਨਾ, ਦਾ ਵੀ ਪ੍ਰਾਜੈਕਟ ਰਾਹੀਂ ਮੁਲਾਂਕਣ ਕੀਤਾ ਜਾ ਸਕਦਾ ਹੈ।

ਗਤੀਵਿਧੀ-7

ਜਿੱਥੇ ਤੁਸੀਂ ਪੜ੍ਹਾ ਰਹੇ ਹੋ, ਆਪਣੀ ਕਲਾਸ ਦੇ ਵਿਦਿਆਰਥੀਆਂ ਲਈ ਉਚਿਤ 10 ਪ੍ਰਾਜੈਕਟਾਂ ਦੀ ਸੂਚੀ ਤਿਆਰ ਕਰੋ

15.4.8 ਕੇਸ ਅਧਿਐਨ

ਕੇਸ ਅਧਿਐਨ ਇੱਕ ਵਿਅਕਤੀ, ਇੱਕ ਪਰਿਵਾਰ, ਇੱਕ ਸਕੂਲ ਜਾਂ ਬੱਚਿਆਂ ਦੇ ਇੱਕ ਸਮੂਹ ਦੀ ਡੂੰਘਾਈ ਨਾਲ ਜਾਂਚ ਪੜਤਾਲ ਹੈ। ਸਿੱਖਿਆ ਵਿੱਚ ਸਮੱਸਿਆਗ੍ਰਸਤ ਬੱਚਿਆਂ ਦੇ ਪਿਛੋਕੜ ਵਾਤਾਵਰਣ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦਾ ਨਿਰਧਾਰਨ ਕਰਨ ਲਈ ਇਸ ਨੂੰ ਕੀਤਾ ਜਾਂਦਾ ਹੈ। ਵਰਤਮਾਨ ਅਵਸਥਾ, ਪੁਰਾਣੇ ਅਨੁਭਵ ਅਤੇ ਹੋਰ ਸਬੰਧਿਤ ਘਟਨਾਵਾਂ ਦੇ ਬਾਰੇ ਵਿੱਚ ਜ਼ਰੂਰੀ ਅੰਕੜੇ ਇਕੱਠੇ ਕਰਕੇ ਅਸੀਂ ਸਮੱਸਿਆਗ੍ਰਸਤ ਬੱਚਿਆਂ ਜਿਵੇਂ ਗੈਰ ਹਾਜ਼ਰ ਰਹਿਣ ਵਾਲੇ, ਆਕਰਮਕ, ਨਿਰਾਸ਼ਾਗ੍ਰਸਤ ਦੇ ਵਰਤਮਾਨ ਵਿਵਹਾਰ ਅਤੇ ਕਾਰਜਕੁਸ਼ਲਤਾ ਨੂੰ ਸਮਝ ਸਕਦੇ ਹਾਂ। ਇਨ੍ਹਾਂ ਅੰਕੜਿਆਂ ਦਾ ਗੁਣਾਤਮਕ ਵਿਸ਼ਲੇਸ਼ਣ ਕੇਸ ਦਾ ਵਿਆਪਕ ਅਤੇ ਸੰਯੋਜਿਤ ਦ੍ਰਿਸ਼ ਦੀ ਸੰਰਚਨਾ ਕਰਨ ਵਿੱਚ ਸਹਾਇਕ ਹੁੰਦਾ ਹੈ। ਕੇਸ ਅਧਿਐਨ ਦ੍ਰਿਸ਼ਟੀਕੋਣ ਵਿੱਚ ਜਾਂਚ ਕਰਤਾ (ਅਧਿਆਪਕ) ਵਿਅਕਤੀ ਨੂੰ ਵਿਲੱਖਣ ਕੇਸ ਮੰਨਕੇ ਆਪਣੀ ਰੁਚੀ ਨੂੰ ਉਨ੍ਹਾਂ ਤੱਕ ਸੀਮਤ ਰੱਖਦਾ ਹੈ ਜਾਂ ਵਿਅਕਤੀਆਂ ਦੇ ਇੱਕ ਛੋਟੇ ਸਮੂਹ ਤੋਂ ਅੰਕੜੇ ਇਕੱਠੇ ਕਰਦਾ ਹੈ ਜਿਸ ਨੂੰ ਡੂੰਘੇ ਅਧਿਆਪਨ ਲਈ ਇੱਕ ਇਕਾਈ ਦੇ ਰੂਪ ਵਿੱਚ ਲੈਂਦਾ ਹੈ।

ਕੇਸ ਅਧਿਐਨ ਲੰਬਕਾਰ (ਬੱਚਿਆਂ ਦੇ ਬਾਰੇ ਵਿੱਚ ਇੱਕ ਲੰਬੇ ਸਮੇਂ ਤੱਕ ਸੂਚਨਾ ਇਕੱਠੀ ਕਰਨਾ) ਜਾਂ ਖਿਤਿਜ ਜਾਂ ਪ੍ਰਤੀਨਿਧੀਤਾਮਕ (ਮੌਜੂਦਾ ਸਮੇਂ ਵਿੱਚ ਬੱਚਿਆਂ ਦੇ ਬਾਰੇ ਵਿੱਚ ਸੰਭਵ ਸਰੋਤਾਂ ਤੋਂ ਸੂਚਨਾ ਇਕੱਠੀ ਕਰਨੀ) ਹੋ ਸਕਦੀ ਹੈ।

ਹਾਲਾਂਕਿ ਅੰਕੜਿਆਂ ਦਾ ਪੂਰਵ ਅਨੁਮਾਨ ਅੰਕੜੇ ਇਕੱਤਰ ਕਰਨ ਅਤੇ ਵਿਸ਼ਲੇਸ਼ਣ ਤਕਨੀਕਾਂ ਵਿੱਚ ਪੱਖਪਾਤ ਢੰਗ ਨਾਲ ਵਿਅਕਤੀਗਤ ਵਿਚਾਰ ਦਾ ਸਮਾਵੇਸ਼ ਕਰਨ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ।

ਜਾਂਚ ਕਰਤਾ ਨੂੰ ਕੇਸ ਅਧਿਐਨ ਆਯੋਜਿਤ ਕਰਨ ਨਾਲ ਸਬੰਧਿਤ ਸਾਰੇ ਕੁਸ਼ਲਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਕੇਸ ਅਧਿਐਨ ਆਯੋਜਿਤ ਕਰਦੇ ਸਮੇਂ ਨਿਮਨਲਿਖਤ ਪੜਾਵਾਂ ਦਾ ਪਾਲਣ ਕਰ ਸਕਦੇ ਹਾਂ।

- ਕੇਸ ਦੀ ਮੌਜੂਦਾ ਅਵਸਥਾ ਦਾ ਨਿਰਧਾਰਨ ਕਰਨਾ ਪ੍ਰਤੱਖ ਪ੍ਰੇਖਣ ਰਾਹੀਂ ਨਿਰਧਾਰਨ ਕੀਤਾ ਜਾ ਸਕਦਾ ਹੈ। ਤੁਸੀਂ ਕਿਸੇ ਵੀ ਪ੍ਰਕਾਰ ਦੇ ਟੈਸਟ ਦੀ ਸਹਾਇਤਾ ਲੈ ਸਕਦੇ ਹੋ। ਮਾਪਿਆਂ, ਸਹਿਪਾਠੀਆਂ ਨਾਲ ਗੱਲ ਕਰਦੇ ਬੱਚੇ ਦੇ ਬਾਰੇ ਵਿੱਚ ਸੂਚਨਾ ਪ੍ਰਾਪਤ ਕਰ ਸਕਦੇ ਹੋ।

- ਸਭ ਤੋਂ ਜ਼ਿਆਦਾ ਸੰਭਾਵਿਤ ਪੂਰਵ ਨਿਰਧਾਰਨ ਕਰਨਾ-ਇਹ ਸੂਚਨਾ ਕਾਰਜ ਯੋਗ ਕਲਪਨਾ ਦੀ ਰਚਨਾ ਕਰਨ ਵਿੱਚ ਸਹਾਇਤਾ ਕਰਦਾ ਹੈ।

- ਪੂਰਵ ਨਿਰਧਾਰਤ ਦੀ ਜਾਂਚ ਕਰਨੀ।

- ਕਾਰਨਾਂ ਦਾ ਨਿਦਾਨ ਕਰਨਾ ਅਤੇ ਕਾਰਨ ਦੇ ਵਿਸ਼ੇ ਵਿੱਚ ਸੁਧਾਰਾਤਮਕ ਉਪਾਅ ਦੀ ਯੋਜਨਾ ਬਣਾਉਣਾ।

- ਕੇਸ ਦਾ ਪਾਲਣ ਕਰਨਾ।

- ਇੱਕ ਪ੍ਰਭਾਵਸ਼ਾਲੀ ਤਕਨੀਕ ਦੇ ਰੂਪ ਵਿੱਚ ਕੇਸ ਅਧਿਐਨ ਸਮੱਸਿਆ ਨੂੰ ਪਛਾਣਨ ਅਤੇ ਰਣਨੀਤੀ ਵਿਕਾਸ ਲਈ ਯੋਜਨਾ ਬਣਾਉਣ ਵਿੱਚ ਕੇਸ ਨਾਲ ਸਬੰਧਿਤ ਸੂਚਨਾ ਦਿੰਦਾ ਹੈ।

ਗਤੀਵਿਧੀ-8

ਇੱਕ ਜਾਂ ਦੋ ਵਿਦਿਆਰਥੀਆਂ ਦੀ ਪਛਾਣ ਕਰੋ ਜੋ ਨਿਯਮਤ ਰੂਪ ਵਿੱਚ ਸਕੂਲ ਵਿੱਚੋਂ ਗੈਰ ਹਾਜ਼ਰ ਹੁੰਦੇ ਹਨ। ਉਨ੍ਹਾਂ ਦੇ ਮਾਪਿਆਂ, ਸਹਿਪਾਠੀਆਂ ਤੋਂ ਸਲਾਹ ਲੈ ਕੇ ਸੂਚਨਾ ਪ੍ਰਾਪਤ ਕਰੋ। ਪਤਾ ਕਰੋ ਕਿ ਇਸ ਪ੍ਰਕਾਰ ਦੇ ਵਿਵਹਾਰ ਦਾ ਕੀ ਕਾਰਨ ਹੈ ? ਉਨ੍ਹਾਂ ਅਣਚਾਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਇੱਕ ਰਣਨੀਤੀ ਦਾ ਵਿਕਾਸ ਕਰੋ। ਕੇਸ 'ਤੇ ਇੱਕ ਰਿਪੋਰਟ ਲਿਖੋ।

ਕੇਸ ਅਧਿਐਨ ਅਧਿਆਪਕ ਨੂੰ ਬੱਚੇ ਦੀ ਉਸ ਸਮੱਸਿਆ ਦਾ ਹੱਲ ਕਰਨ ਲਈ ਉਚਿੱਤ ਰਣਨੀਤੀ ਦਾ ਵਿਕਾਸ ਕਰਨ ਲਈ ਸਹਾਇਤਾ ਕਰਦਾ ਹੈ ਜਿਸ ਕਾਰਨ ਬੱਚੇ ਦੀ ਸਿਖਲਾਈ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਇਹ ਅਧਿਆਪਕ ਨੂੰ ਕੇਸ ਦਾ ਵਿਆਪਕ ਨਿਰਧਾਰਨ ਕਰਨ ਦੇ ਯੋਗ ਬਣਾਉਂਦਾ ਹੈ।

## 15.5 ਸਾਰਾਂਸ਼

ਇੱਕ ਵਿਦਿਆਰਥੀ ਵਿਸ਼ੇਸ਼ ਦੇ ਵਿਭਿੰਨ ਵਿਸ਼ਿਆਂ ਵਿੱਚ ਹਾਸਲ ਸਿਖਲਾਈ ਦੇ ਮਾਪਣ ਲਈ ਉਪਲੱਬਧੀ ਟੈਸਟ ਬਹੁਤ ਉਪਯੋਗੀ ਹੈ। ਸਿਖਲਾਈ ਨਤੀਜੇ ਅਤੇ ਮਾਪੇ ਵਿਸ਼ਾ ਵਸਤੂ ਦੀ ਪ੍ਰਕਿਰਤੀ ਦੇ ਆਧਾਰ ’ਤੇ ਟੈਸਟ ਮਦ ਦਾ ਗੁਣ, ਟੈਸਟ ਦੇਣ ਦੀ ਪ੍ਰਕਿਰਿਆ, ਅੰਕਣ ਅਤੇ ਵਿਆਖਿਆ ਕਰਨ ਦੇ ਆਧਾਰ ’ਤੇ ਅਧਿਆਪਕ ਨਿਰਮਤ ਟੈਸਟ ਤਿਆਰ ਕੀਤਾ ਜਾਂਦਾ ਹੈ।

ਉੱਤਰ ਦੇਣ ਦੇ ਤਰੀਕੇ ਅਨੁਸਾਰ ਤਿੰਨ ਪ੍ਰਕਾਰ ਦੇ ਟੈਸਟ ਮਦ ਜਿਵੇਂ ਮੌਖਿਕ, ਲਿਖਤੀ, ਕਾਰਜਕੁਸ਼ਲਤਾ ਆਧਾਰਿਤ (ਪ੍ਰਯੋਗਿਕ ਕਾਰਜ) ਦਾ ਵਿਕਾਸ ਅਤੇ ਵਰਤੋਂ ਕੀਤੀ ਜਾ ਸਕਦੀ ਹੈ। ਕਲਾਸ ਅਧਿਆਪਨ ਨੂੰ ਅਧਿਆਪਕ ਨਿਰਮਤ ਟੈਸਟ ਤਿਆਰ ਕਰਦੇ ਸਮੇਂ ਸਭ ਤਰ੍ਹਾਂ ਦੇ ਮਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਕਾਈ ਟੈਸਟ ਇੱਕ ਅਧਿਆਪਕ ਨਿਰਮਤ ਟੈਸਟ ਹੈ ਜਿਸਦੀ ਪ੍ਰਕਿਰਤੀ ਰਚਨਾਤਮਕ ਹੁੰਦੀ ਹੈ। ਇਕਾਈ ਟੈਸਟ ਗੈਰ ਰਸਮੀ ਰੂਪ ਨਾਲ ਅਧਿਆਪਕ ਵੱਲੋਂ ਆਯੋਜਿਤ ਕੀਤਾ ਜਾਂਦਾ ਹੈ। ਇਹ ਅਧਿਆਪਕ ਨੂੰ ਉਸ ਦੀਆਂ ਅਧਿਆਪਨ ਪੱਧਤੀਆਂ ਦੇ ਬਾਰੇ ਵਿੱਚ ਅਤੇ ਵਿਦਿਆਰਥੀਆਂ ਦੀ ਸਿਖਲਾਈ ਪ੍ਰਗਤੀ ਅਤੇ ਕਠਿਨਾਈਆਂ ਦੇ ਬਾਰੇ ਵਿੱਚ ਭਰੋਸੇਯੋਗ ਫੀਡਬੈਕ ਉਪਲੱਬਧ ਕਰਾਉਂਦਾ ਹੈ। ਇਸ ਦਾ ਉਪਯੋਗ ਸੁਧਾਰਾਤਮਕ ਅਤੇ ਸਿਖਲਾਈ ਸਮਰਿੱਧੀਕਰਨ ਉਦੇਸ਼ ਲਈ ਵੀ ਕੀਤਾ ਜਾਂਦਾ ਹੈ।

- ਟੈਸਟ ਮਦਾਂ ਦੇ ਦੋ ਮੁੱਖ ਸਿਰਲੇਖਾਂ ਵਿੱਚ ਵੰਡਿਆ ਗਿਆ ਹੈ ਨਿਬੰਧਾਤਮਕ ਪ੍ਰਕਾਰ ਅਤੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ। ਨਿਬੰਧਾਤਮਕ ਪ੍ਰਕਾਰ ਦੇ ਪਰੀਖਣ ਵਿਸਥਾਰਤ ਉੱਤਰ ਪ੍ਰਕਾਰ ਦੇ ਅਤੇ ਪ੍ਰਤੀਬੰਧਿਤ ਪ੍ਰਕਾਰ ਦੇ ਹੁੰਦੇ ਹਨ।

- ਵਿਭਿੰਨ ਪ੍ਰਕਾਰ ਦੇ ਛੋਟੇ ਉੱਤਰਾਂ ਵਾਲੇ ਮਦਾਂ,ਜਿਵੇਂ ਲਘੂ ਉੱਤਰ, ਬਹੁਵਿਕਲਪੀ, ਮਿਲਾਉਣ ਵਾਲੇ, ਵਿਕਲਪਿਕ ਉੱਤਰ ਆਦਿ ਦੀ ਵਰਤੋਂ ਅਧਿਆਪਕ ਵੱਲੋਂ ਕੀਤੀ ਜਾ ਸਕਦੀ ਹੈ।

- ਖੁੱਲ੍ਹਾ ਅੰਤ ਮਦ ਵਿਦਿਆਰਥੀਆਂ ਨੂੰ ਰੱਟ ਕੇ ਯਾਦ ਕਰਨ ਦੀ ਪ੍ਰਵਿਰਤੀ ਨੂੰ ਰੋਕਣ ਅਤੇ ਉਨ੍ਹਾਂ ਨੂੰ ਵਿਭਿੰਨ ਢੰਗ ਨਾਲ ਸੋਚਣ ਦੇ ਯੋਗ ਬਣਾਉਣ ਲਈ ਉਪਯੋਗੀ ਹੈ।

- ਮੁਲਾਂਕਣ ਤਕਨੀਕਾਂ ਜਿਵੇਂ ਪ੍ਰੇਖਣ, ਇੰਟਰਵਿਊ ਕੇਸ ਅਧਿਐਨ ਅਤੇ ਪੋਰਟਫੋਲਿਓ ਵਿਦਿਆਰਥੀਆਂ ਦੀਆਂ ਵਿਵਹਾਰ ਪ੍ਰਵਿਰਤੀਆਂ ਦਾ ਨਿਰਧਾਰਨ ਕਰਨ ਵਿੱਚ ਕਾਫ਼ੀ ਉਪਯੋਗੀ ਹੈ। ਇਸ ਲਈ ਉਪਕਰਨ ਜਿਵੇਂ ਪ੍ਰੇਖਣ ਪ੍ਰੋਗਰਾਮ, ਇੰਟਰਵਿਊ ਪ੍ਰੋਗਰਾਮ, ਜਾਂਚ ਸੂਚੀ, ਨਿਰਧਾਰਨ ਮਾਪਣੀ ਅਤੇ ਪ੍ਰਸ਼ਨਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ।

## 15.6 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

ਈ–1 ਵਿਦਿਆਰਥੀਆਂ ਵਿੱਚ ਕਿਸ ਪੱਧਰ ਤੱਕ ਇੱਕ ਵਿਸ਼ੇਸ਼ ਵਿਸ਼ਾ ਵਸਤੂ ਵਿੱਚ ਗਿਆਨ ਅਤੇ ਕੁਸ਼ਲ ਹਾਸਲ ਕੀਤਾ ਜਾਂਦਾ ਹੈ, ਇਸ ਨੂੰ ਜਾਣਨ ਲਈ ਉਪਲੱਬਧੀ ਟੈਸਟ ਉਪਯੋਗੀ ਹੈ। ਵਿਦਿਆਰਥੀਆਂ ਦੇ ਗਿਆਨ ਹਾਸਲ ਕਰਨ ਦੀ ਤੁਲਨਾ ਕਰਨ ਲਈ ਵੀ ਇਹ ਟੈਸਟ ਉਪਯੋਗੀ ਹੈ। ਇਹ ਅਧਿਆਪਕ ਦੀ ਬੱਚਿਆਂ ਦੇ ਸਮੂਹ ਬਣਾਉਣ ਵਿੱਚ ਅਤੇ ਇੱਕ ਬੱਚੇ ਦੀਆਂ ਸਿਖਲਾਈ ਕਠਿਨਾਈਆਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਦਾ ਹੈ।

ਈ–2 ਮੌਖਿਕ ਗਿਆਨ

ਈ: 3 ੳ. ਇੱਕ ਅਧਿਆਪਕ ਨਿਰਮਤ ਟੈਸਟ ਵਿੱਚ ਸੀਮਤ ਸੰਖਿਆਵਾਂ ਵਿੱਚ ਸਮਰੱਥਾਵਾਂ ਹੋਣੀਆਂ ਚਾਹੀਦੀਆਂ ਹਨ।

ਅ. ਵਿਦਿਆਰਥੀਆਂ ਦੀਆਂ ਸਿਖਲਾਈ ਮੁਸ਼ਕਲਾਂ ਨੂੰ ਪਛਾਣਨ ਯੋਗ ਹੋਣਾ ਚਾਹੀਦਾ ਹੈ।

ੲ. ਕਈ ਪ੍ਰਕਾਰ ਦੇ ਮਦ ਸ਼ਾਮਲ ਹੋ ਸਕਦੇ ਹਨ।

ਈ–4 ਕਥਨ (ਅ), (ੲ), (ਸ), (ਖ) ਅਤੇ (ਗ) ਇਕਾਈ ਟੈਸਟ ਨਾਲ ਸਬੰਧਿਤ ਹਨ।

ਈ–5 ਵਿਸਥਾਰਤ ਉੱਤਰ ਪ੍ਰਕਾਰ ਦੇ ਮਦਾਂ ਰਾਹੀਂ ਕਈ ਪ੍ਰਕਾਰ ਦੀਆਂ ਮਾਨਸਿਕ ਪ੍ਰਕਿਰਿਆਵਾਂ ਅਤੇ ਕੁਸ਼ਲਾਂ ਦਾ ਮਾਪਣ ਕੀਤਾ ਜਾ ਸਕਦਾ ਹੈ। ਇਹ ਅਧਿਆਪਕ ਨੂੰ ਵਿਦਿਆਰਥੀ ਦੇ ਉੱਤਰ ਲਿਖਣ ਦੀ ਅਤੇ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੀ ਯੋਗਤਾ ਦੇ ਪੱਧਰ ਦਾ ਨਿਰਧਾਰਨ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਦੇ ਮਦਾਂ ਦੀ ਰਚਨਾ ਕਰਨਾ ਪ੍ਰਤੀਬੰਧਾਤਮਕ ਪ੍ਰਕਾਰ ਦੇ ਮਦਾਂ ਦੀ ਤੁਲਨਾ ਵਿੱਚ ਆਸਾਨ ਹੈ।

ਈ–6 ਅਧਿਆਪਕਾਂ ਦਾ ਵੱਖ ਵਿਸ਼ਾ ਵਸਤੂ ਗਿਆਨ ਨਿਰੀਖਕ ਰਾਹੀਂ ਹੱਥ ਲਿਖਤ ਦੇ ਆਧਾਰ ’ਤੇ ਅੰਕਣ ਕਰਨਾ, ਵਿਆਕਰਨ ਅਤੇ ਲਿਖਤੀ ਗਲਤੀਆਂ ’ਤੇ ਜ਼ਿਆਦਾ ਜ਼ੋਰ ਦੇਣਾ ਆਦਿ ਕੁਝ ਅਜਿਹੇ ਕਾਰਨ ਹਨ ਜਿਨ੍ਹਾਂ ਦੀ ਵਜ੍ਹਾ ਨਾਲ ਨਿਰੀਖਕਾਂ ਵੱਲੋਂ ਵਿਸਥਾਰਤ ਉੱਤਰ ਪ੍ਰਕਾਰ ਦੇ ਮਦਾਂ ਦਾ ਅੰਕਣ ਵੱਖ ਹੁੰਦਾ ਹੈ।

ਈ–7 ਮੁੱਖ ਤੌਰ ’ਤੇ ਚਾਰ ਪ੍ਰਕਾਰ ਦੇ ਪ੍ਰਤੀਬੰਧ ਲਗਾਏ ਜਾਂਦੇ ਹਨ। ਇਹ ਪ੍ਰਤੀਬੰਧ ਹਨ, ਉੱਤਰ ਦੀ ਲੰਬਾਈ, ਉੱਤਰ ਦਾ ਵਿਸ਼ਾ ਵਸਤੂ, ਉੱਤਰ ਲਈ ਸਥਾਨ ਅਤੇ ਉੱਤਰ ਦੇਣ ਲਈ ਸਮਾਂ।

ਈ–8 ੳ. ਸਹੀ

ਅ. ਗਲਤ

ੲ. ਗਲਤ

ਸ. ਸਹੀ

ਹ. ਸਹੀ

ਕ. ਗਲਤ

15.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

1. Deale, R. N.(1975), Assessment and Testing in the secondary School, Evans/

Methuen Educational, London

2. Gronlund, N.E. and Linn, R. L. (2000), Measurement and Assessment In

Teaching, Pearson Education, Singapore

3. Lehmann, I. J. and Mehrens, W. A. (1991), Measurement and Evaluation in Education

and Psychology, Harcourt Brace College Publishers,USA

15.8 ਇਕਾਈ ਅੰਤ ਅਭਿਆਸ

1. ਇੱਕ ਮੌਖਿਕ ਜਾਂ ਕਾਰਜਕੁਸ਼ਲਤਾ ਟੈਸਟ ਲਈ ਦਿਸ਼ਾ ਨਿਰਦੇਸ਼ ਤਿਆਰ ਕਰੋ ਜਿਸ ਵਿੱਚ ਟੈਸਟ ਕੀਤੀਆਂ ਜਾਣ ਵਾਲੀਆਂ ਯੋਗਤਾਵਾਂ ਦਾ ਵਰਣਨ ਹੋਵੇ। ਅਤੇ ਟੈਸਟ ਦੀ ਜ਼ਰੂਰੀ ਸਮੱਗਰੀ ਦੀ ਰੂਪਰੇਖਾ ਬਣਾਓ।

2. ਕਿਸੇ ਵੀ ਵਿਸ਼ੇ ਲਈ ਇਕਾਈ ਟੈਸਟ ਤਿਆਰ ਕਰੋ। ਮੌਖਿਕ, ਲਿਖਤੀ ਅਤੇ ਕਾਰਜਕੁਸ਼ਲਤਾ ਪ੍ਰਕਾਰ ਦੇ ਮਦਾਂ ਦੀ ਵਰਤੋਂ ਕਰੋ।

3. ਭਾਸ਼ਾ ਵਿਕਾਸ ਲਈ ਪੋਰਟਫੋਲਿਓ ਵਿੱਚ ਦਰਜ ਕਰਨ ਲਈ ਇੱਕ ਸ਼ੀਟ ਦਾ ਵਿਕਾਸ ਕਰੋ। ਸ਼ੀਟ ਵਿੱਚ ਪੋਰਟਫੋਲਿਓ ਦੇ ਬਾਰੇ ਵਿੱਚ ਵਿਸਥਾਰਤ ਵਿਵਰਣ ਹੋਵੇ, ਵਿਦਿਆਰਥੀ ਨੇ ਪੋਰਟਫੋਲਿਓ ਨੂੰ ਕਿਉਂ ਚੁਣਿਆ, ਦੇ ਲਈ ਸਥਾਨ, ਮਿਤੀ ਦਰਜ ਕਰਨ ਲਈ ਸ਼ੀਟ, ਪੋਰਟਫੋਲਿਓ ਦੀਆਂ ਵਿਸ਼ੇਸ਼ਤਾਵਾਂ, ਮਜ਼ਬੂਤ ਪੱਖਾਂ 'ਤੇ ਅਤੇ ਵਿਚਾਰਸ਼ੀਲ ਗੱਲਾਂ 'ਤੇ ਜਾਂ ਉਹ ਖੇਤਰ ਜਿੱਥੇ ਕਾਰਜ ਕਰਨ ਦੀ ਲੋੜ ਹੈ, 'ਤੇ ਅਧਿਆਪਕ ਦੀ ਟਿੱਪਣੀ। ਆਪਣੇ ਵਿਦਿਆਰਥੀਆਂ ਨੂੰ ਕਹੋ ਕਿ ਇਸ ਸ਼ੀਟ ਨੂੰ ਪੋਰਟਫੋਲਿਓ ਦੇ ਆਧਾਰ 'ਤੇ ਭਰਨ।

ਇਕਾਈ-16 ਨਿਰਧਾਰਨ ਦੇ ਨਤੀਜਿਆਂ ਦਾ ਉਪਯੋਗ ਕਰਕੇ ਸਿਖਲਾਈ ਨੂੰ ਬਿਹਤਰ ਬਣਾਉਣਾ

ਸੰਰਚਨਾ

16.0 ਜਾਣ ਪਛਾਣ

16.1 ਸਿਖਲਾਈ ਉਦੇਸ਼

16.2 ਸਿਖਲਾਈ ਨਤੀਜਿਆਂ ਦੀ ਰਿਕਾਰਡ ਅਤੇ ਰਿਪੋਰਟਿੰਗ

16.2.1 ਰਿਕਾਰਡ ਅਤੇ ਰਿਪੋਰਟਿੰਗ ਦੀ ਲੋੜ

16.2.2 ਰਿਕਾਰਡ ਸਿਖਲਾਈ ਪ੍ਰਗਤੀ ਦੀ ਪ੍ਰਕਿਰਿਆ

16.2.3 ਵਿਭਿੰਨ ਹਿੱਤਧਾਰਕਾਂ ਨੂੰ ਰਿਪੋਰਟ ਕਰਨਾ

16.3 ਸਿਖਲਾਈ ਨੂੰ ਬਿਹਤਰ ਕਰਨ ਲਈ ਨਿਰਧਾਰਨ ਨਤੀਜਿਆਂ ਦੀ ਵਰਤੋਂ

16.3.1 ਸਮਰੱਥਾ ਅਤੇ ਕਮਜ਼ੋਰੀ ਦੀ ਪਛਾਣ ਕਰਨ ਲਈ ਨਿਰਧਾਰਤ ਨਤੀਜੇ ਦਾ ਵਿਸ਼ਲੇਸ਼ਣ ਕਰਨਾ

16.4 ਸਾਰਾਂਸ਼

16.5 ਪ੍ਰਗਤੀ ਜਾਂਚ ਲਈ ਆਦਰਸ਼ ਉੱਤਰ

16.6 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

16.7 ਇਕਾਈ ਅੰਤ ਅਭਿਆਸ

16.0 ਜਾਣ ਪਛਾਣ

ਤੁਸੀਂ ਇਕਾਈ–14 ਵਿੱਚ ਸਿੱਖ ਚੁੱਕੇ ਹੋ ਕਿ ਨਿਰਧਾਰਨ, ਬੱਚੇ ਦੀ ਸਿਖਲਾਈ ਅਤੇ ਵਿਕਾਸ ਨੂੰ ਉੱਨਤ ਬਣਾਉਣ ਵਿੱਚ ਸਹਾਇਕ ਹੁੰਦਾ ਹੈ। ਤੁਸੀਂ ਇਕਾਈ–15 ਵਿੱਚ ਇਹ ਵੀ ਸਿੱਖ ਚੁੱਕੇ ਹੋ ਕਿ ਬੱਚੇ ਦੇ ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਵਿੱਚ ਉਸਦੀ ਪ੍ਰਗਤੀ ਲਈ ਵਿਭਿੰਨ ਸੂਚਨਾਵਾਂ ਨੂੰ ਇਕੱਤਰ ਕਰਨ ਵਿੱਚ ਵਿਭਿੰਨ ਉਪਕਰਨਾਂ ਅਤੇ ਤਕਨੀਕਾਂ ਦਾ ਉਪਯੋਗ ਕਿਸ ਪ੍ਰਕਾਰ ਕੀਤਾ ਜਾਂਦਾ ਹੈ। ਹਰੇਕ ਬੱਚੇ ਦੇ ਪ੍ਰਦਰਸ਼ਨ ਅਤੇ ਪ੍ਰਗਤੀ 'ਤੇ ਆਧਾਰਿਤ ਨਤੀਜੇ ਜਾਂ ਤਾਂ ਸੰਖਿਆ ਦੇ ਰੂਪ ਵਿੱਚ ਜਾਂ ਮਾਤਰਾ ਦੇ ਰੂਪ ਵਿੱਚ (ਜਿਵੇਂ ਕੁੱਲ ਪ੍ਰਾਪਤ ਅੰਕ ਜਾਂ ਅੰਕ) ਜਾਂ ਗੁਣਾਤਮਕ ਮਦਾਂ ਦੇ ਰੂਪ ਵਿੱਚ (ਜਿਵੇਂ ਵਿਸਥਾਰਤ ਕਥਨ) ਹੁੰਦੇ ਹਨ। ਬੱਚੇ ਦੇ ਵਿਕਾਸ ਲਈ ਉਸਦੇ ਪ੍ਰਦਰਸ਼ਨ ਦਾ ਵਿਭਿੰਨ ਦ੍ਰਿਸ਼ਟੀਕੋਣਾਂ ਨਾਲ ਵਿਸ਼ਲੇਸ਼ਣ ਕਰਨ ਲਈ ਇਕੱਤਰ ਅੰਕੜਿਆਂ ਅਤੇ ਸਬੂਤਾਂ ਦਾ ਰਿਕਾਰਡ ਅਤੇ ਵਰਗੀਕਰਨ ਕੀਤਾ ਜਾਂਦਾ ਹੈ ਅਤੇ ਬੱਚਿਆਂ ਦੇ ਸਿਖਲਾਈ ਦਾ ਸਾਧਨ ਉਪਲੱਬਧ ਕਰਾਉਣ ਦੇ ਕ੍ਰਮ ਵਿੱਚ ਵਿਭਿੰਨ ਹਿੱਤਧਾਰਕਾਂ ਨੂੰ ਕਈ ਰੂਪਾਂ ਵਿੱਚ ਰਿਪੋਰਟਿੰਗ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੇ ਸਿਖਲਾਈ ਪੱਧਰ ਨੂੰ ਇੱਕ ਸੁਖਦ ਅੰਤ ਦੀ ਤਰਫ਼ ਵਧਾਉਣ ਲਈ ਇੱਕ ਸਟੀਕ ਮਾਪ ਨੂੰ ਚੁਣਿਆ ਜਾਂਦਾ ਹੈ। ਬੱਚੇ ਦੇ ਇਹ ਪਰਿਵਰਤਨ ਅਤੇ ਪ੍ਰਗਤੀ ਦੇ ਰਿਕਾਰਡ ਦੇ ਸਬੂਤ, ਅਧਿਆਪਨ ਦੀ ਯੋਜਨਾ ਨੂੰ ਰੁਪਾਂਤਰਿਤ ਕਰਨ ਵਿੱਚ ਅਤੇ ਅਧਿਆਪਨ ਸਿਖਲਾਈ ਪ੍ਰਕਿਰਿਆ ਨੂੰ ਬਿਹਤਰ ਕਰਨ ਵਿੱਚ ਵੀ ਉਪਯੋਗੀ ਹੁੰਦੇ ਹਨ। ਆਓ ਇਸ ਇਕਾਈ ਵਿੱਚ ਅਸੀਂ ਵਿਭਿੰਨ ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਵਿੱਚ ਰਿਕਾਰਡ ਅਤੇ ਰਿਪੋਰਟਿੰਗ ਨਿਰਧਾਰਨ ਨਤੀਜੇ ਕੀ ਹਨ ? ਕਿਉਂ ਹਨ ? ਅਤੇ ਕਿਵੇਂ ਹਨ ? ਦੇ ਬਾਰੇ ਵਿੱਚ ਚਰਚਾ ਕਰੀਏ ਅਤੇ ਅੱਗੇ ਬੱਚਿਆਂ ਦੀ ਸਿਖਲਾਈ ਲਈ ਨਿਰਧਾਰਨ ਰਿਕਾਰਡ ਦੇ ਵਿਸ਼ਲੇਸ਼ਣ 'ਤੇ ਆਧਾਰਿਤ ਪ੍ਰੋਗਰਾਮ ਦਾ ਪੂਰਾ ਲਾਭ ਪ੍ਰਾਪਤ ਕਰਨ ਦੀ ਯੋਜਨਾ ਕਿਵੇਂ ਬਣਾਈਏ, ਦੇ ਬਾਰੇ ਵਿੱਚ ਚਰਚਾ ਕਰਾਂਗੇ।

ਇਸ ਇਕਾਈ ਨੂੰ ਪੂਰਾ ਕਰਨ ਲਈ ਘੱਟ ਤੋਂ ਘੱਟ ਅਧਿਐਨ ਦੇ ਅੱਠ ਘੰਟਿਆਂ ਦੀ ਲੋੜ ਹੋਏਗੀ।

## 16.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੂਰਾ ਕਰਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ

- ਵਿਭਿੰਨ ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਵਿੱਚ ਬੱਚੇ ਦੇ ਸਿਖਲਾਈ ਪ੍ਰਦਰਸ਼ਨ ਦੀ ਰਿਕਾਰਡ ਅਤੇ ਰਿਪੋਰਟਿੰਗ ਲਈ ਪ੍ਰਕਿਰਿਆ ਅਤੇ ਲੋੜ ਦਾ ਵਰਣਨ ਕਰਦਾ ਹੈ।
- ਬੱਚੇ ਦੀਆਂ ਵਿਅਕਤੀਗਤ ਲੋੜਾਂ ਅਤੇ ਸਿਖਲਾਈ ਲੋੜਾਂ ਦੀ ਪਛਾਣ ਕਰਨ ਲਈ ਨਿਰਧਾਰਨ ਨਤੀਜਿਆਂ ਦਾ ਉਪਯੋਗ ਕਰਦਾ ਹੈ ਅਤੇ ਬੱਚੇ ਦੀ ਸਿਖਲਾਈ ਵਿੱਚ ਬਿਹਤਰੀ ਲਿਆਉਣ ਲਈ ਅੰਤ ਤੱਕ ਕੋਸ਼ਿਸ਼ ਕਰਦਾ ਹੈ।
- ਬੱਚੇ ਦੀ ਸਿਖਲਾਈ ਵਿੱਚ ਉਸ ਦੀ ਉਚਿੱਤ ਸਹਾਇਤਾ ਲਈ ਵਿਭਿੰਨ ਹਿੱਤ ਧਾਰਕਾਂ ਨਾਲ ਨਿਰਧਾਰਨ ਨਤੀਜੇ ਨੂੰ ਵੰਡਣਾ ਹੈ।
- ਨਿਰਧਾਰਨ ਨਤੀਜੇ 'ਤੇ ਮੁੜ ਵਿਚਾਰ ਕਰੋ ਜਿਸ ਨਾਲ ਤੁਸੀਂ ਆਪਣੀ ਅਧਿਆਪਨ ਰਣਨੀਤੀ ਅਤੇ ਨਿਰਧਾਰਨ ਵਿਧੀਆਂ ਨੂੰ ਸੋਧ ਕੇ ਵਿਦਿਆਰਥੀਆਂ ਦੀ ਸਿਖਲਾਈ ਦੇ ਪੱਧਰ ਨੂੰ ਵਧਾ ਸਕੋ।

## 16.2 ਨਿਰਧਾਰਨ ਨਤੀਜੇ ਦਾ ਰਿਕਾਰਡ ਅਤੇ ਰਿਪੋਰਟਿੰਗ

ਜਦੋਂ ਤੁਸੀਂ ਇੱਕ ਪ੍ਰੀਖਿਆ ਲੈਂਦੇ ਹੋ ਤਾਂ ਤੁਸੀਂ ਉੱਤਰ ਪੱਤਰੀਆਂ ਨਾਲ ਕੀ ਕਰਦੇ ਹੋ ? ਤੁਸੀਂ ਉੱਤਰ 'ਤੇ ਅੰਕ ਦਿੰਦੇ ਹੋ ਅਤੇ ਹਰੇਕ ਬੱਚੇ ਦੇ ਹਰੇਕ ਵਿਸ਼ੇ ਵਿੱਚ ਕੁੱਲ ਅੰਕ ਪ੍ਰਾਪਤ ਅੰਕਾਂ ਨੂੰ ਨਿਰਧਾਰਤ ਕਰਦੇ ਹੋ। ਅਤੇ ਫਿਰ ਇਨ੍ਹਾਂ ਅੰਕਾਂ ਨੂੰ ਵਿਅਕਤੀਗਤ ਬੱਚਿਆਂ ਦੇ ਨਾਂ ਅੱਗੇ ਦਰਜ ਕਰਦੇ ਹੋ। ਇਹ ਅੰਕਾਂ ਦਾ ਰਜਿਸਟਰ, ਭਵਿੱਖ ਵਿੱਚ ਉਪਯੋਗ ਲਈ ਇੱਕ ਸਥਾਈ ਰਿਕਾਰਡ ਹੈ। ਰਜਿਸਟਰ ਵਿੱਚ ਅੰਕਾਂ ਨੂੰ ਰਿਕਾਰਡ ਕਰਨ ਤੋਂ ਬਾਅਦ ਹਰੇਕ ਵਿਦਿਆਰਥੀ ਦਾ ਪ੍ਰਗਤੀ ਕਾਰਡ ਤਿਆਰ ਕੀਤਾ ਜਾਂਦਾ ਹੈ ਅਤੇ ਹਰੇਕ ਵਿਦਿਆਰਥੀ ਨੂੰ ਜਾਰੀ ਕੀਤਾ ਜਾਂਦਾ ਹੈ ਜਿਸ ਨਾਲ ਵਿਦਿਆਰਥੀ ਦੇ ਮਾਤਾ

ਪਿਤਾ ਉਸ ਸਬੰਧੀ ਸੂਚਨਾ ਦਾ ਪ੍ਰੇਖਣ ਕਰ ਸਕਣ। ਕੁਝ ਸਕੂਲਾਂ ਵਿੱਚ ਪ੍ਰੀਖਿਆ ਤੋਂ ਬਾਅਦ ਅਧਿਆਪਕ ਮਾਪੇ ਸੰਮੇਲਨ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿੱਚ ਬੱਚਿਆਂ ਦੇ ਪ੍ਰੀਖਿਆ ਨਤੀਜਿਆਂ 'ਤੇ ਚਰਚਾ ਕੀਤੀ ਜਾਂਦੀ ਹੈ। ਅਕਾਦਮਿਕ ਸੈਸ਼ਨ ਵਿੱਚ ਬੱਚਿਆਂ ਦੇ ਪ੍ਰਦਰਸ਼ਨ (ਜ਼ਿਆਦਾਤਰ ਲਿਖਤੀ ਪ੍ਰੀਖਿਆ) ਨੂੰ ਰਿਕਾਰਡ ਅਤੇ ਰਿਪੋਰਟ ਕਰਨਾ ਸਾਡੇ ਸਕੂਲਾਂ ਵਿੱਚ ਇੱਕ ਨਿਰੰਤਰ ਅਭਿਆਸ ਹੈ, ਪਰ ਨਿਰੰਤਰ ਅਤੇ ਵਿਆਪਕ ਮੁਲਾਂਕਣ ਨੂੰ ਮਹੱਤਵ ਦੇਣ ਕਾਰਨ ਨਿਰਧਾਰਨ ਕੇਵਲ ਅਕਾਦਮਿਕ ਖੇਤਰ ਤੱਕ ਹੀ ਸੀਮਤ ਨਹੀਂ ਹੈ। ਵਿਅਕਤੀਗਤ ਬੱਚੇ ਦਾ ਸੰਪੂਰਨ ਰੂਪ ਨਾਲ ਨਿਰਧਾਰਨ ਕਰਨ ਦੇ ਕ੍ਰਮ ਵਿੱਚ ਸਾਰੇ ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਦੀ ਪਿਛਲੀ ਇਕਾਈ ਵਿੱਚ ਪਹਿਲਾ ਹੀ ਵਿਸਥਾਰਤ ਰੂਪ ਵਿੱਚ ਚਰਚਾ ਕੀਤੀ ਜਾ ਚੁੱਕੀ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਰਿਕਾਰਡਿੰਗ ਦੇ ਮਾਪਾਂ ਵਿੱਚ ਵਿਦਿਅਕ ਅਤੇ ਸਹਿ ਵਿਦਿਅਕ ਦੋਵੇਂ ਖੇਤਰਾਂ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੇ ਮੁਲਾਂਕਣ ਦੇ ਮਾਪਾਂ ਦੇ ਵਿਸਥਾਰ ਨੂੰ ਵਧਾਉਣਾ ਹੈ। ਸਮਾਨ ਰੂਪ ਵਿੱਚ ਵਿਭਿੰਨ ਹਿੱਤ ਧਾਰਕਾਂ ਨੂੰ ਨਿਰਧਾਰਨ ਨਤੀਜਿਆਂ ਦਾ ਬਿਓਰਾ ਦੇਣਾ ਇੱਕ ਚੁਣੌਤੀਪੂਰਨ ਕਾਰਜ ਬਣ ਗਿਆ ਹੈ। ਆਓ, ਰਿਕਾਰਡ ਦਰਜ ਕਰਨ ਅਤੇ ਬਿਓਰਾ ਦੇਣ ਦੇ ਵਿਭਿੰਨ ਪ੍ਰਕਾਰ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸਬੰਧੀ ਚਰਚਾ ਕਰੀਏ।

### 16.2.1 ਰਿਕਾਰਡ ਅਤੇ ਰਿਪੋਰਟਿੰਗ ਕਰਨ ਦੀ ਲੋੜ

ਇੱਕ ਵਾਰ ਜਦੋਂ ਤੁਸੀਂ ਵਿਭਿੰਨ ਵਿਦਿਅਕ ਅਤੇ ਸਹਿ ਵਿਦਿਅਕ ਗਤੀਵਿਧੀਆਂ ਵਿੱਚ ਬੱਚਿਆਂ ਦੀ ਸਿਖਲਾਈ ਪ੍ਰਗਤੀ ਦੀ ਸੂਚਨਾ ਅਤੇ ਪ੍ਰਮਾਣ ਪ੍ਰਾਪਤ ਕਰ ਲੈਂਦੇ ਹੋ, ਅਤੇ ਵਿਭਿੰਨ ਵਿਧੀਆਂ ਰਾਹੀਂ ਵਿਭਿੰਨ ਸਰੋਤਾਂ ਨਾਲ ਸਮਾਜਿਕ ਵਿਅਕਤੀਗਤ ਗੁਣਾਂ ਨੂੰ ਇਕੱਤਰ ਕਰ ਲੈਂਦੇ ਹੋ, ਤਾਂ ਇਨ੍ਹਾਂ ਨੂੰ ਵਿਵਸਥਿਤ ਰੂਪ ਨਾਲ ਰਿਕਾਰਡ ਕੀਤਾ ਜਾਂਦਾ ਹੈ। ਇਹ ਇੱਕ ਪੀਰੀਅਡ ਵਿੱਚ ਟਰਮ ਅਤੇ ਵਿਸ਼ੇ ਦੇ ਹਿਸਾਬ ਨਾਲ ਪੂਰਾ ਕੀਤਾ ਜਾਂਦਾ ਹੈ। ਹਰੇਕ ਬੱਚੇ ਦੇ ਸਰਵਪੱਖੀ ਵਿਕਾਸ ਨੂੰ ਸੁਨਿਸ਼ਚਤ ਕਰਨ ਲਈ ਉਸਦੀ ਸਮਰੱਥ, ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਵਿੱਚ ਬੱਚੇ ਦੇ ਪ੍ਰਦਰਸ਼ਨ ਦੇ ਪ੍ਰਮਾਣ ਨੂੰ ਰਿਕਾਰਡ ਕਰਨਾ, ਨਿਰੰਤਰ ਅਤੇ ਵਿਆਪਕ ਮੁਲਾਂਕਣ ਵਿੱਚ ਬਹੁਤ ਮਹੱਤਵਪੂਰਨ ਹੈ। ਬੱਚਿਆਂ ਦਾ ਇਹ ਸਿਖਲਾਈ ਪ੍ਰਦਰਸ਼ਨ ਦਾ ਰਿਕਾਰਡ ਸਕੂਲ ਵਿੱਚ ਵਿਭਿੰਨ ਗਤੀਵਿਧੀਆਂ ਵਿੱਚ ਕੰਮ ਆਉਂਦਾ ਹੈ।

ਰਿਕਾਰਡ ਕਰਨਾ: ਬੱਚੇ ਦੇ ਵਿਦਿਅਕ ਅਤੇ ਸਹਿ ਵਿਦਿਅਕ ਦੋਨੋਂ ਖੇਤਰਾਂ ਵਿੱਚ ਸਿਖਲਾਈ ਪ੍ਰਦਰਸ਼ਨ ਅਤੇ ਪ੍ਰਗਤੀ ਦੇ ਪ੍ਰਮਾਣਾਂ ਜਿਨਾਂ ਨੂੰ ਨਿਰਧਾਰਨ ਦੇ ਵਿਭਿੰਨ ਉਪਕਰਨ ਅਤੇ ਤਕਨੀਕਾਂ ਦਾ ਉਪਯੋਗ ਕਰਕੇ ਇਕੱਠਾ ਕੀਤਾ ਗਿਆ ਹੈ, ਦੇ ਵਿਵਸਥਿਤ ਕਰਨ ਦੀ ਪ੍ਰਕਿਰਿਆ ਨੂੰ ਰਿਕਾਰਡ ਕਰਨਾ ਕਹਿੰਦੇ ਹਨ।ਰਿਪੋਰਟਿੰਗ : ਇੱਕ ਬੱਚਾ ਸਮਝ ਅਤੇ ਹੁਨਰ ਹਾਸਲ ਕਰਨ ਦੇ ਨਿਮਨ ਪੱਧਰ ਤੋਂ ਉੱਚ ਅਤੇ ਜ਼ਿਆਦਾ ਗੁੰਝਲਦਾਰ ਸਿਖਲਾਈ ਪੱਧਰ ਦੀ ਤਰਫ਼ ਕਿਸ ਪ੍ਰਕਾਰ ਅੱਗੇ ਪ੍ਰਗਤੀ ਕਰਦਾ ਹੈ, ਸਿੱਖਦਾ ਹੈ, ਨੂੰ ਪ੍ਰਦਰਸ਼ਿਤ ਕਰਨ ਲਈ ਨਿਰਧਾਰਨ ਦੀ ਫੀਡਬੈਕ ਨੂੰ ਵੰਡਦਾ ਅਤੇ ਸੰਚਾਰਿਤ ਕਰਨਾ ਰਿਪੋਰਟਿੰਗ ਕਹਾਉਂਦਾ ਹੈ।

ਬੱਚਿਆਂ ਦੇ ਸਿਖਲਾਈ ਪ੍ਰਦਰਸ਼ਨ ਨੂੰ ਰਿਕਾਰਡ ਨੂੰ ਰਿਪੋਰਟ ਦੇ ਉਪਯੋਗਕਰਤਾ ਦੇ ਸੰਦਰਭ ਵਿੱਚ ਸਭ ਤੋਂ ਚੰਗੀ ਪ੍ਰਕਾਰ ਨਾਲ ਵਰਣਨ ਕੀਤਾ ਜਾ ਸਕਦਾ ਹੈ, ਜਿਸ ਵਿੱਚ ਇਹ ਸਾਰੇ ਸ਼ਾਮਲ ਹਨ– (1) ਵਿਦਿਆਰਥੀ ਅਤੇ ਮਾਤਾ ਪਿਤਾ, (2) ਅਧਿਆਪਕ ਅਤੇ ਕਾਊਂਸਲਰ ਅਤੇ (3) ਯੋਜਨਾ ਬਣਾਉਣ ਵਾਲੇ ਅਤੇ ਪ੍ਰਸ਼ਾਸਕ।

(1) ਵਿਦਿਆਰਥੀ ਅਤੇ ਮਾਤਾ ਪਿਤਾ

ਆਓ ਦੇਖਦੇ ਹਾਂ ਕਿ ਰਿਕਾਰਡ ਅਤੇ ਰਿਪੋਰਟਿੰਗ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਤਾ ਪਿਤਾ ਦੀ ਕਿਵੇਂ ਸਹਾਇਤਾ ਕਰਦੀ ਹੈ–

–ਇਹ ਸਕੂਲ ਪ੍ਰੋਗਰਾਮ ਦੇ ਉਦੇਸ਼ਾਂ ਨੂੰ ਸਪੱਸ਼ਟ ਕਰਦੇ ਹਨ। ਬੱਚੇ ਇਹ ਜਾਣਕਾਰੀ ਪ੍ਰਾਪਤ ਕਰਦੇ ਹਨ ਕਿ ਉਹ ਕੀ ਕਰ ਰਹੇ ਹਨ, ਅਤੇ ਕਿਉਂ ਕਰ ਰਹੇ ਹਨ। ਮਾਪਿਆਂ ਨੂੰ ਵੀ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਬੱਚੇ ਸਕੂਲ ਵਿੱਚ ਕੀ ਕਰ ਰਹੇ ਹਨ ਅਤੇ ਕਿਸੇ ਵਿਸ਼ੇਸ਼ ਸਕੂਲ ਗਤੀਵਿਧੀ ਦੇ ਪਿੱਛੇ ਸਕੂਲ ਦੀ ਕੀ ਕਾਰਜ ਸੂਚੀ ਹੈ।

–ਇਹ ਸਿਖਲਾਈ ਵਿੱਚ ਬੱਚਿਆਂ ਦੀ ਸਮਰੱਥਾ ਅਤੇ ਕਮਜ਼ੋਰੀ ਦੀ ਸੂਚਨਾ ਪ੍ਰਦਾਨ ਕਰਦੇ ਹਨ। ਉਦਾਹਰਨ ਦੇ ਰੂਪ ਵਿੱਚ– ਇੱਕ ਬੱਚਾ ਗਣਿਤ ਵਿੱਚ ਚੰਗਾ ਹੋ ਸਕਦਾ ਹੈ, ਪਰ ਭਾਸ਼ਾ ਵਿਸ਼ੇ ਵਿੱਚ ਉਹ ਕਮਜ਼ੋਰ ਹੋ ਸਕਦਾ ਹੈ ਜਾਂ ਉਹ ਖੇਡ ਕੁੱਦ ਵਿੱਚ ਚੰਗਾ ਹੋ ਸਕਦਾ ਹੈ, ਪਰ ਵਿਦਿਅਕ ਖੇਤਰ ਵਿੱਚ ਕਮਜ਼ੋਰ ਹੋ ਸਕਦਾ ਹੈ। ਇਹ ਬੱਚੇ ਅਤੇ ਮਾਪਿਆਂ ਨੂੰ ਕਮਜ਼ੋਰ ਪੱਖ ’ਤੇ ਕਾਰਜ ਕਰਨ ਦਾ ਅਵਸਰ ਪ੍ਰਦਾਨ ਕਰਦਾ ਹੈ।

–ਇਹ ਬੱਚਿਆਂ ਵਿੱਚ ਵਿਅਕਤੀਗਤ ਅਤੇ ਸਮਾਜਿਕ ਵਿਕਾਸ ਵਿੱਚ ਜ਼ਿਆਦਾ ਸਮਝ ਨੂੰ ਪ੍ਰੋਤਸਾਹਨ ਦਿੰਦਾ ਹੈ। ਉਦਾਹਰਨ ਦੇ ਰੂਪ ਵਿੱਚ ਇਹ ਇੱਕ ਸ਼ਰਮੀਲੇ ਬੱਚੇ ਨੂੰ ਵੀ ਕਲਾਸ ਵਿੱਚ ਵਾਦ ਵਿਵਾਦ ਪ੍ਰਤੀਯੋਗਿਤਾ ਵਿੱਚ ਬੋਲਣ ਲਈ ਅਵਸਰ ਪ੍ਰਦਾਨ ਕਰ ਸਕਦਾ ਹੈ।

–ਇਹ ਬੱਚਿਆਂ ਨੂੰ ਪ੍ਰੇਰਿਤ ਕਰਦਾ ਹੈ। ਜਦੋਂ ਬੱਚੇ ਆਪਣੀਆਂ ਉਪਲੱਬਧੀਆਂ ਅਤੇ ਸਫਲਤਾਵਾਂ ਨੂੰ ਦੇਖਦੇ ਹਨ ਤਾਂ ਉਹ ਆਪਣੇ ਪ੍ਰਦਰਸ਼ਨ ਵਿੱਚ ਹੋਰ ਜ਼ਿਆਦਾ ਸੁਧਾਰ ਕਰਨ ਲਈ ਆਪਣੇ ਅੰਦਰ ਨਵੀਂ ਊਰਜਾ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਲਈ ਸਫਲਤਾ ਤੋਂ ਚੰਗਾ ਕੋਈ ਪ੍ਰੋਤਸਾਹਕ ਨਹੀਂ ਹੋ ਸਕਦਾ। ਇਹ ਸੁਨਿਸ਼ਚਤਕ ਹੋ ਚੁੱਕਿਆ ਹੈ ਕਿ ਰਿਕਾਰਡ ਕਰਨਾ, ਬੱਚਿਆਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਹਾਇਤਾ ਕਰਨ ਦੇ ਹਿਸਾਬ ਨਾਲ ਇੱਕ ਉਚਿੱਤ ਮਜ਼ਬੂਤ ਬਿੰਦੂ ਹੈ।

(2) ਅਧਿਆਪਕ ਅਤੇ ਕਾਊਂਸਲਰ

ਬੱਚਿਆਂ ਦੀਆਂ ਸਮਰੱਥਾਵਾਂ ਨੂੰ ਸਮਝ ਕੇ ਇਕੱਤਰ ਕੀਤੀਆਂ ਗਈਆਂ ਰੁਪਾਂਤਰਿਤ ਸੂਚਨਾਵਾਂ ਨੂੰ ਪ੍ਰਦਾਨ ਕਰਨ, ਸਿਖਲਾਈ ਪ੍ਰਦਰਸ਼ਨ ਦੇ ਰਿਕਾਰਡ, ਅਧਿਆਪਕ ਅਤੇ ਕਾਊਂਸਲਰਾਂ ਦੀ ਸਹਾਇਤਾ ਕਰਦੇ ਹਨ। ਉਪਲੱਬਧ ਪ੍ਰਮਾਣਾਂ ਦੇ ਆਧਾਰ ’ਤੇ ਉਹ ਵਿਦਿਆਰਥੀ ਦੀ ਸਿਖਲਾਈ ਅਤੇ ਪ੍ਰਗਤੀ ਸਬੰਧੀ ਸਿੱਟਾ ਕੱਢ ਸਕਦੇ ਹਨ। ਉਨ੍ਹਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਵਿਦਿਆਰਥੀ ਦਾ ਪੱਧਰ ਇਸ ਸਮੇਂ ਕਿੱਥੇ ਹੈ ? ਅਤੇ ਵਿਦਿਆਰਥੀ ਨੂੰ ਇਸ ਸਮੇਂ ਕਿਸ ਪ੍ਰਕਾਰ ਦੀ ਸਹਾਇਤਾ ਦੀ ਲੋੜ ਹੈ ? ਤਾਂਕਿ ਉਹ ਵਿਦਿਆਰਥੀ ਦੇ ਪੱਧਰ ਨੂੰ ਉਠਾ ਸਕੇ ਜਿੱਥੇ ਉਸ ਨੂੰ ਇਸ ਉਮਰ ਅਤੇ ਯੋਗਤਾ ਅਨੁਸਾਰ ਹੋਣਾ ਚਾਹੀਦਾ ਹੈ।

ਰਿਪੋਰਟਾਂ ’ਤੇ ਪੰਦਰਵਾੜੇ ’ਤੇ ਆਧਾਰਿਤ ਵਿਸ਼ਲੇਸ਼ਣ ਅਤੇ ਸਮੀਖਿਆ ਨਿਮਨ ਬਿੰਦੂਆਂ ’ਤੇ ਪ੍ਰਤੀਬਿੰਬਤ ਰੂਪ ਵਿੱਚ ਅਧਿਆਪਕ ਦੀ ਸਹਾਇਤਾ ਕਰਦਾ ਹੈ।

–ਅਧਿਆਪਨ ਰਣਨੀਤੀਆਂ ਅਤੇ ਵਿਧੀਆਂ

–ਕਲਾਸ ਰੂਪ ਦਾ ਪ੍ਰਬੰਧਨ ਅਤੇ

–ਸਕੂਲ ਦੇ ਅੰਦਰ ਅਤੇ ਬਾਹਰ ਉਪਲੱਬਧ ਸਮੱਗਰੀ ਅਤੇ ਸਰੋਤਾਂ ਦਾ ਉਪਯੋਗ, ਜਿਸ ਨਾਲ ਬੱਚੇ ਦਾ ਪ੍ਰਦਰਸ਼ਨ ਬਿਹਤਰ ਹੁੰਦਾ ਹੈ।

ਦੂਜੀ ਤਰਫ਼ ਇੱਕ ਕਾਊਂਸਲਰ (ਕੋਈ ਵਿਅਕਤੀ ਅਧਿਕਾਰਤ ਤੌਰ ’ਤੇ ਉੱਥੇ ਹੋ ਸਕਦਾ ਹੈ ਜਾਂ ਕੋਈ ਅਧਿਆਪਕ ਕਾਊਂਸਲਰ ਦੀ ਭੂਮਿਕਾ ਵੀ ਨਿਭਾ ਸਕਦਾ ਹੈ) ਬੱਚੇ ਦੀ ਪ੍ਰਗਤੀ ਨੂੰ ਸੁਨਿਸ਼ਚਤ ਕਰਨ ਲਈ ਆਹਮਣੇ ਸਾਹਮਣੇ ਬੈਠ ਕੇ ਉਸ ਦੀਆਂ ਵਿਅਕਤੀਗਤ ਸਮੱਸਿਆਵਾਂ ਦੀ ਪਛਾਣ ਕਰ ਸਕਦਾ ਹੈ। ਰਿਕਾਰਡਿੰਗ ਅਤੇ ਰਿਪੋਰਟਿੰਗ ਦੀ ਵਿਆਪਕ ਅਤੇ ਉਪਚਾਰਾਤਮਕ ਵਿਵਸਥਾ, ਬੱਚਿਆਂ ਲਈ ਪ੍ਰਭਾਵਪੂਰਨ ਸਿਖਲਾਈ ਦੇਣ ਵਿੱਚ ਸਮਾਜਿਕ ਵਿਕਾਸ ਵਿੱਚ ਮਾਰਗਦਰਸ਼ਨ ਕਰ ਸਕਦੀ ਹੈ ਅਤੇ ਅਸਲੀ ਵਿਦਿਅਕ ਨਿਯੋਜਨ ਵਿੱਚ ਸਹਾਇਕ ਹੋ ਸਕਦੀ ਹੈ।

(3) ਯੋਜਨਾ ਬਣਾਉਣ ਵਾਲੇ ਅਤੇ ਪ੍ਰਸ਼ਾਸਕ

ਰਿਕਾਰਡ ਕਰਨ, ਨਿਮਨ ਉਦੇਸ਼ਾਂ ਵਿੱਚ ਯੋਜਨਾ ਬਣਾਉਣ ਵਾਲੇ ਅਤੇ ਪ੍ਰਸ਼ਾਸਕਾਂ ਦੀ ਸਹਾਇਤਾ ਕਰਦਾ ਹੈ।

-ਕਲੱਸਟਰ ਤੋਂ ਲੈ ਕੇ ਜ਼ਿਲ੍ਹੇ ਦੇ ਸਾਰੇ ਪੱਧਰਾਂ ਤੱਕ ਸਿੱਖਿਆ ਦੇ ਗੁਣਾਂ ਦੀ ਜਾਂਚ ਕਰਨਾ।

-ਯੋਗਦਾਨ ਅਤੇ ਰੁਕਾਵਟਾਂ ਦੀ ਪ੍ਰਭਾਵਪੂਰਨਤਾ ਦੀ ਪਰਖ ਕਰਨਾ।

-ਸਿਖਲਾਈ ਦੇ ਗੁਣਾਂ ਨੂੰ ਵਧਾਉਣ ਲਈ ਸਕੂਲ ਨੂੰ ਵਰਗੀਕ੍ਰਿਤ ਕਰਨਾ।

-ਅਧਿਆਪਕ ਦੇ ਪ੍ਰਦਰਸ਼ਨ ਲਈ ਉਸਦੀ ਸਵੈ ਦੀ ਜਵਾਬਦੇਹੀ ਲਈ ਅਧਿਆਪਕ ਦਾ ਨਿਰਧਾਰਨ ਕਰਨਾ।

ਰਿਕਾਰਡਿੰਗ ਅਤੇ ਰਿਪੋਰਟਿੰਗ ਕਿਉਂਕਿ ਮੁਲਾਂਕਣ ਦਾ ਇੱਕ ਅਟੁੱਟ ਅੰਗ ਹੈ, ਰਿਪੋਰਟਿੰਗ ਸਪੱਸ਼ਟ ਹੋਣੀ ਚਾਹੀਦੀ ਹੈ। ਜੋ ਵੀ ਦਰਜ ਕੀਤਾ ਗਿਆ ਹੈ, ਉਸ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ, ਸਬੂਤ ਅਤੇ ਅੰਕੜੇ ਸਾਂਝੇ ਕਰਨ ਦੀ ਜ਼ਰੂਰਤ ਹੁੰਦੀ ਹੈ। ਸਾਂਝਾ ਕਰਨ ਨੂੰ ਨੁਕਸ ਲੱਭਣ ਦੀ ਬਜਾਏ ਰੋਕਥਾਮ ਵਾਲੇ, ਕਿਰਿਆਸ਼ੀਲ, ਪ੍ਰਗਤੀਸ਼ੀਲ ਅਤੇ ਸੁਧਾਰਾਤਮਕ ਹੋਣ ਦੀ ਲੋੜ ਹੈ। ਇਸਦਾ ਉਦੇਸ਼ ਇਹ ਹੈ ਕਿ ਬੱਚਾ ਇਹ ਸਵੀਕਾਰ ਕਰੇ ਕਿ ਉਹ ਆਪਣੀ ਪ੍ਰਗਤੀ ਦੀ ਜ਼ਿੰਮੇਵਾਰੀ ਲੈ ਰਿਹਾ ਹੈ ਅਤੇ ਪ੍ਰਗਤੀ ਲਈ ਦੂਜਿਆਂ ਦੀ ਸਹਾਇਤਾ ਦੀ ਭਾਲ ਕਰ ਰਿਹਾ ਹੈ ਜਿਸ ਨਾਲ ਕਿ ਬੱਚੇ ਨੂੰ ਪਿੱਛੇ ਜਾਣ ਤੋਂ ਰੋਕਿਆ ਜਾ ਸਕੇ। ਜਦੋਂ ਰਿਪੋਰਟਿੰਗ ਕੀਤੀ ਜਾਂਦੀ ਹੈ ਉਦੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੀ ਅਤੇ ਕੌਣ ਬੱਚੇ ਦੇ ਸਿਖਲਾਈ ਪ੍ਰਦਰਸ਼ਨ ਨੂੰ ਪ੍ਰੋਤਸਾਹਤ ਕਰੇਗਾ। ਰਿਕਾਰਡ ਦੀਆਂ ਗਤੀਵਿਧੀਆਂ ਦੇ ਆਧਾਰ 'ਤੇ ਰਿਪੋਰਟਿੰਗ ਵਿਭਿੰਨ ਹਿੱਤ ਧਾਰਕਾਂ ਲਈ ਅਲੱਗ ਅਲੱਗ ਹੁੰਦੀ ਹੈ। ਹਰੇਕ ਹਿੱਤ ਧਾਰਕ ਕੋਲ ਉਸ ਲਈ ਕੁਝ ਬਿੰਦੂ ਹੁੰਦੇ ਹਨ। ਉਦਾਹਰਨ ਵਜੋਂ ਜੇਕਰ ਇੱਕ ਬੱਚਾ ਅੰਗਰੇਜ਼ੀ ਦੀ ਕਲਾਸ ਵਿੱਚੋਂ ਜੀ ਚੁਰਾਉਂਦਾ ਦੇਖਿਆ ਜਾਂਦਾ ਹੈ ਤਾਂ ਉਸ ਨੂੰ ਰਿਪੋਰਟਿੰਗ ਵਿੱਚ ਸਬੰਧਿਤ ਅੰਗਰੇਜ਼ੀ ਅਧਿਆਪਕ ਲਈ ਬੱਚੇ 'ਤੇ ਵਿਅਕਤੀਗਤ ਰੂਪ ਨਾਲ ਧਿਆਨ ਦੇਣ ਲਈ ਕੁਝ ਹੋ ਸਕਦਾ ਹੈ। ਰਿਪੋਰਟਿੰਗ ਨੂੰ ਸਾਰਿਆਂ ਲਈ ਇੱਕੋ ਜਿਹੀ ਬਣਾਉਣ ਦੀ ਬਜਾਏ, ਇਸ ਨੂੰ ਵਿਅਕਤੀਗਤ ਰੂਪ ਨਾਲ ਬੱਚੇ ਦੀ ਸਮਰੱਥਾ ਅਤੇ ਕਮਜ਼ੋਰੀ ਨੂੰ ਦੇਖਦੇ ਹੋਏ ਇਹ ਸੋਚਿਆ ਜਾ ਸਕਦਾ ਹੈ ਕਿ ਇਸ ਨੂੰ ਕਿਵੇਂ ਲਚਕੀਲਾ ਬਣਾਇਆ ਜਾ ਸਕਦਾ ਹੈ।

ਵਿਦਿਆਰਥੀ ਦੇ ਸਿਖਲਾਈ ਦੇ ਦ੍ਰਿਸ਼ਟੀਕੋਣ ਨਾਲ ਰਿਪੋਰਟਿੰਗ ਕਰਨ ਦਾ ਸਮਾਂ ਬਹੁਤ ਮਹੱਤਵਪੂਰਨ ਹੁੰਦਾ ਹੈ। ਵਿਸ਼ੇਸ਼ ਰੂਪ ਨਾਲ ਅਧਿਆਪਨ ਖੇਤਰ ਵਿੱਚ ਨਿਰਧਾਰਨ ਦੇ ਤੁਰੰਤ ਬਾਅਦ ਦਰਜ ਰਿਪੋਰਟ ਬੱਚੇ ਨਾਲ ਸਾਂਝੀ ਕਰਨੀ ਚਾਹੀਦੀ ਹੈ ਤਾਂ ਕਿ ਉਹ ਤੁਰੰਤ ਫੀਡਬੈਕ ਪ੍ਰਾਪਤ ਕਰ ਸਕੇ। ਹਾਲਾਂਕਿ ਦਰਜ ਰਿਪੋਰਟ ਹਰੇਕ ਪ੍ਰੀਖਿਆ ਦੇ ਅੰਤ ਵਿੱਚ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਦਰਜ ਰਿਪੋਰਟ ਨੂੰ ਮੁੱਖ ਅਧਿਆਪਕ ਦੀ ਦ੍ਰਿਸ਼ਟੀ ਵਿੱਚ ਲਿਆਉਣਾ ਜ਼ਰੂਰੀ ਹੈ ਜਦੋਂ ਉਹ ਸੈਸ਼ਨ ਦੇ ਸ਼ੁਰੂ ਵਿੱਚ ਅਧਿਆਪਨ ਯੋਜਨਾਵਾਂ ਵਿੱਚ ਰੁੱਝਿਆ ਰਹਿੰਦਾ ਹੈ। ਵਿਸ਼ਾ ਅਧਿਆਪਕ ਨੂੰ ਰਿਪੋਰਟ ਤੁਰੰਤ ਪ੍ਰਾਪਤ ਕਰ ਲੈਣੀ ਚਾਹੀਦੀ ਹੈ ਜਿਸ ਨਾਲ ਕਿ ਉਹ ਬੱਚੇ ਲਈ ਕੁਝ ਸੁਧਾਰਾਤਮਕ ਕਦਮ ਉਠਾ ਸਕੇ। ਬੱਚੇ ਦੇ ਸਕੂਲ ਛੱਡਣ ਦੇ ਸਮੇਂ ਜਾਂ ਦਾਖਲ ਹੋਣ ਦੇ ਸਮੇਂ ਦਰਜ ਅੰਕੜਿਆਂ ਵਾਲੀ ਪ੍ਰੋਫਾਇਲ ਦੀ ਟਰਾਂਸਫਰ ਵੀ ਬੱਚੇ ਦੇ ਨਾਲ ਹੀ ਹੋ ਜਾਣੀ ਚਾਹੀਦੀ ਹੈ।

ਈ-1 ਨਿਮਨਲਿਖਤ ਵਿੱਚੋਂ ਹਰੇਕ ਲਈ ਰਿਪੋਰਟਿੰਗ ਦੀ ਇੱਕ ਰੁਕਾਵਟ ਦਾ ਵਰਣਨ ਕਰੋ।

ਵਿਦਿਆਰਥੀ, ਅਧਿਆਪਕ ਅਤੇ ਮਾਪੇ

16.2.2 ਰਿਕਾਰਡਿੰਗ ਸਿਖਲਾਈ ਪ੍ਰਗਤੀ ਦੀ ਪ੍ਰਕਿਰਿਆ

ਪਰੰਪਰਾਗਤ ਅੰਕ ਵਿਧੀ ਨਾਲ ਰਿਪੋਰਟਿੰਗ ਕਰਨਾ ਚੰਗਾ ਨਹੀਂ ਹੈ, ਬੱਚੇ ਨੂੰ ਸਮਝਣਾ ਅਤੇ ਅੱਗੇ ਉਸਦੀ ਸਿਖਲਾਈ ਨੂੰ ਸਮਝਣਾ ਉਚਿੱਤ ਹੈ। ਅੰਗਰੇਜ਼ੀ ਵਿਸ਼ੇ ਵਿੱਚ 45 ਅੰਕ ਪ੍ਰਾਪਤ ਕਰਨਾ ਇਹ ਜਾਣਕਾਰੀ ਪ੍ਰਦਾਨ ਨਹੀਂ ਕਰਦਾ ਹੈ ਕਿ ਬੱਚੇ ਨੇ ਇਸ ਪ੍ਰੀਖਿਆ ਨੂੰ ਕਿਵੇਂ ਪੂਰਾ ਕੀਤਾ ਹੈ। ਕੁਝ ਨਿਸ਼ਚਤ ਸੂਚਨਾਵਾਂ ਦੇ ਬਿਨਾਂ, ਉਪਯੋਗੀ ਸਿੱਟਾ ਕੱਢਣਾ ਅਤੇ ਪ੍ਰਾਪਤ ਅੰਕਾਂ ਦੇ ਬਾਰੇ ਵਿੱਚ ਕੁਝ ਅਰਥਪੂਰਨ ਕਹਿਣਾ, ਸੰਭਵ ਨਹੀਂ ਹੈ। ਇਸ ਲਈ ਕਿਸੇ ਪ੍ਰਾਪਤ ਅੰਕਾਂ ਦੀ ਸ਼ੁੱਧ ਪ੍ਰਾਪਤ ਅੰਕਾਂ ਦੇ ਆਧਾਰ ’ਤੇ ਵਿਆਖਿਆ ਨਹੀਂ ਹੋਣੀ ਚਾਹੀਦੀ। ਅੰਗਰੇਜ਼ੀ ਵਿੱਚ ਸੋਫੀ ਵੱਲੋਂ ਪ੍ਰਾਪਤ ਕੀਤੇ ਗਏ 45 ਅੰਕਾਂ ਦਾ ਅਰਥ ਹੈ ਕਿ ਉਸਨੇ ਇਸ ਵਿਸ਼ੇ ਵਿੱਚ ਚੰਗਾ ਕਾਰਜ ਨਹੀਂ ਕੀਤਾ ਹੈ। ਇਸ ਨੂੰ ਚੰਗੀ ਤਰ੍ਹਾਂ ਸਮਝਣ ਲਈ ਨਿਮਨ ਗਤੀਵਿਧੀ ਨੂੰ ਕਰਦੇ ਹਾਂ-

ਗਤੀਵਿਧੀ-1ਅੰਗਰੇਜ਼ੀ ਵਿੱਚ ਸੋਫੀ ਦੇ ਪ੍ਰਦਰਸ਼ਨ ’ਤੇ ਦਿੱਤੀਆਂ ਗਈਆਂ ਸੂਚਨਾਵਾਂ ਸਬੰਧੀ ਵਿਚਾਰ ਕਰਦੇ ਹਾਂ-

•ਇਸ ਵਿਸ਼ੇ ਵਿੱਚ ਹੁਣ ਤੱਕ ਸਭ ਤੋਂ ਵਧ ਪ੍ਰਾਪਤ ਅੰਕ 70 ਹਨ।

•ਇਸ ਕਲਾਸ ਵਿੱਚ ਇੱਕ ਵਿਦਿਆਰਥੀ ਦੇ ਸਭ ਤੋਂ ਵੱਧ ਪ੍ਰਾਪਤ ਅੰਕ 53 ਹਨ।

• ਇਸ ਕਲਾਸ ਵਿੱਚ ਘੱਟ ਤੋਂ ਘੱਟ ਪ੍ਰਾਪਤ ਅੰਕ 12 ਹਨ।

•ਇਸ ਕਲਾਸ ਦੇ ਔਸਤ ਪ੍ਰਾਪਤ ਅੰਕ 27 ਹਨ।

•ਇਸ ਕਲਾਸ ਵਿੱਚ ਸਿਰਫ਼ 7 ਫੀਸਦੀ ਬੱਚਿਆਂ ਨੇ 45 ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ।

•ਸੋਫੀ ਨੇ ਅੰਗਰੇਜ਼ੀ ਦੀ ਪਿਛਲੀ ਪ੍ਰੀਖਿਆ ਵਿੱਚ 36 ਅੰਕ ਪ੍ਰਾਪਤ ਕੀਤੇ ਸਨ।

•ਸੋਫੀ ਦੀ ਅੰਗਰੇਜ਼ੀ ਦੀ ਕਲਾਸ ਵਿੱਚ ਮੌਜੂਦਗੀ ਸਥਾਈ ਹੈ।

• ਸੋਫੀ ਅੰਗਰੇਜ਼ੀ ਵਿਸ਼ੇ ਨੂੰ ਪਸੰਦ ਕਰਦੀ ਹੈ।

ਅੰਗਰੇਜ਼ੀ ਵਿੱਚ ਸੋਫੀ ਦੇ ਪ੍ਰਦਰਸ਼ਨ ’ਤੇ ਆਪਣਾ ਸਿੱਟਾ ਕੱਢੋ।

ਇਸ ਲਈ ਪ੍ਰਾਪਤ ਅੰਕੜਿਆਂ ਦੀ ਰਿਕਾਰਡਿੰਗ ਅਤੇ ਰਿਪੋਰਟਿੰਗ ਤਾਂ ਪੂਰੀ ਅਤੇ ਅਰਥਪੂਰਨ ਬਣਦੀ ਹੈ ਜਦੋਂ ਇਸ ਵਿੱਚ ਪੂਰਵ ਪ੍ਰਦਰਸ਼ਨ, ਵਿਦਿਅਕ ਅਤੇ ਸਹਿ ਵਿਦਿਅਕ ਦੋਨੋਂ ਹਿੱਸਿਆਂ ਦੇ ਨਿਰਧਾਰਨ ਪ੍ਰਦਰਸ਼ਨ ਦੇ ਸੂਚਕ ਅਤੇ ਪਸੰਦ ਨੂੰ ਸ਼ਾਮਲ ਕੀਤਾ ਜਾਂਦਾ ਹੈ। ਜਦੋਂ ਤੁਸੀਂ ਆਪਣੇ ਵਿਦਿਆਰਥੀ ਦੇ ਵਿਭਿੰਨ ਨਿਰਧਾਰਨ ਦੇ ਨਤੀਜੇ ਦੀ ਰਿਕਾਰਡਿੰਗ ਕਰਦੇ ਹੋ, ਤਾਂ ਤੁਹਾਨੂੰ ਨਿਮਨ ਬਿੰਦੂਆਂ ਨੂੰ ਲਿਖਣਾ ਲਾਜ਼ਮੀ ਹੁੰਦਾ ਹੈ।

-ਰਿਕਾਰਡਿੰਗ ਵਿਅਕਤੀਗਤ ਰੂਪ ਨਾਲ ਸੰਪੂਰਨ ਹੋਣੀ ਚਾਹੀਦੀ ਹੈ।

-ਰਿਕਾਰਡਿੰਗ ਦਾ ਖਾਕਾ ਅੰਕੜਿਆਂ ਦੇ ਪ੍ਰਕਾਰ ਅਤੇ ਸਿਰਜਣ ਦੇ ਤਰੀਕੇ ’ਤੇ ਨਿਰਭਰ ਹੋਣਾ ਚਾਹੀਦਾ ਹੈ।

-ਰਿਕਾਰਡਿੰਗ ਪ੍ਰਮਾਣਾਂ ’ਤੇ ਆਧਾਰਿਤ ਹੋਣੀ ਚਾਹੀਦੀ ਹੈ।

-ਜਦੋਂ ਅਸੀਂ ਗੁਣਾਤਮਕ ਅੰਕੜਿਆਂ ਦੀ ਰਿਕਾਰਡਿੰਗ ਕਰਦੇ ਹੋ ਤਾਂ ਇਨ੍ਹਾਂ ਦਾ ਵਰਣਨ ਆਮ ਦੀ ਬਜਾਏ ਸਾਧਾਰਨ ਭਾਸ਼ਾ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਜਿਸ ਨਾਲ ਹਿੱਤ ਧਾਰਕਾਂ ਨੂੰ ਸਮਝਣ ਵਿੱਚ ਆਸਾਨੀ ਹੋਵੇ।

-ਰਿਕਾਰਡਿੰਗ, ਸਾਕਾਰਾਤਮਕ ਅਤੇ ਸੰਤੁਲਿਤ ਦਿਮਾਗ ਦੀ ਸਹਾਇਤਾ ਨਾਲ ਸੰਪੂਰਨ ਹੋਣੀ ਚਾਹੀਦੀ ਹੈ ਜਿਸ ਨਾਲ ਬੱਚਿਆਂ ਦੇ ਸਿਖਲਾਈ ਪੱਧਰ ਵਿੱਚ ਵਾਧਾ ਹੋਵੇ। ਰਿਕਾਰਡਿੰਗ ਨੂੰ ਝੂਠੀਆਂ ਚੀਜ਼ਾਂ ਦਾ ਅਭਿਆਸ ਨਹੀਂ ਹੋਣਾ ਚਾਹੀਦਾ।

-ਰਿਕਾਰਡ ਅੰਕੜਿਆਂ ਨੂੰ ਵਿਭਿੰਨ ਹਿੱਤ ਧਾਰਕਾਂ ਵਿੱਚ ਵੰਡਣਾ ਚਾਹੀਦਾ ਹੈ ਜਿਸ ਨਾਲ ਕਿ ਉਹ ਆਪਣੇ ਪੱਧਰ ਤੋਂ ਸਟੀਕ ਸਹਾਇਤਾ ਪ੍ਰਦਾਨ ਕਰਨ।

-ਰਿਕਾਰਡ ਅੰਕੜੇ ਇਸ ਢੰਗ ਨਾਲ ਰਿਕਾਰਡ ਹੋਣੇ ਚਾਹੀਦੇ ਹਨ ਕਿ ਵਿਭਿੰਨ ਹਿੱਤ ਧਾਰਕਾਂ ਦੇ ਕਿਰਿਆ ਬਿੰਦੂ ਰਿਕਾਰਡ ਅੰਕੜਿਆਂ ਤੋਂ ਸਪੱਸ਼ਟ ਰੂਪ ਨਾਲ ਸਾਹਮਣੇ ਆਉਣ।

ਆਓ ਛੇਵੀਂ ਅਤੇ ਸੱਤਵੀਂ ਕਲਾਸ ਦੇ ਬੱਚਿਆਂ ਦੀ ਉਪਲੱਬਧੀ ਦੀ ਰਿਕਾਰਡਿੰਗ ਲਈ ਪ੍ਰਦਰਸ਼ਨ ਰਿਪੋਰਟ ਕਾਰਡ ਤਿਆਰ ਕਰੀਏ।

ਪ੍ਰਦਰਸ਼ਨ ਸੂਚਕਾਂ ਨੂੰ ਪ੍ਰਦਰਸ਼ਿਤ ਰਿਪੋਰਟ ਕਾਰਡ ਵਿੱਚ ਸਪੱਸ਼ਟ ਰੂਪ ਨਾਲ ਦਰਜ ਹੋਣਾ ਚਾਹੀਦਾ ਹੈ। ਇਹ ਪੰਜ ਬਿੰਦੂਆਂ ਦੇ ਰੇਟਿੰਗ ਪੈਮਾਨੇ ਦੀ ਸ਼ਕਲ ਵਿੱਚ ਹੋ ਸਕਦਾ ਹੈ ਜੋ ਵਿਦਿਅਕ ਖੇਤਰਾਂ ਦਾ ਪਾਲਣ ਕਰਦਾ ਹੈ-

ਗ੍ਰੇਡ ਏ   80 ਫੀਸਦੀ ਤੋਂ ਉੱਪਰ   ਉੱਤਮ

ਗ੍ਰੇਡ ਬੀ   65 ਤੋਂ 79 ਫੀਸਦੀ   ਬਹੁਤ ਚੰਗਾ

ਗ੍ਰੇਡ ਸੀ   50 ਤੋਂ 64 ਫੀਸਦੀ   ਚੰਗਾ

ਗ੍ਰੇਡ ਡੀ   35 ਤੋਂ 49 ਫੀਸਦੀ   ਔਸਤ

ਗ੍ਰੇਡ ਈ   35 ਫੀਸਦੀ ਤੋਂ ਹੇਠ   ਵਿਸ਼ੇਸ਼ ਸਹਾਇਤਾ ਦੀ ਲੋੜ

ਸਹਿ ਵਿਦਿਅਕ ਅਤੇ ਸਹਿ ਪਾਠਕ੍ਰਮ ਖੇਤਰ ਲਈ ਇਹ ਤਿੰਨ ਬਿੰਦੂ ਰੇਟਿੰਗ ਪੈਮਾਨੇ ਦੀ ਸ਼ਕਲ ਵਿੱਚ ਹੋ ਸਕਦੇ ਹਨ ਜਿਵੇਂ-

ਗ੍ਰੇਡ ਏ   ਬਹੁਤ ਚੰਗਾ

ਗ੍ਰੇਡ ਬੀ   ਚੰਗਾ

ਗ੍ਰੇਡ ਸੀ   ਵਿਸ਼ੇਸ਼ ਸਹਾਇਤਾ ਦੀ ਲੋੜ

ਬੱਚਿਆਂ ਦੇ ਪ੍ਰਦਰਸ਼ਨ ਦਾ ਰਿਪੋਰਟ ਕਾਰਡ

ੳ ਵਿਦਿਆਰਥੀ ਦਾ ਪ੍ਰੋਫਾਇਲ

ਵਿਦਿਆਰਥੀ ਦਾ ਨਾਂ ——————————————————————

ਸਕੂਲ ਦਾ ਨਾਂ————————————————————————

ਕਲਾਸ————— ਵਿਭਾਗ————— ਰੋਲ ਨੰਬਰ———ਸਾਲ————

ਅ. ਵਿਦਿਅਕ ਖੇਤਰ ਵਿੱਚ ਪ੍ਰਦਰਸ਼ਨ

| ਲੜੀ ਨੰਬਰ | ਵਿਸ਼ਾ | ਟਰਮ-1 ਅੰਕ/ਗਰੇਡ | | | | ਟਰਮ-2 ਅੰਕ/ਗਰੇਡ | | | | ਟਰਮ-3 ਅੰਕ/ਗਰੇਡ | | | |
|---|---|---|---|---|---|---|---|---|---|---|---|---|---|
| 1 | ਭਾਸ਼ਾ-1 | o | w | p | p | o | w | p | T | o | w | p | T |
| 2 | ਭਾਸ਼ਾ-2 | | | | | | | | | | | | |
| 3 | ਭਾਸ਼ਾ-3 | | | | | | | | | | | | |
| 4 | ਗਣਿਤ | | | | | | | | | | | | |
| 5 | ਵਿਗਿਆਨ | | | | | | | | | | | | |
| 6 | ਸਮਾਜਿਕ ਵਿਗਿਆਨ | | | | | | | | | | | | |
| | | | | | | | | | | | | | |

ਨਿਰਦੇਸ਼ O -ਮੌਖਿਕ, W -ਲਿਖਤੀ, P -ਪ੍ਰਾਜੈਕਟ/ਪ੍ਰਯੋਗਿਕ ਕਾਰਜ ਅਤੇ T -ਕੁੱਲ ਜੋੜ

**ੲ. ਸਹਿ ਵਿਦਿਅਕ ਖੇਤਰ ਵਿੱਚ ਪ੍ਰਦਰਸ਼ਨ**

| ਲੜੀ ਨੰਬਰ | ਸਹਿ ਵਿਦਿਅਕ ਖੇਤਰ | ਗ੍ਰੇਡ ਟਰਮ-1 | ਗ੍ਰੇਡ ਟਰਮ-2 | ਗ੍ਰੇਡ ਟਰਮ-3 |
|---|---|---|---|---|
| 1. | ਕਲਾ ਸਿੱਖਿਆ | | | |
| 2.. | ਕਾਰਜ ਅਨੁਭਵ | | | |
| 3. | ਸਿਹਤ ਅਤੇ ਸਰੀਰਿਕ ਸਿੱਖਿਆ | | | |

**ਸ. ਵਿਅਕਤੀਗਤ-ਸਮਾਜਿਕ ਗੁਣ**

| ਲੜੀ ਨੰਬਰ | ਵਿਅਕਤੀਗਤ ਸਮਾਜਿਕ ਗੁਣ | ਗ੍ਰੇਡ ਟਰਮ-1 | ਗ੍ਰੇਡ ਟਰਮ-2 | ਗ੍ਰੇਡ ਟਰਮ-3 |
|---|---|---|---|---|
| 1.<br>2.<br>3.<br>4.<br>5. | | | | |

ਨਿਰਦੇਸ਼ ਬਿੰਦੂ- 5 ਵਿਅਕਤੀਗਤ-ਸਮਾਜਿਕ ਗੁਣਾਂ ਨੂੰ ਅਸੀਂ ਨਿਮਨ ਵਿੱਚੋਂ ਚੁਣ ਸਕਦੇ ਹਾਂ-

ਸਾਫ਼-ਸਫ਼ਾਈ, ਸਹਿਭਾਗਤਾ, ਨਿਯਮਤਤਾ, ਅਨੁਸ਼ਾਸਨ ਅਤੇ ਆਗਿਆ ਪਾਲਣ, ਸੰਵੇਦਨਸ਼ੀਲਤਾ, ਜ਼ਿੰਮੇਵਾਰੀ ਲੈਣੀ, ਵਾਤਾਵਰਣ ਪ੍ਰਤੀ ਜਾਗਰੂਕਤਾ, ਸਹਿਣਸ਼ੀਲਤਾ, ਚੰਗੇ ਗੁਣਾਂ ਨੂੰ ਪ੍ਰਤੋਸਾਹਤ ਕਰਨਾ, ਅਗਵਾਈ ਸਮਰੱਥਾ, ਸੱਚ ਬੋਲਣਾ, ਰਾਸ਼ਟਰੀਅਤਾ, ਸਮਾਜਿਕ ਸੇਵਾ ਦੀ ਭਾਵਨਾ, ਮਨੋਵਿਗਿਆਨਕ ਸਮਝ, ਮਜ਼ਦੂਰ ਅਤੇ ਕਾਮਿਆਂ ਪ੍ਰਤੀ ਸਨਮਾਨ, ਵੱਡਿਆਂ ਪ੍ਰਤੀ ਸਨਮਾਨ, ਵਾਤਾਵਰਣ ਦੀ ਸੁਰੱਖਿਆ ਕਰਨੀ ਅਤੇ ਸੰਸਕ੍ਰਿਤਕ ਵਿਰਾਸਤ ਦੀ ਸੁਰੱਖਿਆ ਕਰਨੀ ਅਤੇ ਮਿਹਨਤ ਆਦਿ।

**ਹ. ਸਹਿ ਸਿੱਖਿਆ ਗਤੀਵਿਧੀਆਂ**

| ਲੜੀ ਨੰਬਰ | ਸਹਿ ਸਿੱਖਿਆ ਗਤੀਵਿਧੀਅ | ਗ੍ਰੇਡ ਟਰਮ-1 | ਗ੍ਰੇਡ ਟਰਮ-2 | ਗ੍ਰੇਡ ਟਰਮ-3 |
|---|---|---|---|---|
| 1 | ਸਾਹਿਤ (ਪੜ੍ਹਨਾ, ਵੇਖਣਾ, ਚਰਚਾ, ਸਿਰਜਣਾਤਮਕ ਲੇਖਣ) | | | |
| 2 | ਵਿਗਿਆਨਕ (ਕਲੱਬ ਗਤੀਵਿਧੀ, ਪ੍ਰਾਕਿਰਤਕ ਅਧਿਐਨ, ਕੰਪਿਊਟਰ ਸਾਖਰਤਾ) | | | |
| 3 | ਕਲਾ (ਚਿੱਤਰਕਲਾ, ਕਸੀਦਾਕਾਰੀ, ਦਸਤਕਾਰੀ, ਮੂਰਤੀਕਲਾ) | | | |
| 4 | ਸੰਸਕ੍ਰਿਤਕ (ਸੰਗੀਤ, ਕਲਾ ਪ੍ਰਦਰਸ਼ਨੀ) | | | |
| 5 | ਸਰੀਰਿਕ ਸਿੱਖਿਆ (ਅੰਦਰੂਨੀ ਖੇਡਾਂ, ਬਾਹਰੀ ਖੇਡਾਂ, ਯੋਗ ਅਭਿਆਸ) | | | |
| 6 | ਮਿਸ਼ਰਤ ਸਿੱਖਿਆ (ਮੁੱਢਲੀ ਮੈਡੀਕਲ ਸਿੱਖਿਆ, ਰੈਡ ਕਰਾਸ, ਸਕਾਊਟ, ਐਨ.ਸੀ.ਪੀ. ਰੁਮਾਂਚਕ ਗਤੀਵਿਧੀਆਂ) | | | |

ਕ. ਹਾਜ਼ਰੀ

| ਟਰਮ 1 | | ਟਰਮ 3 | | ਟਰਮ 3 | |
|---|---|---|---|---|---|
| ਕੰਮਕਾਜੀ ਦਿਨਾਂ ਦੀ ਸੰਖਿਆ | ਹਾਜ਼ਰੀ | ਕੰਮਕਾਜੀ ਦਿਨਾਂ ਦੀ ਸੰਖਿਆ | ਹਾਜ਼ਰੀ | ਕੰਮਕਾਜੀ ਦਿਨਾਂ ਦੀ ਸੰਖਿਆ | ਹਾਜ਼ਰੀ |

ਖ. ਟਿੱਪਣੀ

| ਲੜੀ ਨੰਬਰ | ਦੀ ਟਿੱਪਣੀ | 'ਤੇ ਟਿੱਪਣੀ | ਟਰਮ -1 | ਟਰਮ-2 | ਟਰਮ-3 |
|---|---|---|---|---|---|
| 1 | ਕਲਾਸ ਅਧਿਆਪਕ | ਸਮਰੱਥਾ | | | |
| | | ਧਾਰ ਦਾ ਖੇਤਰ | | | |
| 2 | ਪ੍ਰਿੰਸੀਪਲ | ਸਮਰੱਥਾ | | | |
| | | ਧਾਰ ਦਾ ਖੇਤਰ | | | |
| 3 | ਮਾਪੇ | ਸਮਰੱਥਾ | | | |
| | | ਧਾਰ ਦਾ ਖੇਤਰ | | | |

ਗ. ਹਸਤਾਖਰ

ਮਾਪੇ ਕਲਾਸ ਅਧਿਆਪਕ ਪ੍ਰਿੰਸੀਪਲ

ਗੀਵਿਧੀ-2

ਕੀ ਬੱਚੇ ਦਾ ਪ੍ਰਦਰਸ਼ਨ ਉੱਪਰ ਦਿੱਤੇ ਗਏ ਫਾਰਮੈੱਟ ਵਿੱਚ ਦਰਜ ਕੀਤਾ ਜਾ ਸਕਦਾ ਹੈ ? ਜੇਕਰ ਨਹੀਂ ਤਾਂ ਸਥਾਨਕ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਸੀਂ ਇਸ ਵਿੱਚ ਕੀ ਤਬਦੀਲੀ ਕਰਨਾ ਪਸੰਦ ਕਰਦੇ ਹੋ ?

ਉਪਰੋਕਤ ਚਰਚਾ ਕੀਤੇ ਗਏ ਛੇਵੀਂ-ਅੱਠਵੀਂ ਦੇ ਰਿਪੋਰਟ ਕਾਰਡ ਵਿੱਚ ਤੁਸੀਂ ਇਹ ਜਾਣਕਾਰੀ ਪ੍ਰਾਪਤ ਕੀਤੀ ਹੋਏਗੀ ਕਿ ਰਿਪੋਰਟ ਕਾਰਡ ਵਿੱਚ ਵਿਸ਼ਾ ਵਾਰ ਦਰਜ ਅੰਕੜੇ, ਇੱਕ ਸੈਸ਼ਨ ਦੇ ਦਿੰਨ ਉਪ ਸੈਸ਼ਨਾਂ ਵਿੱਚ ਦਰਜ ਹੁੰਦੇ ਹਨ ਅਤੇ ਵਿਦਿਅਕ ਖੇਤਰਾਂ ਦੀਆਂ ਵਿਭਾਗਾਂ (ਮੌਖਿਕ, ਲਿਖਤੀ, ਪ੍ਰਾਜੈਕਟਾਂ/ਪ੍ਰਯੋਗ/ਨਿਰਧਾਰਤ ਕਾਰਜ) ਨਾਲ ਸੰਦਰਭਿਤ ਹੁੰਦੇ ਹਨ। ਜੇਕਰ ਤੁਸੀਂ ਇੱਕ ਅਧਿਆਪਕ ਹੋਣ ਦੇ ਨਾਤੇ ਕਿਸੇ ਵਿਸ਼ੇਸ਼ ਬੱਚੇ ਦੇ ਸਿਖਲਾਈ ਪੱਧਰ ਨੂੰ ਉਸ ਵਿਸ਼ੇ ਵਿੱਚ ਜਿਸਦਾ ਤੁਸੀਂ ਅਧਿਆਪਨ ਕਰ ਰਹੇ ਹੋ, ਡੂੰਘਾਈ ਨਾਲ ਉਠਾਉਣਾ ਚਾਹੁੰਦੇ ਹੋ ਤਾਂ ਇਹ ਤੁਹਾਡੇ ਉਦੇਸ਼ ਨੂੰ ਪੂਰਾ ਨਹੀਂ ਕਰੇਗਾ। ਤੁਹਾਨੂੰ ਵਿਸ਼ੇ ਦੀਆਂ ਸਿਖਲਾਈ ਪ੍ਰਾਪਤੀਆਂ ਦੇ ਸੂਚਕਾਂ ਦੀ ਸੂਚੀ ਦੀ ਪਛਾਣ ਕਰਨੀ ਹੈ ਅਤੇ ਪ੍ਰਤੀਦਿਨ 3-5 ਬੱਚਿਆਂ ਦਾ ਪ੍ਰੇਖਣ ਕਰਨਾ ਹੈ ਅਤੇ ਇਸ ਸੰਖੇਪ ਦਰਜ ਕੀਤੇ ਨੂੰ ਆਪਣੇ ਰਜਿਸਟਰ ਵਿੱਚ ਦਰਜ ਕਰੋ। ਮਹੀਨੇ ਦੇ ਅੰਤ ਵਿੱਚ ਤੁਹਾਡੇ ਕੋਲ ਕਲਾਸ ਦੇ ਹਰੇਕ ਬੱਚੇ ਦੀ ਜਾਣਕਾਰੀ ਹੋਏਗੀ। ਇਹ ਤੁਹਾਨੂੰ ਵਿਸ਼ੇ ਦੀ ਤਿਮਾਈ ਪ੍ਰਗਤੀ ਰਿਪੋਰਟ ਤਿਆਰ ਕਰਨ ਵਿੱਚ ਸਹਾਇਤਾ ਕਰੇਗੀ। ਇਸ ਪ੍ਰਕਿਰਿਆ ਨੂੰ ਤੁਸੀਂ ਵਿਸ਼ੇ ਦੀ ਸ਼ਿਫਟ ਸਮਰੱਥਾ ਨੂੰ ਪਛਾਨਣ ਅਤੇ ਬੱਚਿਆਂ ਦੀਆਂ ਕਮਜ਼ੋਰੀਆਂ ਨੂੰ ਪਛਾਣਨ ਤੱਕ ਚਾਲੂ ਰੱਖ ਸਕਦੇ ਹੋ।

**ਈ-2 ਵਿਭਿੰਨ ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਵਿੱਚ ਬੱਚੇ ਦੀ ਦਰਜ ਪ੍ਰਗਤੀ ਦੀ ਪ੍ਰਕਿਰਿਆ ਵਿੱਚ ਕੋਈ ਚਾਰ ਅੰਤਰਾਂ ਦੀ ਵਿਆਖਿਆ ਕਰੋ। ਅਤੇ ਪ੍ਰਕਿਰਿਆ ਵਿੱਚ ਅੰਤਰ ਦੇ ਕਾਰਨਾਂ ਨੂੰ ਚਿੰਨ੍ਹਿੱਤ ਕਰੋ।**

ਇੱਥੇ ਤੀਜੀ-ਪੰਜਵੀਂ ਕਲਾਸ ਤੋਂ ਅਧਿਆਪਨ ਕੀਤੇ ਗਏ ਵਾਤਾਵਰਣ ਅਧਿਐਨ ਲਈ ਸੂਚਕਾਂ ਦੀ ਵਿਸਥਾਰਤ ਸੂਚੀ ਇੱਕ ਉਦਾਹਰਨ ਦੇ ਰੂਪ ਵਿੱਚ ਹੈ। ਜਦੋਂ ਬੱਚੇ ਪ੍ਰਾਇਮਰੀ ਸਕੂਲ ਪੂਰਾ ਕਰਦੇ ਹਨ, ਉਨ੍ਹਾਂ ਦੀ ਯੋਗਤਾ ਅਤੇ ਧਾਰਨਾ ਦਾ ਵਿਕਾਸ ਹੋਣ ਦੇ ਨਾਲ ਨਿਮਨਲਿਖਤ ਸੂਚਕਾਂ ਦੀ ਲੋੜ ਹੁੰਦੀ ਹੈ। ਜਿਨ੍ਹਾਂ ਦੀ 3 ਬਿੰਦੂ (1,2,3) ਪੈਮਾਨੇ ਰਾਹੀਂ ਦਰਜਾਬੰਦੀ ਕੀਤੀ ਜਾ ਸਕਦੀ ਹੈ, ਜਿੱਥੇ 1 ਦਾ ਅਰਥ ਹੈ ਸਹਾਇਤਾ ਦੀ ਲੋੜ, 2 ਦਾ ਅਰਥ ਹੈ ਚੰਗਾ ਅਤੇ 3 ਦਾ ਅਰਥ ਹੈ ਬਹੁਤ ਚੰਗਾ।

ਪੰਜਵੀਂ ਕਲਾਸ ਲਈ ਵਾਤਾਵਰਣ ਅਧਿਐਨ ਵਿੱਚ ਦਰਜ ਸਿਖਲਾਈ ਪ੍ਰਦਰਸ਼ਨ

| ਲੜੀ ਨੰਬਰ | ਨਿਰਧਾਰਨ ਦੇ ਬਿੰਦੂ | ਸੂਚਕ | ਟਰਮ ਰੇਟਿੰਗ | | |
|---|---|---|---|---|---|
| | | | ਟਰਮ-1 | ਟਰਮ-2 | ਟਰਮ-3 |
| 1 | ਸੁਣਨਾ | ਸੂਚਨਾ ਅਤੇ ਮੌਖਿਕ ਪਾਠਕ੍ਰਮ ਦੇ ਪ੍ਰਸਾਰ ਨੂੰ ਸਮਝਣਾ (ਜਿਵੇਂ ਕਲਾਸ ਦਾ ਭਾਸ਼ਣ, ਟੀਵੀ, ਰੇਡਿਓ ਤੋਂ ਪ੍ਰਸਾਰਿਤ ਖ਼ਬਰਾਂ, ਐਲਾਨ, ਵਾਦ ਵਿਵਾਦ, ਦਿਸ਼ਾ ਨਿਰਦੇਸ਼ ਆਦਿ)। | | | |
| | | ਕੀ ਵਾਕਾਂ ਦੀ ਨਕਲ ਕੀਤੀ ਗਈ ਹੈ ਜਾਂ ਕੀ ਅਧਿਆਪਕ ਰਾਹੀਂ ਪੈਰਾਗ੍ਰਾਫ ਤਿਆਰ ਕਰਾਇਆ ਗਿਆ ਹੈ। | | | |
| 2 | ਬੋਲਣਾ | ਮਹੱਤਵਪੂਰਨ ਸ਼ਬਦਾਂ ਅਤੇ ਵਾਕ ਅੰਸ਼ਾਂ ਦੀ ਪਛਾਣ ਕਰਨਾ। | | | |
| | | ਕੀ ਉਦਾਹਰਨ ਬਣ ਸਕਦੀ ਹੈ ਅਤੇ ਅਨੁਮਾਨ ਲੱਗ ਸਕਦਾ ਹੈ। | | | |
| | | ਕੀ ਪਾਠ ਵਿੱਚ ਦਿੱਤੇ ਗਏ ਮੁੱਖ ਬਿੰਦੂਆਂ ਨੂੰ ਯਾਦ ਕਰ ਸਕਦਾ ਹੈ। | | | |
| | | ਪ੍ਰਤੀਕਿਰਿਆ ਕਰਨੀ, ਫੈਸਲਾ ਕਰਨਾ, ਸਿੱਟਾ ਕੱਢਣਾ। | | | |
| | | ਵਿਭਿੰਨ ਸਵਰ ਉਚਾਰਣ ਦਾ ਉਪਯੋਗ ਕਰਨਾ। | | | |
| | | ਸੰਰਚਨਾਤਮਕ ਸਮੂਹ ਦੀਆਂ ਗੱਲਾਂ ਦੇ ਦੌਰਾਨ ਅਨੁਭਵਾਂ, ਵਿਚਾਰਾਂ ਅਤੇ ਪ੍ਰੇਖਣਾਂ ਨੂੰ ਵੰਡਣਾ। | | | |
| | | ਕੀ ਆਪਣੀ ਇੱਛਾ ਨੂੰ ਸਹੀ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਗਟ ਕਰ ਸਕਦਾ ਹੈ ਜਿਵੇਂ ਦਿਨ ਪ੍ਰਤੀਦਿਨ ਦੇ ਮਾਮਲਿਆਂ ਦੀ ਗੱਲਬਾਤ ਨੂੰ ਲਾਗੂ ਕਰਨਾ। | | | |
| 3 | ਪੜ੍ਹਨਾ | ਮੌਖਿਕ ਅਤੇ ਚੁੱਪ ਰਹਿ ਕੇ ਦੋਨੋਂ ਤਰ੍ਹਾਂ ਨਾਲ ਪਾਠ ਨੂੰ ਸਟੀਕਤਾ ਨਾਲ ਪੜ੍ਹਨਾ। | | | |
| | | ਵਿਭਿੰਨ ਸੰਦਰਭਾਂ ਵਿੱਚ ਪੂਰਵ ਗਿਆਨ, ਅਨੁਭਵਾਂ ਅਤੇ ਸੂਚਨਾਵਾਂ ਦਾ ਉਪਯੋਗ ਕਰਨਾ। | | | |
| | | ਕੀ ਸ਼ਬਦ ਕੋਸ਼ ਜਾਂ ਗਿਆਨ ਕੋਸ਼ ਦਾ ਉਪਯੋਗ ਕਰ ਸਕਦਾ ਹੈ। | | | |
| | | ਕੀ ਪਾਠ ’ਤੇ ਅੰਦਰੂਨੀ ਰੂਪ ਨਾਲ ਪ੍ਰਤੀਕਿਰਿਆ ਕਰ ਸਕਦਾ ਹੈ। | | | |
| | | ਲੇਖ, ਕਵਿਤਾ ਅਤੇ ਰਿਪੋਰਟਾਂ ਨੂੰ ਸਮਝਣਾ ਅਤੇ ਪ੍ਰੋਤਸਾਹਿਤ ਕਰਨਾ। | | | |

| | | | | | |
|---|---|---|---|---|---|
| 4 | ਲਿਖਣਾ | ਕੀ ਪੱਤਰ, ਵਰਣਨ ਲਿਖ ਸਕਦੇ ਹਨ। ਪੋਸਟਰ ਅਤੇ ਸੂਚਨਾ ਤਿਆਰ ਕਰਨਾ, ਸੰਦੇਸ਼ ਲਿਖਣਾ।<br>ਕੀ ਵਿਚਾਰਾਂ ਨੂੰ ਸਹੀ ਕ੍ਰਮ ਵਿੱਚ ਸੰਗਠਿਤ ਕਰਨ ਲਈ, ਉਦਾਹਰਨਾਂ ਅਤੇ ਤੱਥਾਂ ਦੀ ਉਚਿੱਤ ਵਿਆਖਿਆ ਕਰ ਸਕਦਾ ਹੈ। | | | |

**ਗਤੀਵਿਧੀ**–3ਸਥਾਨਕ ਅੰਤਰ ਦਾ ਵਿਚਾਰ ਕਰਦੇ ਹੋਏ ਤੀਜੀ ਕਲਾਸ ਦੇ ਬੱਚਿਆਂ ਦਾ ਪ੍ਰਦਰਸ਼ਨ ਰਿਕਾਰਡ ਦਾ ਫਾਰਮੈਟ 3-ਬਿੰਦੂ ਪੈਮਾਨੇ 'ਤੇ ਵਿਕਸਤ ਕਰੋ।

ਤੀਜੀ ਕਲਾਸ ਲਈ ਗਣਿਤ ਵਿੱਚ ਸਿਖਲਾਈ ਪ੍ਰਦਰਸ਼ਨ ਦਾ ਰਿਕਾਰਡ

ਪਹਿਲਾਂ ਗਣਿਤ ਵਿੱਚ ਪ੍ਰਕਿਰਿਆ ਆਧਾਰਿਤ ਨਿਰਧਾਰਨ ਕੀਤਾ ਜਾਂਦਾ ਹੈ। ਤੁਹਾਨੂੰ ਬੱਚਿਆਂ ਦਾ ਕਾਰਜ ਸਾਵਧਾਨੀ ਪੂਰਬਕ ਪ੍ਰੇਖਣ ਕਰਨਾ ਹੋਏਗਾ। ਗਣਿਤ ਵਿੱਚ ਕਿਸੇ ਸਮੱਸਿਆ ਦੀ ਛੋਟੇ ਛੋਟੇ ਮਦਾਂ ਵਿੱਚ ਵੰਡ ਕਰਦੇ ਹਾਂ। ਹਰੇਕ ਮਦ ਵਿੱਚ ਇੱਕ ਪ੍ਰਕਿਰਿਆ ਸ਼ਾਮਲ ਹੁੰਦੀ ਹੈ। ਇੱਕ ਬੱਚੇ ਲਈ ਕਿਸੇ ਪ੍ਰਕਿਰਿਆ ਨੂੰ ਸਫਲਤਾ ਪੂਰਬਕ ਪੂਰਾ ਕਰਨ ਲਈ ਇਹ ਜ਼ਰੂਰੀ ਹੈ ਕਿ ਉਸ ਨੂੰ ਪਛਾਣੋ ਅਤੇ ਸਵੀਕਾਰ ਕਰੋ। ਇਸ ਵਿਧੀ 'ਤੇ ਆਧਾਰਿਤ ਹਰੇਕ ਸਮੱਸਿਆ ਦੇ ਨਿਰਧਾਰਨ ਅਤੇ ਵਰਗੀਕਰਨ ਨੂੰ ਨਿਮਨ ਤਿੰਨ ਗ੍ਰੇਡ ਦੇ ਆਧਾਰ 'ਤੇ ਦੱਸਿਆ ਗਿਆ ਹੈ। 1, 2, 3 ਗ੍ਰੇਡ ਤੋਂ ਮਤਲਬ ਇਸ ਪ੍ਰਕਾਰ ਹੈ–

ਗ੍ਰੇਡ–1. ਵਿਦਿਆਰਥੀ ਜਦੋਂ ਸਮੱਸਿਆ ਦੇ ਇੱਕ ਭਾਗ ਨੂੰ ਹੱਲ ਨਹੀਂ ਕਰ ਸਕਦਾ ਹੈ।

ਗ੍ਰੇਡ–2. ਵਿਦਿਆਰਥੀ ਜਦੋਂ ਪੂਰੀ ਪ੍ਰਕਿਰਿਆ ਦਾ ਕੁਝ ਭਾਗ ਹੱਲ ਕਰ ਸਕਦਾ ਹੈ।

ਗ੍ਰੇਡ–3. ਵਿਦਿਆਰਥੀ ਜਦੋਂ ਪੂਰੀ ਪ੍ਰਕਿਰਿਆ ਨੂੰ ਸਫਲਤਾ ਪੂਰਬਕ ਹੱਲ ਕਰ ਸਕਦਾ ਹੈ।

ਹਾਲਾਂਕਿ ਅਧਿਆਪਕ ਹੋਣ ਸਮੇਂ ਤੁਹਾਨੂੰ 4–5 ਵਿਦਿਆਰਥੀਆਂ ਦਾ ਰਿਕਾਰਡ ਰੱਖਣ ਦੀ ਜ਼ਰੂਰਤ ਹੈ। ਤੀਜੀ ਕਲਾਸ ਦੇ ਵਿਦਿਆਰਥੀ ਦੀ ਰਿਕਾਰਡਿੰਗ ਲਈ ਹੇਠ ਦਿੱਤਾ ਫਾਰਮੈਟ ਉਦਾਹਰਨ ਹੈ–

| ਲੜੀ ਨੰਬਰ | ਵਿਸ਼ਾ ਵਸਤ | ਟਰਮ–1 | | | ਟਰਮ–2 | | | ਟਰਮ–3 | | |
|---|---|---|---|---|---|---|---|---|---|---|
| | | ਕਲਾਸ ਕਾਰਜ | ਨਿਰਧਾਰਤ ਕਾਰਜ | ਪ੍ਰਯੋਗਾਤਮਕ | ਕਲਾਸ ਕਾਰਜ | ਨਿਰਧਾਰਤ ਕਾਰਜ | ਪ੍ਰਯੋਗਾਤਮਕ | ਕਲਾਸ ਕਾਰਜ | ਨਿਰਧਾਰਤ ਕਾਰਜ | ਪ੍ਰਯੋਗਾਤਮਕ |
| 1 | ਆਕ੍ਰਿਤੀ ਅਤੇ ਗਿਆਨ | | | | | | | | | |
| 2 | ਸੰਖਿਆ ਨੂੰ ਪੜ੍ਹਨਾ ਅਤੇ ਲਿਖਣਾ | | | | | | | | | |

| | | | | | | | | | | |
|---|---|---|---|---|---|---|---|---|---|---|
| 3 | ਜੋੜ | | | | | | | | | |
| 4 | ਘਟਾਉਣਾ | | | | | | | | | |
| 5 | ਸਮਾਂ | | | | | | | | | |
| 6 | ਕੈਲੰਡਰ | | | | | | | | | |
| 7 | ਵਜ਼ਨ | | | | | | | | | |
| 8 | ਮੁਦਰਾ | | | | | | | | | |
| 9 | ਆਯਤਨ | | | | | | | | | |
| 10 | ਗੁਣਾ | | | | | | | | | |
| 11 | ਭਾਗ | | | | | | | | | |
| 12 | ਅੰਕੜਿਆਂ ਦਾ ਰੱਖ ਰਖਾਅ | | | | | | | | | |

ਵਿਸ਼ਾ ਅਧਿਆਪਕ ਖਾਲੀ ਸਥਾਨ ਵਿੱਚ ਗ੍ਰੇਡ ਭਰਦਾ ਹੈ। ਰਿਕਾਰਡ ਕੀਤੀ ਗਈ ਸੂਚਨਾ ਨੂੰ ਸਾਕਾਰਾਤਮਕ ਟਿੱਪਣੀ ਨਾਲ ਬੱਚਿਆਂ ਅਤੇ ਮਾਪਿਆਂ ਵਿੱਚ ਵੰਡਿਆ ਜਾਂਦਾ ਹੈ।

**ਗਤੀਵਿਧੀ**–4

ਸਥਾਨਕ ਅੰਤਰ ਅਤੇ ਵਿਸ਼ੇ ਲਈ ਇਛੁੱਕ ਕੁਸ਼ਲਤਾਵਾਂ ਦਾ ਵਿਚਾਰ ਕਰਦੇ ਹੋਏ ਪੰਜਵੀਂ ਕਲਾਸ ਦੇ ਬੱਚਿਆਂ ਲਈ ਗਣਿਤ ਵਿੱਚ ਰਿਕਾਰਡਿੰਗ ਦੇ ਫਾਰਮੈਟ ਨੂੰ ਵਿਕਸਤ ਕਰੋ।

ਈ-3 ਵਿਭਿੰਨ ਵਿਸ਼ਾ ਖੇਤਰਾਂ ਵਿੱਚ ਸਿਖਲਾਈ ਪ੍ਰਦਰਸ਼ਨ ਦੇ ਰਿਕਾਰਡਿੰਗ ਦੇ ਫਾਰਮੈਟ ਵਿੱਚ ਅੰਤਰ ਨੂੰ ਕਾਰਨ ਸਮੇਤ ਚਿੰਨ੍ਹਿਤ ਕਰੋ।

### 16.2.3 ਵਿਭਿੰਨ ਹਿੱਤ ਧਾਰਕਾਂ ਨੂੰ ਰਿਪੋਰਟ ਕਰਨਾ

ਰਿਕਾਰਡ ਨਤੀਜਿਆਂ ਨੂੰ ਵਿਭਿੰਨ ਹਿੱਤ ਧਾਰਕਾਂ ਵਿੱਚ ਫੀਡਬੈਕ ਲਈ ਵੰਡਿਆ ਜਾਂਦਾ ਹੈ। ਜਿਸ ਨਾਲ ਕਿ ਹਰੇਕ ਸਬੰਧਿਤ ਆਪਣੇ ਤਰੀਕੇ ਨਾਲ ਬੱਚੇ ਦੀ ਪ੍ਰਗਤੀ ਵਿੱਚ ਸ਼ਾਮਲ ਹੋ ਸਕੇ। ਇਹੀ ਸਹਿਭਾਗਤਾ ਰਿਪੋਰਟਿੰਗ ਕਹਾਉਂਦਾ ਹੈ, ਜੋ ਬੱਚੇ ਦੀ ਸਿਖਲਾਈ ਪ੍ਰਗਤੀ ਦਾ ਅਸਲੀ ਪ੍ਰਸਤੂਤੀਕਰਨ ਹੈ। ਇਹ ਹਮੇਸ਼ਾ ਬੱਚੇ ਦੀ ਸਮਰੱਥਾ 'ਤੇ ਜ਼ਿਆਦਾ ਕੇਂਦਰਿਤ ਅਤੇ ਅਨੁਸ਼ਾਸਿਤ ਹੁੰਦਾ ਹੈ। ਰਿਪੋਰਟਿੰਗ ਸਾਡੇ ਹਿੱਤ ਧਾਰਕਾਂ ਦੀਆਂ ਉਮੀਦਾਂ 'ਤੇ ਨਿਰਭਰ ਕਰਦੇ ਹੋਏ ਵਿਭਿੰਨ ਪ੍ਰਕਾਰ ਦੀ ਹੁੰਦੀ ਹੈ। ਉਦਾਹਰਨ ਲਈ ਪ੍ਰਿੰਸੀਪਲ ਨੂੰ ਸਾਰੀਆਂ ਕਲਾਸਾਂ ਦੇ ਪ੍ਰਦਰਸ਼ਨ ਦੀ ਲੋੜ ਹੋ ਸਕਦੀ ਹੈ ਅਤੇ ਇੱਕ ਅਧਿਆਪਕ ਨੂੰ ਆਪਣੇ ਵਿਸ਼ੇ ਨਾਲ ਸਬੰਧਿਤ ਬੱਚਿਆਂ ਦੇ ਪ੍ਰਦਰਸ਼ਨ ਦੀ ਲੋੜ ਹੋ ਸਕਦੀ ਹੈ। ਬੱਚਾ ਇਹ ਜਾਣਨਾ ਪਸੰਦ ਕਰ ਸਕਦਾ ਹੈ ਕਿ ਉਹ ਕਿਸ ਵਿਸ਼ਾ ਵਸਤੂ ਵਿੱਚ ਸਮੂਹ ਦੇ ਪਿੱਛੇ ਚਲ ਰਿਹਾ ਹੈ। ਮਾਪੇ ਬੱਚੇ ਦੇ ਵਿਅਕਤੀਗਤ ਸਮਾਜਿਕ ਗੁਣਾਂ ਦੇ ਬਾਰੇ ਵਿੱਚ ਜਾਣਨਾ ਪਸੰਦ ਕਰ ਸਕਦੇ ਹਨ। ਬੱਚੇ ਦੇ ਪ੍ਰਦਰਸ਼ਨ ਦੀ ਰਿਪੋਰਟਿੰਗ ਦੇ ਵਿਭਿੰਨ ਹਿੱਤ ਧਾਰਕਾਂ ਰਾਹੀਂ ਵਿਭਿੰਨ ਲੋੜਾਂ ਅਤੇ ਉਪਯੋਗ ਹੁੰਦੇ ਹਨ ਜਿਨ੍ਹਾਂ ਬਾਰੇ ਅਸੀਂ ਅੱਗੇ ਇਸ ਇਕਾਈ ਦੇ ਭਾਗ 16.3.1 ਵਿੱਚ ਚਰਚਾ ਕਰਾਂਗੇ।

## 16.3 ਸਿਖਲਾਈ ਨੂੰ ਸੁਧਾਰਨ ਲਈ ਨਿਰਧਾਰਨ ਨਤੀਜੇ ਦਾ ਉਪਯੋਗ

### 16.3.1 ਸਮਰੱਥਾ ਅਤੇ ਕਮਜ਼ੋਰੀ ਦੀ ਪਛਾਣ ਕਰਨ ਲਈ ਨਿਰਧਾਰਨ ਨਤੀਜੇ ਦਾ ਵਿਸ਼ਲੇਸ਼ਣ ਕਰਨਾ:-

ਜਦੋਂ ਤੁਸੀਂ ਇੱਕ ਬਾਰ ਰਿਕਾਰਡ ਨੂੰ ਭਰ ਲੈਂਦੇ ਹੋ ਅਤੇ ਇਸ ਨੂੰ ਹਿੱਤ ਧਾਰਕਾਂ ਨੂੰ ਵੰਡਣ ਲਈ ਤਿਆਰ ਕਰ ਲੈਂਦੇ ਹੋ ਤਾਂ ਤੁਸੀਂ ਰਿਪੋਰਟਿੰਗ ਕੀਤੇ ਗਏ ਅੰਕੜਿਆਂ ਦਾ ਸਮੀਖਿਅਕ ਵਿਸ਼ਲੇਸ਼ਣ ਕਰ ਸਕਦੇ ਹੋ। ਤੁਸੀਂ ਅਜਿਹਾ ਵਿਭਿੰਨ ਤਰੀਕਿਆਂ ਨਾਲ ਕਰ ਸਕਦੇ ਹੋ-

(1) ਵਿਸ਼ੇ ਦੇ ਹਿਸਾਬ ਨਾਲ ਵਿਸ਼ਲੇਸ਼ਣ

(2) ਵਿਸ਼ਾ ਵਸਤੂ ਦੇ ਹਿਸਾਬ ਨਾਲ ਵਿਸ਼ਲੇਸ਼ਣ

(3) ਸਿਖਲਾਈ ਪ੍ਰਾਪਤੀਆਂ ਦੇ ਹਿਸਾਬ ਨਾਲ ਵਿਸ਼ਲੇਸ਼ਣ

(4) ਟਰਮ ਦੇ ਹਿਸਾਬ ਨਾਲ ਵਿਸ਼ਲੇਸ਼ਣ।

ਵਿਸ਼ਲੇਸ਼ਣ ਦੇ ਕੁਝ ਉਦਾਹਰਨ ਹੇਠ ਦਿੱਤੇ ਗਏ ਹਨ:-

**ਸਾਰਣੀ-1 ਵਿਸ਼ੇ ਦੇ ਹਿਸਾਬ ਨਾਲ ਵਿਸ਼ਲੇਸ਼ਣ**

| ਲੜੀ ਨੰਬਰ | ਵਿਸ਼ਾ | ਵਿਭਿੰਨ ਬੱਚਿਆਂ ਦੇ ਪ੍ਰਾਪਤ ਅੰਕ | | | | | | |
|---|---|---|---|---|---|---|---|---|
| | | A | B | C | D | E | F | G |
| | ਭਾਸ਼ਾ (ਕੁੱਲ ਅੰਕ-100) | 41 | 10 | 40 | 50 | 44 | 38 | 48 |
| | ਗਣਿਤ (ਕੁੱਲ ਅੰਕ-100) | 64 | 28 | 80 | 70 | 66 | 69 | 68 |
| | ਵਾਤਾਵਰਣ ਅਧਿਐਨ (ਕੁੱਲ ਅੰਕ-100) | 58 | 23 | 64 | 22 | 59 | 56 | 75 |

ਆਓ ਸਾਰਣੀ–1 ਵਿੱਚ ਦਰਸਾਏ ਗਏ ਬੱਚਿਆਂ ਦੇ ਨਤੀਜੇ ਦੀ ਪਰਖ ਕਰਦੇ ਹਾਂ। ਇਸ ਨਾਲ ਅਸੀਂ ਨਿਮਨ ਸਿੱਟਿਆਂ ’ਤੇ ਪਹੁੰਚ ਸਕਦੇ ਹਾਂ।

– ਪੂਰੀ ਕਲਾਸ ਭਾਸ਼ਾ ਵਿੱਚ ਕਮਜ਼ੋਰ ਹੈ ਜਿਵੇਂ ਕਿ ਲਗਪਗ ਹਰੇਕ ਨੇ 50 ਫੀਸਦੀ ਤੋਂ ਘੱਟ ਅੰਕ ਪ੍ਰਾਪਤ ਕੀਤੇ ਹਨ।

– ਗਣਿਤ ਅਤੇ ਵਾਤਾਵਰਣ ਅਧਿਐਨ ਦੀ ਬਜਾਏ ਭਾਸ਼ਾ ਵਿੱਚ ਵਿਦਿਆਰਥੀਆਂ ਦਾ ਪ੍ਰਦਰਸ਼ਨ ਕਮਜ਼ੋਰ ਹੈ।

– ਬੱਚਿਆਂ ਨੇ ਗਣਿਤ ਵਿੱਚ ਚੰਗਾ ਕਾਰਜ ਕੀਤਾ ਹੈ, ਪਰ ਹੋਰ ਵੀ ਚੰਗਾ ਕਰ ਸਕਦੇ ਸਨ।

– ਵਿਦਿਆਰਥੀ ‘C’ ਨੇ ਗਣਿਤ ਅਤੇ ਵਾਤਾਵਰਣ ਅਧਿਐਨ ਵਿੱਚ ਬਹੁਤ ਚੰਗਾ ਕਾਰਜ ਕੀਤਾ ਹੈ, ਪਰ ਭਾਸ਼ਾ ਵਿੱਚ ਚੰਗਾ ਕਾਰਜ ਨਹੀਂ ਕੀਤਾ ਹੈ।

– ਵਿਦਿਆਰਥੀ ‘B’ ਨੇ ਸਾਰੇ ਵਿਸ਼ਿਆਂ ਵਿੱਚ ਕਮਜ਼ੋਰ ਕਾਰਜ ਕੀਤਾ ਹੈ।

– ਭਾਸ਼ਾ ਵਿੱਚ ਜਾਂਚ ਦੇ ਮਦਾਂ ਦੇ ਕਠਿਨਾਈ ਦੇ ਪੱਧਰ ਦੇ ਵਿਸ਼ਲੇਸ਼ਣ ਦੀ ਲੋੜ ਹੈ।

**ਸਾਰਣੀ–2 ਵਿਸ਼ਾ ਵਸਤੂ ਦੇ ਹਿਸਾਬ ਨਾਲ ਵਿਸ਼ਲੇਸ਼ਣ**

ਵਿਸ਼ਾ ਵਸਤੂ ਦਾ ਨਾਂ:– 1.———— 2.———— 3.————

ਕੁੱਲ ਅੰਕ–50

| ਵਿਦਿਆਰਥੀ | ਵਿਸ਼ਾ ਵਸਤੂ–1 | ਵਿਸ਼ਾ ਵਸਤੂ–2 | ਵਿਸ਼ਾ ਵਸਤੂ–3 |
|---|---|---|---|
| A | 40 | 25 | 10 |
| B | 37 | 30 | 8 |
| C | 30 | 23 | 5 |
| D | 42 | 30 | 15 |
| E | 32 | 29 | 11 |

ਉਪਰੋਕਤ ਸਾਰਣੀ ਤੋਂ ਅਸੀਂ ਨਿਮਨਲਿਖਤ ਸਿੱਟਾ ਕੱਢ ਸਕਦੇ ਹਾਂ-

- ਸਾਰੇ ਬੱਚਿਆਂ ਨੇ ਵਿਸ਼ਾ ਵਸਤੂ-1 ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ।

- ਸਾਰੇ ਬੱਚਿਆਂ ਨੇ ਵਿਸ਼ਾ ਵਸਤੂ-2 ਵਿੱਚ ਕਮਜ਼ੋਰ ਪ੍ਰਦਰਸ਼ਨ ਕੀਤਾ ਹੈ।

- ਵਿਸ਼ਾ ਵਸਤੂ-3 ਲਈ ਬਣਾਏ ਗਏ ਜਾਂਚ ਮਦ ਦੇ ਕਠਿਨਾਈ ਪੱਧਰ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ।

- ਵਿਦਿਆਰਥੀ ' D' ਨੇ ਸਮੂਹ ਵਿੱਚ ਸਾਰੇ ਵਿਸ਼ਿਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ, ਪਰ ਵਿਸ਼ਾ ਵਸਤੂ-3 ਵਿੱਚ ਹੋਰ ਚੰਗਾ ਪ੍ਰਦਰਸ਼ਨ ਕੀਤਾ ਜਾ ਸਕਦਾ ਸੀ।

- ਵਿਦਿਆਰਥੀ ' C' ਸਾਰੇ ਤਿੰਨੋਂ ਵਿਸ਼ਾ ਵਸਤੂ ਵਿੱਚ ਚੰਗਾ ਕਰਨ ਦੇ ਯੋਗ ਨਹੀਂ ਹੈ।

**ਸਾਰਣੀ-3 ਸਿਖਲਾਈ ਪ੍ਰਾਪਤੀਆਂ ਦੇ ਹਿਸਾਬ ਨਾਲ ਵਿਸ਼ਲੇਸ਼ਣ**

**ਉਦੇਸ਼-ਸਮਝ**

| ਵਿਦਿਆਰਥੀ | ਵਿਭਿੰਨ ਵਿਸ਼ੇਸ਼ਤਾਵਾਂ ਵਿੱਚ ਵਿਆਪਕਤਾ ਨਾਲ ਪ੍ਰਾਪਤ ਅੰਕ (ਹਰੇਕ ਵਿਸ਼ੇਸ਼ਤਾ ਵਿੱਚ 50 ਵਿੱਚੋਂ) | | | | | |
|---|---|---|---|---|---|---|
| | ਅਨੁਵਾਦ ਕਰਨਾ | ਉਦਾਹਰਨਾਂ ਦਾ ਜ਼ਿਕਰ ਕਰਨਾ | ਸਬੰਧਾਂ ਨੂੰ ਦੇਖਣਾ | ਤੁਲਨਾ ਕਰਨੀ | ਵਰਗੀਕਰਨ ਕਰਨਾ | ਵਿਆਖਿਆ ਕਰਨਾ |
| A | 35 | 33 | 5 | 10 | 58 | 5 |
| B | 44 | 34 | 6 | 8 | 10 | 6 |
| C | 43 | 33 | 8 | 9 | 12 | 5 |
| D | 42 | 35 | 10 | 13 | 10 | 8 |
| E | 38 | 26 | 5 | 8 | 5 | 4 |

ਉਪਰੋਕਤ ਸਾਰਣੀ ਵਿੱਚ ਅਸੀਂ ਨਿਮਨਲਿਖਤ ਸਿੱਟੇ ਕੱਢ ਸਕਦੇ ਹਾਂ–

– ਬੱਚਿਆਂ ਨੇ ਅਨੁਵਾਦ ਕਰਨ ਅਤੇ ਉਦਾਹਰਨਾਂ ਦਾ ਜ਼ਿਕਰ ਕਰਨ ਨਾਲ ਸਬੰਧਿਤ ਸਿਖਲਾਈ ਪ੍ਰਾਪਤੀਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ।

– ਬੱਚਿਆਂ ਨੇ ਵਿਆਖਿਆ ਕਰਨ ਅਤੇ ਸਬੰਧਾਂ ਨੂੰ ਦੇਖਣ ਨਾਲ ਸਬੰਧਿਤ ਸਿਖਲਾਈ ਪ੍ਰਾਪਤੀਆਂ ਵਿੱਚ ਕਮਜ਼ੋਰ ਪ੍ਰਦਰਸ਼ਨ ਕੀਤਾ ਹੈ।

– ਬੱਚਿਆਂ ਨੇ ਤੁਲਨਾ ਕਰਨ ਅਤੇ ਵਰਗੀਕਰਨ ਕਰਨ ਨਾਲ ਸਬੰਧਿਤ ਸਿਖਲਾਈ ਪ੍ਰਾਪਤੀਆਂ ਵਿੱਚ ਔਸਤ ਤੋਂ ਘੱਟ ਪ੍ਰਦਰਸ਼ਨ ਕੀਤਾ ਹੈ। ਜਿਸ ਵਿੱਚ ਅੱਗੇ ਸੁਧਾਰ ਕੀਤਾ ਜਾ ਸਕਦਾ ਹੈ।

– ਸਮੂਹ ਵਿੱਚ ਵਿਦਿਆਰਥੀ 'D' ਦਾ ਸਾਰੀਆਂ ਵਿਸ਼ੇਸ਼ਤਾਵਾਂ ਵਿੱਚ ਸਭ ਤੋਂ ਚੰਗਾ ਪ੍ਰਦਰਸ਼ਨ ਹੈ, ਉੱਥੇ ਵਿਦਿਆਰਥੀ 'E' ਦੀ ਵਿਆਪਕਤਾ ਨਾਲ ਸਬੰਧਿਤ ਸਿਖਲਾਈ ਪ੍ਰਾਪਤੀਆਂ ਵਿੱਚ ਸਮੂਹ ਵਿੱਚ ਸਭ ਤੋਂ ਖਰਾਬ ਪ੍ਰਦਰਸ਼ਨ ਰਿਹਾ ਹੈ।

– ਵਿਦਿਆਰਥੀ 'B' ਅਨੁਵਾਦ ਕਰਨ ਵਿੱਚ ਪ੍ਰਾਪਤ ਕੀਤੇ ਗਏ ਪ੍ਰਦਰਸ਼ਨ ਨੂੰ ਹੋਰ ਸਿਖਲਾਈ ਪ੍ਰਾਪਤੀਆਂ ਵਿੱਚ ਬਣਾ ਕੇ ਰੱਖਣ ਵਿੱਚ ਸਫਲ ਨਹੀਂ ਹੋ ਸਕਿਆ।

ਇੱਥੇ ਬੱਚਿਆਂ ਦੇ ਬਹੁਤ ਸਾਰੇ ਸਿੱਟਿਆਂ ਨੂੰ ਵਿਅਕਤੀਗਤ ਰੂਪ ਨਾਲ ਜਾਂ ਸਮੂਹਿਕ ਰੂਪ ਨਾਲ, ਸਿਖਲਾਈ ਪ੍ਰਾਪਤੀਆਂ ਦੇ ਵਿਸ਼ਲੇਸ਼ਣ ਰਾਹੀਂ ਕੱਢਿਆ ਜਾ ਸਕਦਾ ਹੈ।

ਬੱਚਿਆਂ ਦੀ ਸਮਰੱਥਾ ਅਤੇ ਕਮਜ਼ੋਰੀ ਦੀ ਜਾਣਕਾਰੀ ਅੱਗੇ ਇਸ ਗਤੀਵਿਧੀ ਦੇ ਵਿਸ਼ਲੇਸ਼ਣ ਰਾਹੀਂ ਪ੍ਰਾਪਤ ਕਰ ਸਕਦੇ ਹਾਂ।

**ਸਾਰਣੀ–4 ਟਰਮ ਦੇ ਹਿਸਾਬ ਨਾਲ ਵਿਸ਼ਲੇਸ਼ਣ**

| ਵਿਦਿਆਰਥੀ | ਟਰਮ–1 | | | ਟਰਮ–2 | | | ਟਰਮ–3 | | |
|---|---|---|---|---|---|---|---|---|---|
| | ਭਾਸ਼ਾ ਕੁੱਲ ਅੰਕ 100 | ਗਣਿਤ ਕੁੱਲ ਅੰਕ 100 | ਵਾਤਾਵਰਣ ਅਧਿਐਨ ਕੁੱਲ ਅੰਕ 100 | ਭਾਸ਼ਾ ਕੁੱਲ ਅੰਕ 100 | ਗਣਿਤ ਕੁੱਲ ਅੰਕ 100 | ਵਾਤਾਵਰਣ ਅਧਿਐਨ ਕੁੱਲ ਅੰਕ 100 | ਭਾਸ਼ਾ ਕੁੱਲ ਅੰਕ 100 | ਗਣਿਤ ਕੁੱਲ ਅੰਕ 100 | ਵਾਤਾਵਰਣ ਅਧਿਐਨ ਕੁੱਲ ਅੰਕ 100 |
| A | 50 | 40 | 60 | 55 | 40 | 62 | 60 | 38 | 64 |
| B | 40 | 80 | 45 | 45 | 85 | 55 | 42 | 90 | 60 |
| C | 70 | 90 | 75 | 75 | 95 | 80 | 80 | 98 | 82 |
| D | 78 | 82 | 80 | 80 | 92 | 80 | 80 | 98 | 82 |
| E | 60 | 62 | 38 | 56 | 64 | 40 | 50 | 60 | 45 |

**ਗਤੀਵਿਧੀ**–5ਹੁਣ ਸਾਰਣੀ–4 ’ਤੇ ਆਧਾਰਿਤ ਆਪਣੇ ਸਿੱਟੇ ਕੱਢਣ ਦੀ ਕੋਸ਼ਿਸ਼ ਕਰੋ।**ਸੰਕੇਤ**–ਤੁਹਾਡੇ ਵਿਸ਼ਲੇਸ਼ਣ ਆਧਾਰਿਤ ਹੋ ਸਕਦੇ ਹਨ–(1) ਟਰਮ ਦੌਰਾਨ ਵਿਅਕਤੀਗਤ ਰੂਪ ਨਾਲ ਜਾਂ ਸਮੂਹ ਵਿੱਚ ਬੱਚੇ ਦੇ ਸਿਖਲਾਈ ਪ੍ਰਦਰਸ਼ਨ ਵਿੱਚ ਪ੍ਰਗਤੀ ਦਾ ਪ੍ਰਮਾਣ ਹੈ।(2) ਟਰਮ ਦੇ ਦੌਰਾਨ ਵਿਸ਼ੇ ਦੇ ਹਿਸਾਬ ਨਾਲ ਪ੍ਰਗਤੀ ਹੈ।(3) ਕਿਹੜਾ ਵਿਸ਼ਾ ਜਾਂ ਭਾਗ ਚੰਗੀ ਪ੍ਰਗਤੀ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਕਿਹੜਾ ਚੰਗੀ ਪ੍ਰਗਤੀ ਨੂੰ ਪ੍ਰਦਰਸ਼ਿਤ ਨਹੀਂ ਕਰਦਾ ਹੈ ? (4) ਕਿਸੇ ਬੱਚੇ ਦਾ ਪ੍ਰਦਰਸ਼ਨ ਲਗਾਤਾਰ ਚੰਗਾ ਬਣਿਆ ਹੋਇਆ ਹੈ ? (5) ਕਿਹੜਾ ਬੱਚਾ ਪ੍ਰਦਰਸ਼ਨ ਦੇ ਮਾਮਲੇ ਵਿੱਚ ਪਿੱਛੇ ਰਹਿ ਗਿਆ ਹੈ ? (6) ਅਤੇ ਕਿਸ ਖੇਤਰ ਵਿੱਚ ਪਿੱਛੇ ਰਹਿ ਗਿਆ ਹੈ ?

### 16.3.2 ਪ੍ਰੋਗਰਾਮ ਦਾ ਪਾਲਣ ਕਰਨਾ

ਬੱਚੇ ਦੇ ਸਿਖਲਾਈ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰਕੇ ਤੁਸੀਂ ਇੱਕ ਪੇਸ਼ੇਵਰ ਅਧਿਆਪਕ ਹੋਣ ਦੇ ਨਾਤੇ ਕੀ ਕਰੋਗੇ ?

ਬੱਚਿਆਂ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਅਤੇ ਉਨ੍ਹਾਂ ਦੇ ਸਿਖਲਾਈ ਪੱਧਰ ਨੂੰ ਉਠਾਉਣ ਲਈ ਤੁਹਾਨੂੰ ਉਨ੍ਹਾਂ ਦੀ ਸਹਾਇਤਾ ਲਈ ਸਹੀ ਫੈਸਲਾ ਲੈਣਾ ਹੈ। ਸਹੀ ਫੈਸਲਾ ਨਿਮਨਲਿਖਤ ਰੂਪ ਵਿੱਚ ਹੋ ਸਕਦਾ ਹੈ–

- ਅਧਿਆਪਕ, ਇੱਕ ਸਲਾਹਕਾਰ ਦੇ ਰੂਪ ਵਿੱਚ।
- ਸਿਖਲਾਈ ਕਠਿਨਾਈਆਂ ਦਾ ਉਪਚਾਰ
- ਸੰਪੂਰਨਤਾ
- ਅਧਿਆਪਕ ਦੀ ਸਵੈ ਦੀ ਪਛਾਣ

**ਅਧਿਆਪਕ ਇੱਕ ਸਲਾਹਕਾਰ ਦੇ ਰੂਪ ਵਿੱਚ–**

ਤੁਹਾਨੂੰ ਇੱਕ ਸਲਾਹਕਾਰ ਦੀ ਭੂਮਿਕਾ ਨਿਭਾਉਣੀ ਹੈ ਅਤੇ ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰਨੀ ਹੈ–

- ਬੱਚਿਆਂ ਨੂੰ ਟੀਚੇ ਤੱਕ ਪਹੁੰਚਾਉਣ ਵਿੱਚ ਮੈਂ ਉਨ੍ਹਾਂ ਦੀ ਕਿਵੇਂ ਸਹਾਇਤਾ ਕਰ ਸਕਦਾ ਹਾਂ ?
- ਉਹ ਆਪਣੀ ਸਿਖਲਾਈ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਕਿਵੇਂ ਦੂਰ ਕਰ ਸਕਦਾ ਹੈ ?
- ਵਿਭਿੰਨ ਹੱਲ ਕੀ ਹੈ ?

ਜਦੋਂ ਤੁਸੀਂ ਸਲਾਹ ਦਿੰਦੇ ਹੋ ਤਾਂ ਇਨ੍ਹਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ।

ਸਲਾਹ ਇੱਕ ਅਜਿਹਾ ਅਨੋਖਾ ਸਹਾਇਤਾ ਪ੍ਰਦਾਨ ਕਰਨ ਵਾਲਾ ਸਬੰਧ ਹੈ ਜਿਸ ਵਿੱਚ ਬੱਚੇ ਨੂੰ ਕੁਝ ਸਿੱਖਣ, ਮਹਿਸੂਸ ਕਰਨ ਅਤੇ ਅਨੁਭਵ ਕਰਨ ਦੇ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਉਸਦੇ ਤਰੀਕਿਆਂ ਵਿੱਚ ਅਜਿਹੀ ਤਬਦੀਲੀ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਬਾਰੇ ਵਿੱਚ ਉਹ ਸੋਚਦਾ ਹੈ। ਇਸ ਪ੍ਰਕਾਰ ਸਲਾਹ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਹਰੇਕ ਬੱਚੇ ਰਾਹੀਂ ਸਵੀਕਾਰ ਕੀਤੀਆਂ ਗਈਆਂ ਗਲਤੀਆਂ ਦੇ ਬਾਰੇ ਵਿੱਚ ਉਨ੍ਹਾਂ ਨਾਲ ਚਰਚਾ ਕਰਨ ਦੀ ਲੋੜ ਹੈ। ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਇਹ ਗਲਤੀਆਂ, ਬੱਚਿਆਂ ਦੀ ਨਾਸਮਝੀ ਜਾਂ ਲਾਪਰਵਾਹੀ ਦੀ ਵਜ੍ਹਾ ਨਾਲ ਹੋਈਆਂ ਹਨ ਜਾਂ ਨਹੀਂ। ਤੁਸੀਂ ਬੱਚੇ ਨੂੰ ਗਲਤੀਆਂ ਦੇਖਣ ਦਾ ਇੱਕ ਵਾਰ ਮੁੜ ਮੌਕਾ ਦਿਓਗੇ ਅਤੇ ਦੇਖੋਗੇ ਕਿ ਉਨ੍ਹਾਂ ਵਿੱਚੋਂ ਉਹ ਕੁਝ ਗਲਤੀਆਂ ਸੁਧਾਰਦਾ ਹੈ ਜਾਂ ਨਹੀਂ। ਕਦੇ ਕਦੇ ਵਿਦਿਆਰਥੀ ਭੁੱਲ ਦੀ ਵਜ੍ਹਾ ਨਾਲ, ਥਕਾਵਟ ਦੀ ਵਜ੍ਹਾ ਨਾਲ, ਲਾਪਰਵਾਹੀ ਦੀ ਵਜ੍ਹਾ ਨਾਲ ਅਤੇ ਹੱਥ ਤੋਂ ਪੈੱਨ ਛੁੱਟ ਜਾਣ ਦੀ ਵਜ੍ਹਾ ਨਾਲ ਗਲਤੀਆਂ ਕਰਦਾ ਹੈ।ਅਜਿਹੀ ਸਥਿਤੀ ਵਿੱਚ ਤੁਸੀਂ ਵਿਦਿਆਰਥੀ ਨੂੰ ਕਹਿ ਸਕਦੇ ਹੋ ਕਿ ਉਹ ਆਪਣੀਆਂ ਗਲਤੀਆਂ ਨੂੰ ਪਛਾਣ ਕੇ ਉਨ੍ਹਾਂ ਵਿੱਚ ਸੁਧਾਰ ਕਰੇ। ਇਸ ਨਾਲ ਉਨ੍ਹਾਂ ਨੂੰ ਸਹਿਪਾਠੀਆਂ ਰਾਹੀਂ ਸੁਧਾਰਿਆ ਜਾ ਸਕਦਾ ਹੈ। ਜੇਕਰ ਵਿਦਿਆਰਥੀ ਨੇ ਕੁਝ ਨਹੀਂ ਸਿੱਖਿਆ ਹੈ ਤਾਂ ਤੁਸੀਂ ਉਸ ਵਿੱਚ ਸੁਧਾਰ ਦੀ ਉਮੀਦ ਨਹੀਂ ਰੱਖ ਸਕਦੇ ਹੋ, ਵਿਦਿਆਰਥੀ ਗਲਤੀ ਕਰਦੇ ਹਨ ਜਦੋਂ ਉਹ ਅਜਿਹੇ ਕਾਰਜਾਂ ਨੂੰ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਨੂੰ ਕਰਨ ਦੇ ਉਹ ਯੋਗ ਨਹੀਂ ਹਨ, ਇਹ ਘਾਟ ਦੀ ਸਥਿਤੀ ਹੈ ਜਿੱਥੇ ਵਿਅਕਤੀਗਤ ਵਿਦਿਆਰਥੀ ਦੇ ਆਧਾਰ ’ਤੇ ਅਧਿਆਪਕ ਸੁਧਾਰਾਤਮਕ ਪ੍ਰੋਗਰਾਮ ਦੀ ਵਿਵਸਥਿਤ ਯੋਜਨਾ ਬਣਾਏ।

ਜੇਕਰ ਵਿਦਿਆਰਥੀ ਉਤਸ਼ਾਹਿਤ ਨਹੀਂ ਹੈ ਅਤੇ ਆਪਣੇ ਆਪ ਨੂੰ ਵਿਵਸਥਿਤ ਕਰਨ ਵਿੱਚ ਕੁਝ ਸਮੱਸਿਆਵਾਂ ਹਨ ਤਾਂ ਤੁਸੀਂ ਵਿਦਿਆਰਥੀ ਦੇ ਨਾਲ ਆਹਮਣੇ ਸਾਹਮਣੇ ਬੈਠ ਕੇ ਸਲਾਹ ਦਿਓ ਤਾਂ ਕਿ ਉਹ ਆਪਣੀ ਸਮਰੱਥਾ ਅਨੁਸਾਰ ਕਾਰਜ ਕਰ ਸਕਣ। ਅਜਿਹੀਆਂ ਰੁਕਾਵਟਾਂ ਲਈ ਤੁਹਾਨੂੰ ਸੰਪੂਰਨ ਰੂਪ ਨਾਲ ਪੇਸ਼ੇਵਰ, ਉਤਸ਼ਾਹਜਨਕ ਅਤੇ ਸਹਾਇਤਾਪੂਰਨ ਵਿਵਹਾਰ ਕਰਨਾ ਚਾਹੀਦਾ ਹੈ। ਤੁਹਾਨੂੰ ਵਿਦਿਆਰਥੀ ਦੀ ਸਮਰੱਥਾ ’ਤੇ ਸੰਪੂਰਨ ਰੂਪ ਨਾਲ ਵਿਸ਼ਵਾਸ ਅਤੇ ਨਿਸ਼ਠਾ ਰੱਖਣ ਦੀ ਲੋੜ ਹੈ।

**ਸਿਖਲਾਈ ਕਠਿਨਾਈਆਂ ਦਾ ਉਪਚਾਰ**

ਸਿਖਲਾਈ ਕਠਿਨਾਈਆਂ ਦੇ ਨਿਦਾਨ ਅਤੇ ਉਪਚਾਰ ਦੇ ਨਿਮਨਲਿਖਤ ਚਾਰ ਮੁੱਖ ਪੜਾਅ ਹਨ–

(1) ਸਿਖਲਾਈ ਕਠਿਨਾਈਆਂ ਵਾਲੇ ਵਿਦਿਆਰਥੀਆਂ ਦਾ ਨਿਰਧਾਰਨ ਕਰਨਾ।

(2) ਸਿਖਲਾਈ ਕਠਿਨਾਈਆਂ ਦੀਆਂ ਵਿਸ਼ੇਸ਼ ਪ੍ਰਕਿਰਤੀਆਂ ਦਾ ਨਿਰਧਾਰਨ ਕਰਨਾ।

(3) ਸਿਖਲਾਈ ਕਠਿਨਾਈਆਂ ਦੇ ਕਾਰਕਾਂ ਦਾ ਨਿਰਧਾਰਨ ਕਰਨਾ।

(4) ਉਚਿੱਤ ਉਪਚਾਰਾਤਮਕ ਪ੍ਰਕਿਰਿਆ ਨੂੰ ਲਾਗੂ ਕਰਨਾ।

**-ਸਿਖਲਾਈ ਕਠਿਨਾਈਆਂ ਵਾਲੇ ਬੱਚਿਆਂ ਦਾ ਨਿਰਧਾਰਨ ਕਰਨਾ**

ਬੱਚਿਆਂ ਦੇ ਵਿਸ਼ੇ ਅਨੁਸਾਰ ਅਤੇ ਟਰਮ ਅਨੁਸਾਰ ਹਾਸਲ ਪ੍ਰਾਪਤ ਅੰਕਾਂ ਦੇ ਵਿਸ਼ਲੇਸ਼ਣ ਰਾਹੀਂ ਤੁਸੀਂ ਸਿਖਲਾਈ ਕਠਿਨਾਈ ਵਾਲੇ ਬੱਚਿਆਂ ਦੀ ਪਛਾਣ ਕਰ ਸਕਦੇ ਹੋ। ਤੁਸੀਂ ਵਿਭਿੰਨ ਪ੍ਰਕਾਰ ਦੀਆਂ ਪ੍ਰੇਖਣਾਤਮਕ ਤਕਨੀਕਾਂ ਜਿਵੇਂ ਕਿ ਨਿਰਧਾਰਨ ਮਾਪ, ਜਾਂਚ ਸੂਚੀ, ਬਿਰਤਾਂਤ ਰਿਕਾਰਡ ਦੀ ਸਹਾਇਤਾ ਲੈ ਕੇ ਸਿਖਲਾਈ ਕਠਿਨਾਈਆਂ ਵਾਲੇ ਬੱਚਿਆਂ ਦੀ ਪਛਾਣ ਕਰ ਸਕਦੇ ਹੋ।

**– ਸਿਖਲਾਈ ਕਠਿਨਾਈਆਂ ਦੀਆਂ ਵਿਸ਼ੇਸ਼ ਪ੍ਰਕਿਰਤੀਆਂ ਦਾ ਨਿਰਧਾਰਨ**

ਵਿਦਿਆਰਥੀ ਜਿੱਥੇ ਗਲਤੀ ਕਰਦਾ ਹੈ, ਉਸ ਸਥਾਨ ਦੀ ਪਛਾਣ ਕਰਨਾ, ਜਦੋਂ ਤੁਸੀਂ ਇੱਕ ਵਿਸ਼ੇ ਦੀ ਸਿਖਲਾਈ ਇਕਾਈ ਜਾਂ ਨਤੀਜਿਆਂ ਦਾ ਵਿਸ਼ਲੇਸ਼ਣ ਕਰਦੇ ਹੋ ਤਾਂ ਤੁਸੀਂ ਉਸ ਸਥਾਨ ਦੀ ਪਛਾਣ ਕਰ ਸਕਦੇ ਹੋ।

**–ਸਿਖਲਾਈ ਕਠਿਨਾਈਆਂ ਦੇ ਕਾਰਨਾਂ ਦਾ ਨਿਰਧਾਰਨ**

ਕਦੇ ਕਦੇ ਸਿਖਲਾਈ ਕਠਿਨਾਈ, ਰੁਚੀ, ਪ੍ਰੇਰਣਾ ਵਰਗੇ ਕਾਰਕਾਂ ਦੇ ਕਾਰਨ ਪੈਦਾ ਹੋ ਸਕਦੀ ਹੈ। ਜੇਕਰ ਕੋਈ ਵਿਦਿਆਰਥੀ ਗਣਿਤ ਵਿਸ਼ੇ ਅਤੇ ਗਣਿਤ ਅਧਿਆਪਕ ਪ੍ਰਤੀ ਨਾਕਾਰਾਤਮਕ ਰਵੱਈਆ ਰੱਖਦਾ ਹੈ ਤਾਂ ਉਸਦੇ ਗਣਿਤ ਵਿੱਚ ਅੰਕ ਬੁਰੇ ਤਰੀਕੇ ਨਾਲ ਪ੍ਰਭਾਵਿਤ ਹੋ ਸਕਦੇ ਹਨ। ਸਿਖਲਾਈ ਕਠਿਨਾਈਆਂ ਦੇ ਬਹੁਤ ਸਾਰੇ ਹੋਰ ਪੇਚੀਦਾ ਕਾਰਨ ਹੋ ਸਕਦੇ ਹਨ। ਹਾਲਾਂਕਿ ਵਿਸ਼ੇਸ਼ ਟੈਸਟ, ਵਿਦਿਆਰਥੀ ਦਾ ਪ੍ਰੇਖਣ, ਵਿਦਿਆਰਥੀਆਂ ਨਾਲ ਕੇਂਦਰਿਤ ਸਮੂਹ ਚਰਚਾ ਅਧਿਆਪਕ ਮਾਪੇ ਸੰਘ ਦੀ ਬੈਠਕ ਦੌਰਾਨ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਤਾ ਪਿਤਾ ਦੀ ਇੰਟਰਵਿਊ ਰਾਹੀਂ ਵਿਦਿਆਰਥੀ ਦੀਆਂ ਕਮੀਆਂ ਦੇ ਬਾਰੇ ਵਿੱਚ ਸੂਚਨਾਵਾਂ ਇਕੱਤਰ ਕੀਤੀਆਂ ਜਾ ਸਕਦੀਆਂ ਹਨ।

**-ਉਚਿੱਤ ਉਪਚਾਰਾਤਮਕ ਪ੍ਰਕਿਰਿਆ ਨੂੰ ਲਾਗੂ ਕਰਨਾ**

ਟੈਸਟ ਅਤੇ ਨਿਰਧਾਰਨ ਰਾਹੀਂ ਇਕੱਤਰ ਅੰਕੜੇ ਉਪਚਾਰਤਮਕ ਪ੍ਰੋਗਰਾਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਨ੍ਹਾਂ ਦਾ ਉਪਯੋਗ (1) ਵਿਦਿਆਰਥੀ ਨੂੰ ਦੱਸਣਾ ਚਾਹੀਦਾ ਹੈ ਕਿ ਤੁਹਾਡੇ ਤੋਂ ਜਿਸ ਉੱਤਰ ਦੀ ਉਮੀਦ ਕੀਤੀ ਗਈ ਸੀ, ਉਸ ਨੂੰ ਤੁਹਾਨੂੰ 'ਇਸ ਢੰਗ ਨਾਲ' ਕਰਨਾ ਚਾਹੀਦਾ ਸੀ। (2) ਵਿਦਿਆਰਥੀ ਨੂੰ ਉਸ ਦੀਆਂ ਕਠਿਨਾਈਆਂ ਦੇ ਬਾਰੇ ਵਿੱਚ ਜਿੱਥੇ ਧਿਆਨ ਦੇਣ ਦੀ ਲੋੜ ਹੈ, ਨਿਦਾਨਾਤਮਕ ਸੂਚਨਾ ਉਪਲੱਬਧ ਕਰਾਓ ਅਤੇ ਉਨ੍ਹਾਂ ਨੂੰ ਦੱਸੋ 'ਇੱਥੇ ਤੁਸੀਂ ਗਲਤੀ ਕਰ ਰਹੇ ਹੋ ਅਤੇ ਇਸ ਦੇ ਅਭਿਆਸ ਦੀ ਤੁਹਾਨੂੰ ਜ਼ਰੂਰਤ ਹੈ।' (3) ਤੁਸੀਂ ਵਿਦਿਆਰਥੀਆਂ ਨੂੰ ਸਾਵਧਾਨੀਪੂਰਬਕ ਕ੍ਰਮ ਅਨੁਸਾਰ ਟੈਸਟ ਅਭਿਆਸ ਦਿਓ ਜਿਸ ਨਾਲ ਕਿ ਵਿਦਿਆਰਥੀ ਵਿੱਚ ਇੱਕ ਸਫਲਤਾ ਦਾ ਅਹਿਸਾਸ ਪ੍ਰਾਪਤ ਹੋਵੇ, ਉਦਾਹਰਨ ਲਈ ਜੇਕਰ ਉਹ 'ਘਟਾ' ਦੇ ਪ੍ਰਸ਼ਨ ਕਰਨ ਵਿੱਚ ਸਮਰੱਥ ਨਹੀਂ ਹੈ ਤਾਂ ਉਹ ਭਾਗ ਦੇ ਪ੍ਰਸ਼ਨ ਵੀ ਹੱਲ ਨਹੀਂ ਕਰ ਸਕਦਾ ਹੈ। ਇਸ ਲਈ ਤੁਸੀਂ ਉਸ ਨੂੰ ਭਾਗ ਦੇ ਪ੍ਰਸ਼ਨ ਦੇਣ ਤੋਂ ਪਹਿਲਾਂ 'ਘਟਾ' ਦੇ ਪ੍ਰਸ਼ਨ ਨੂੰ ਹੱਲ ਕਰਨ ਦਾ ਅਭਿਆਸ ਦਾ ਮੌਕਾ ਦਿਓ ਤਾਂ ਕਿ ਉਸ ਨੂੰ ਸਫਲਤਾ ਦਾ ਅਹਿਸਾਸ ਹੋਵੇ।(4) ਵਿਦਿਆਰਥੀ ਨੂੰ ਘੱਟ ਸਮੇਂ ਦੇ ਟੀਚੇ ਅਤੇ ਉਸਦੀ ਪ੍ਰਗਤੀ ਦੇ ਬਾਰੇ ਵਿੱਚ ਜਾਣਕਾਰੀ ਦੇ ਕੇ ਉਤਸ਼ਾਹਿਤ ਕਰੋ। ਅਤੇ ਉਸਨੂੰ ਕਹੋ ਕਿ ਤੁਸੀਂ ਘਟਾ ਦੇ ਪ੍ਰਸ਼ਨ ਬਹੁਤ ਜਲਦੀ ਅਤੇ ਸਹੀ ਢੰਗ ਨਾਲ ਕੀਤੇ ਹਨ। ਇਸੀ ਪ੍ਰਕਾਰ ਤੁਸੀਂ ਭਾਗ ਦੇ ਪ੍ਰਸ਼ਨ ਵੀ ਆਸਾਨੀ ਨਾਲ ਹੱਲ ਕਰ ਸਕਦੇ ਹੋ। (5) ਵਿਦਿਆਰਥੀ ਨੂੰ ਉਪਚਾਰਾਤਮਕ ਪ੍ਰਕਿਰਿਆ ਦੇ ਪ੍ਰਭਾਵਸ਼ਾਲੀ ਪਹਿਲੂ ਨਾਲ ਸਬੰਧਿਤ ਸੂਚਨਾ ਇਹ ਕਹਿੰਦੇ ਹੋਏ ਉਪਲੱਬਧ ਕਰਾਓ ਕਿ ਤੁਸੀਂ ਇਹ ਕਾਰਜ ਸਹੀ ਢੰਗ ਨਾਲ ਕੀਤਾ ਕਿਉਂਕਿ ਤੁਸੀਂ ਅਵਿਵਸਥਿਤ ਰੂਪ ਨਾਲ ਸ਼ੁਰੂ ਕਰਕੇ ਪ੍ਰਕਿਰਿਆ ਰਾਹੀਂ ਇੱਥੋਂ ਤੱਕ ਪਹੁੰਚੇ ਅਤੇ ਇਸ ਪ੍ਰਕਾਰ ਨਾਲ ਤੁਸੀਂ ਪ੍ਰਗਤੀ ਕੀਤੀ।

**ਈ–5 ਗਲਤੀ ਅਤੇ ਭੁੱਲ ਵਿੱਚ ਕੀ ਅੰਤਰ ਹੈ ? ਵਿਦਿਆਰਥੀਆਂ ਦੇ ਗ੍ਰਹਿ ਕਾਰਜ ਦੇ ਦਿਨ ਪ੍ਰਤੀਦਿਨ ਦੇ ਪ੍ਰੇਖਣ ਤੋਂ ਉਦਾਹਰਨ ਦਿਓ।**

**ਈ-6 ਤੁਹਾਡੇ ਵਿਸ਼ਾ ਖੇਤਰ ਵਿੱਚ ਵਿਦਿਆਰਥੀਆਂ ਵੱਲੋਂ ਸਿਖਲਾਈ ਕਠਿਨਾਈਆਂ ਦਾ ਉਪਚਾਰ ਕਰਨ ਲਈ ਪਾਲਣ ਕੀਤੇ ਜਾਣ ਵਾਲੇ ਪੜਾਵਾਂ ਦੀ ਚਰਚਾ ਇੱਕ ਅਧਿਆਪਕ ਦੇ ਰੂਪ ਵਿੱਚ ਕਰੋ।**

**ਸੰਪੂਰਨਤਾ**

ਜੋ ਬੱਚਾ ਚੰਗੀ ਕਾਰਗੁਜ਼ਾਰੀ ਕਰ ਰਿਹਾ ਹੈ ਉਨ੍ਹਾਂ ਦਾ ਵੀ ਤੁਹਾਨੂੰ ਧਿਆਨ ਰੱਖਣਾ ਹੋਏਗਾ। ਉਸ ਨੂੰ ਇਹ ਸਮਝਣਾ ਹੋਏਗਾ ਕਿ ਉਹ ਆਪਣੀਆਂ ਸਮਰੱਥਾਵਾਂ ਦਾ ਸੰਪੂਰਨ ਉਪਯੋਗ ਕਰਕੇ ਉੱਤਮ ਕਾਰਜ ਪ੍ਰਦਰਸ਼ਨ ਕਰ ਸਕਦਾ ਹੈ। ਇਸ ਲਈ ਅਜਿਹੇ ਵਿਦਿਆਰਥੀ ਲਈ ਤੁਸੀਂ ਉੱਚ ਪੱਧਰੀ ਸਿਖਲਾਈ ਸਮੱਗਰੀ ਤਿਆਰ ਕਰੋ/ਜਾਂ ਉਸ ਨੂੰ ਉੱਚ ਪੱਧਰੀ ਸਿਖਲਾਈ ਗਤੀਵਿਧੀ ਦਿਓ ਜਾਂ ਨਿਰਧਾਰਤ ਕਾਰਜ ਦਿਓ। ਉਦਾਹਰਨ ਲਈ ਔਸਤ ਵਿਦਿਆਰਥੀ ਨੂੰ ਇੱਕ ਕਠਿਨ ਸ਼ਬਦ ਦੀ ਵਰਤੋਂ ਕਰਕੇ ਇੱਕ ਵਾਕ ਬਣਾਉਣ ਲਈ ਕਹੋ ਅਤੇ ਔਸਤ ਤੋਂ ਜ਼ਿਆਦਾ ਬੱਚੇ ਨੂੰ ਦੋ ਕਠਿਨ ਸ਼ਬਦਾਂ ਦਾ ਉਪਯੋਗ ਕਰਕੇ ਇੱਕ ਵਾਕ ਬਣਵਾਓ। ਤੁਸੀਂ ਬੱਚਿਆਂ ਦੀ ਪ੍ਰਤਿਭਾ ਨੂੰ ਪੋਸ਼ਿਤ ਕਰਨ ਲਈ ਕਾਰਜ ਦੇ ਕਠਿਨਾਈ ਪੱਧਰ ਨੂੰ ਵਧਾ ਸਕਦੇ ਹੋ।

**ਅਧਿਆਪਕ ਦਾ ਆਪਣਾ ਵਿਚਾਰ**

ਅਧਿਆਪਕ ਦੇ ਰੂਪ ਵਿੱਚ ਤੁਹਾਨੂੰ ਆਪਣੇ ਕਾਰਜ ਦੀ ਕਾਰਗੁਜ਼ਾਰੀ 'ਤੇ ਚਿੰਤਨ ਕਰਨ ਦੀ ਲੋੜ ਹੈ। ਤੁਸੀਂ ਆਪਣੇ ਆਪ ਤੋਂ ਨਿਮਨਲਿਖਤ ਪ੍ਰਸ਼ਨ ਪੁੱਛ ਸਕਦੇ ਹੋ:

- ਕੀ ਮੈਂ ਹਰੇਕ ਵਿਦਿਆਰਥੀ ਲਈ ਉਚਿੱਤ ਕਾਰਜ ਕੀਤਾ ਹੈ ?
- ਕਿਸ ਤਰ੍ਹਾਂ ਨਾਲ ਮੈਂ ਭਿੰਨ ਹੋ ਸਕਦਾ ਸੀ ?
- ਕੀ ਮੈਂ ਆਪਣੇ ਬੱਚਿਆਂ ਲਈ ਅਲੱਗ ਤੋਂ ਵਿਕਲਪਿਕ ਕਾਰਜ ਵਿਕਸਤ ਕਰ ਸਕਦਾ ਹਾਂ ?
- ਮੇਰੇ ਵਿਦਿਆਰਥੀਆਂ ਦੀ ਸਮਰੱਥਾ ਦਾ ਨਿਰਧਾਰਨ ਕਰਨ ਲਈ ਸਭ ਤੋਂ ਸ਼੍ਰੇਸ਼ਠ ਤਕਨੀਕ/ਉਪਕਰਨ ਕੀ ਹੋਣਗੇ ?

ਅਧਿਆਪਕ ਆਪਣੀ ਅਧਿਆਪਨ ਰਣਨੀਤੀ ਅਤੇ ਨਿਰਧਾਰਨ ਰਣਨੀਤੀ ਦਾ ਨਿਰਧਾਰਨ ਜ਼ਰੂਰ ਕਰਨ ਤਾਂ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਮਰੱਥਾਵਾਂ ਦਾ ਉੱਤਮ ਉਪਯੋਗ ਕਰਕੇ ਸਿੱਖਣ ਲਈ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਨਿਰਧਾਰਨ ਕਰਦੇ ਸਮੇਂ ਇਸ ਪ੍ਰਕਾਰ ਨਾਲ ਨਿਰਧਾਰਤ ਕਾਰਜ ਕਰੋ ਜਿਸ ਨਾਲ ਕਿ ਵਿਦਿਆਰਥੀ ਸੁਭਾਵਿਕ ਰੂਪ ਨਾਲ ਜਵਾਬ ਦੇ ਸਕਣ ਅਤੇ ਟੈਸਟ ਵਿੱਚ ਭਾਗ ਲੈਣ ਲਈ ਇਛੁੱਕ ਰਹਿਣ।

**ਗਤੀਵਿਧੀ-6**

ਤੁਸੀਂ ਆਪਣੇ ਪਿਛਲੇ ਇਕਾਈ ਟੈਸਟ ਦੇ ਪ੍ਰਸ਼ਨ ਪੱਤਰਾਂ ਦਾ ਵਿਸ਼ਲੇਸ਼ਣ ਕਰੋ ਅਤੇ ਵਰਣਨ ਕਰੋ ਕਿ ਕਿਸ ਤਰ੍ਹਾਂ ਨਾਲ ਤੁਸੀਂ ਇਸ ਨੂੰ ਬਿਹਤਰ ਢੰਗ ਨਾਲ ਬਣਾ ਸਕਦੇ ਸੀ ? ਇੱਕ ਉਦਾਹਰਨ ਤੁਹਾਡੇ ਲਈ ਦਿੱਤੀ ਗਈ ਹੈ।

| ਪੁੱਛੇ ਗਏ ਪ੍ਰਸ਼ਨ | ਸੁਧਾਰੇ ਪ੍ਰਸ਼ਨ |
|---|---|
| ਪੰਛੀ ਪਰਵਾਸ ਕਿਉਂ ਕਰਦੇ ਹਨ ? | ਸਰਦ ਰੁੱਤ ਵਿੱਚ ਚਿਲਕਾ ਝੀਲ ਵਿੱਚ ਪੰਛੀਆਂ ਦੇ ਪਰਵਾਸ ਦੇ ਕੋਈ ਤਿੰਨ ਕਾਰਨਾਂ ਦਾ ਵਰਣਨ ਕਰੋ। |
| | |
| | |
| | |

ਆਓ ਉਪਰੋਕਤ ਉਦਾਹਰਨ ਵਿੱਚ ਦਿੱਤੇ ਗਏ ਸੁਧਾਰੇ ਪ੍ਰਸ਼ਨ ਦਾ ਵਿਸ਼ਲੇਸ਼ਣ ਕਰਦੇ ਹਾਂ। ਇੱਥੇ ਵਿਦਿਆਰਥੀਆਂ ਨੂੰ ਇੱਕ ਨਿਸ਼ਚਤ ਕਾਰਜ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਨੂੰ ਕੋਈ ਵੀ ਤਿੰਨ ਕਾਰਨਾਂ ਦੀ ਚੋਣ ਕਰਨ ਦੀ ਆਜ਼ਾਦੀ ਹੈ। ਇਹ ਮਦ ਇੱਕ ਵਿਸ਼ਾ ਵਸਤੂ ਨੂੰ ਪੇਸ਼ ਕਰਦਾ ਹੈ। ਇੱਥੇ ਮਦ ਵਿਦਿਆਰਥੀ ਦੇ ਬੋਧਿਕ ਪੱਧਰ ਦੇ ਨਿਰਧਾਰਨ ਨਾਲ ਸਬੰਧਿਤ ਹੈ। ਮਦ ਦਾ ਛੋਟੇ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਢੰਗ ਨਾਲ ਪ੍ਰਤੀਕਿਰਿਆ ਦਿੱਤੀ ਜਾ ਸਕਦੀ ਹੈ।

### 16.4 ਸਾਰਾਂਸ਼

- ਰਿਕਾਰਡਿੰਗ, ਵਿਦਿਆਰਥੀਆਂ ਦੇ ਵਿਦਿਅਕ ਅਤੇ ਸਹਿ ਵਿਦਿਅਕ ਦੋਨੋਂ ਖੇਤਰਾਂ ਦੀ ਸਿਖਲਾਈ ਕਾਰਜਕੁਸ਼ਲਤਾ ਅਤੇ ਪ੍ਰਗਤੀ ਦਾ ਵਿਭਿੰਨ ਤਰੀਕਿਆਂ ਅਤੇ ਉਪਕਰਨਾਂ ਰਾਹੀਂ ਇਕੱਤਰ ਕੀਤੇ ਗਏ ਪ੍ਰਮਾਣਾਂ ਦਾ ਵਿਵਸਥਿਤ ਢੰਗ ਨਾਲ ਰਿਪੋਰਟ ਕਰਨ ਦੀ ਵਿਧੀ ਨਾਲ ਸਬੰਧ ਹੈ।

- ਰਿਕਾਰਡਿੰਗ, ਵਿਦਿਆਰਥੀ ਕਿਸ ਪ੍ਰਕਾਰ ਨਿਮਨ ਸਮਝ ਅਤੇ ਕੁਸ਼ਲ ਪੱਧਰ ’ਤੇ ਹਾਸਲ ਸਿਖਲਾਈ ਅਤੇ ਪ੍ਰਗਤੀ ਦੇ ਉੱਚ ਅਤੇ ਕਠਿਨ ਪੱਧਰ ’ਤੇ ਹਾਸਲ ਗਿਆਨ ਅਤੇ ਪ੍ਰਗਤੀ ਦੇ ਨਿਰਧਾਰਨ ਨਤੀਜੇ ਦੀ ਫੀਡਬੈਕ ਨੂੰ ਵੰਡਣਾ ਅਤੇ ਸੰਚਾਰਿਤ ਕਰਨਾ ਹੈ।

- ਵਿਦਿਆਰਥੀਆਂ ਦੇ ਨਿਰਧਾਰਨ ਦੇ ਰਿਕਾਰਡ ਨੂੰ ਵਿਭਿੰਨ ਹਿੱਤ ਧਾਰਕਾਂ ਨੂੰ ਅਲੱਗ ਅਲੱਗ ਢੰਗ ਨਾਲ ਰਿਪੋਰਟ ਕਰਨਾ ਹੈ ਜਿਵੇਂ (1) ਵਿਦਿਆਰਥੀ ਅਤੇ ਮਾਪੇ (2) ਅਧਿਆਪਕ ਅਤੇ ਸਲਾਹਕਾਰ ਅਤੇ (3) ਯੋਜਨਾ ਬਣਾਉਣ ਵਾਲੇ ਅਤੇ ਪ੍ਰਸ਼ਾਸਕ ਦੇ ਉਨ੍ਹਾਂ ਦੀ ਤਰਫ਼ ਤੋਂ ਦਖਲਅੰਦਾਜ਼ੀ ਦੀ ਲੋੜ ਲਈ।

- ਵਿਦਿਆਰਥੀਆਂ ਦੇ ਰਿਪੋਰਟ ਕਾਰਡ ਵਿੱਚ ਕੁਝ ਆਯਾਮਾਂ ਨੂੰ ਸ਼ਾਮਲ ਕਰਨ ਦੀ ਲੋੜ ਹੈ ਜਿਵੇਂ (1) ਵਿਦਿਆਰਥੀ ਦਾ ਪ੍ਰੋਫਾਇਲ (2) ਵਿਦਿਅਕ ਖੇਤਰ ਵਿੱਚ ਵਿਦਿਆਰਥੀ ਦੀ ਕਾਰਗੁਜ਼ਾਰੀ (3) ਵਿਦਿਆਰਥੀ ਦੀ ਸਹਿ ਵਿਦਿਅਕ ਖੇਤਰਾਂ ਵਿੱਚ ਕਾਰਜਕੁਸ਼ਲਤਾ (4) ਵਿਦਿਆਰਥੀ ਦਾ ਵਿਅਕਤੀਗਤ ਸਮਾਜਿਕ ਗੁਣ (5) ਵਿਦਿਆਰਥੀ ਦੀ ਸਹਿਗਾਮੀ ਗਤੀਵਿਧੀ (6) ਵਿਦਿਆਰਥੀ ਦੀ ਹਾਜ਼ਰੀ (7) ਕਲਾਸ ਅਧਿਆਪਕ ਅਤੇ ਪ੍ਰਿੰਸੀਪਲ/ਮੁੱਖ ਅਧਿਆਪਕ ਦੀ ਟਿੱਪਣੀ (8) ਵਿਦਿਆਰਥੀ ਦਾ ਸਮੁੱਚਾ ਨਤੀਜਾ।

- ਵਾਤਾਵਰਣ ਅਧਿਐਨ ਵਿੱਚ ਸਿਖਲਾਈ ਨਿਰਧਾਰਨ ਦੀ ਰਿਕਾਰਡਿੰਗ ਵਿੱਚ ਕੁਝ ਆਯਾਮਾਂ ਨੂੰ ਸ਼ਾਮਲ ਕਰਨਾ ਜਿਵੇਂ (1) ਪ੍ਰੇਖਣ ਅਤੇ ਰਿਕਾਰਡਿੰਗ (2) ਚਰਚਾ (3) ਪ੍ਰਗਟਾਵਾ (4) ਵਿਆਖਿਆ (5) ਵਰਗੀਕਰਨ (6) ਪ੍ਰਸ਼ਨ ਪੁੱਛਣਾ (7) ਵਿਸ਼ਲੇਸ਼ਣ (8) ਪ੍ਰਯੋਗਿਕ ਕਾਰਜ (9) ਨਿਆਂ ਅਤੇ ਸਮਾਨਤਾ ਲਈ ਨਿਸ਼ਠਾ ਅਤੇ (10) ਸਹਿਯੋਗ ਦੀ ਭਾਵਨਾ।

- ਭਾਸ਼ਾ ਵਿੱਚ ਨਿਰਧਾਰਨ ਦੀ ਰਿਕਾਰਡਿੰਗ ਵਿੱਚ ਬੁਨਿਆਦੀ ਕੁਸ਼ਲ ਜਿਵੇਂ (1) ਸੁਣਨਾ (2) ਬੋਲਣਾ (3) ਪੜ੍ਹਨਾ (4) ਲਿਖਣਾ, ਨੂੰ ਸ਼ਾਮਲ ਕਰ ਸਕਦੇ ਹਾਂ।

- ਗਣਿਤ ਵਿੱਚ ਨਿਰਧਾਰਨ ਦੀ ਰਿਕਾਰਡਿੰਗ ਵਿੱਚ ਇੱਕ ਕਲਾਸ ਵਿਸ਼ੇਸ਼ ਵਿੱਚ ਸਿਖਾਏ ਗਏ ਵਿਭਿੰਨ ਵਿਸ਼ਾ ਵਸਤੂ ਨੂੰ ਸ਼ਾਮਲ ਕਰ ਸਕਦੇ ਹਾਂ।

- ਨਿਰਧਾਰਨ ਨਤੀਜੇ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ (1) ਵਿਸ਼ੇ ਦੇ ਅਨੁਸਾਰ (2) ਉਪ ਵਿਸ਼ੇ ਦੇ ਅਨੁਸਾਰ ਅਤੇ (3) ਸਿਖਲਾਈ ਨਤੀਜੇ ਦੇ ਅਨੁਸਾਰ, ਵਿਦਿਆਰਥੀਆਂ ਦੇ ਸਿਖਲਾਈ ਪੱਧਰ ਨੂੰ ਉੱਨਤ ਬਣਾਉਣ ਲਈ ਕੀਤਾ ਜਾ ਸਕਦਾ ਹੈ।

- ਨਿਰਧਾਰਨ ਨਤੀਜੇ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਅਨੁਸਰਣ ਪ੍ਰੋਗਰਾਮ ਜਿਵੇਂ ਸਲਾਹ, ਨਿਦਾਨ ਰਾਹੀਂ ਉਪਚਾਰ, ਅਤੇ ਸੰਪੂਰਨਤਾ ਪ੍ਰੋਗਰਾਮ ਦਾ ਆਯੋਜਨ ਅਧਿਆਪਕ ਵੱਲੋਂ ਕੀਤਾ ਜਾ ਸਕਦਾ ਹੈ। ਅਧਿਆਪਕ ਵਿਦਿਆਰਥੀਆਂ ਦੇ ਸਿਖਲਾਈ ਨਿਰਧਾਰਨ 'ਤੇ ਆਪਣਾ ਵਿਚਾਰ ਰੱਖ ਸਕਦਾ ਹੈ ਅਤੇ ਸਿਖਲਾਈ ਨਿਰਧਾਰਨ ਨੂੰ ਨਿਰਧਾਰਤ ਕਰਨ ਲਈ ਵਰਤੇ ਜਾਣ ਵਾਲੇ ਉਪਕਰਨਾਂ ਅਤੇ ਤਕਨੀਕਾਂ ਦਾ ਨਿਰਧਾਰਨ ਕਰ ਸਕਦਾ ਹੈ।

## 16.5 ਪ੍ਰਗਤੀ ਦੀ ਜਾਂਚ ਲਈ ਆਦਰਸ਼ ਉੱਤਰ

**ਈ-1 ਵਿਦਿਆਰਥੀ ਦੇ ਨਿਰਧਾਰਨ ਦੀ ਰਿਪੋਰਟਿੰਗ ਸਹਾਇਕ ਹੈ।**

(1) **ਅਧਿਆਪਕ ਲਈ**

- ਵਿਭਿੰਨ ਇਕੱਤਰ ਸੂਚਨਾ ਰਾਹੀਂ ਵਿਦਿਆਰਥੀਆਂ ਦੀਆਂ ਸ਼ਕਤੀਆਂ ਨੂੰ ਸਮਝਣ ਵਿੱਚ।

- ਵਿਦਿਆਰਥੀ ਦੇ ਪੂਰਵ ਪ੍ਰੋਫਾਇਲ ਦਾ ਵਿਕਾਸ ਕਰਨ ਵਿੱਚ।

- ਵਿਦਿਆਰਥੀ ਕਿਸ ਪ੍ਰਕਾਰ ਨਾਲ ਸਿੱਖ ਰਿਹਾ ਹੈ/ਉੱਨਤੀ ਕਰ ਰਿਹਾ ਹੈ, ਦੇ ਬਾਰੇ ਵਿੱਚ ਸਿੱਟਾ ਕੱਢਣ ਵਿੱਚ।

- ਵਿਦਿਆਰਥੀ ਕਿੱਥੇ ਹੈ ਅਤੇ ਵਿਦਿਆਰਥੀ ਦੀ ਸਹਾਇਤਾ ਕਰਨ ਲਈ ਕੀ ਕੀਤਾ ਜਾ ਸਕਦਾ ਹੈ ? ਸਮਝਣਾ।

(2) **ਮਾਪਿਆਂ ਲਈ**

- ਇਹ ਜਾਣਨ ਲਈ ਕਿ ਬੱਚਾ ਸਕੂਲ ਵਿੱਚ ਕੀ ਕਰ ਰਿਹਾ ਹੈ।

- ਸਿੱਖਣ ਵਿੱਚ ਬੱਚੇ ਦੇ ਮਜ਼ਬੂਤ ਅਤੇ ਕਮਜ਼ੋਰ ਪੱਖਾਂ ਨੂੰ ਪਛਾਣਨਾ।

- ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਤੇ ਯੋਗਤਾ ਅਨੁਸਾਰ ਕਾਰਜ ਕਰਨ ਲਈ ਪ੍ਰੇਰਿਤ ਕਰਨਾ।

- ਵਿਦਿਆਰਥੀ ਦੀ ਲੋੜ ਅਨੁਸਾਰ ਉਪਚਾਰਾਤਮਕ/ਸੰਪੂਰਨਾ ਲਈ ਗਤੀਵਿਧੀ ਤਿਆਰ ਕਰਨਾ।

(3) **ਵਿਦਿਆਰਥੀਆਂ ਲਈ**

- ਆਪਣੀ ਕਾਰਜਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਪ੍ਰੇਰਣਾ ਨੂੰ ਪ੍ਰੋਤਸਾਹਨ ਦੇਣਾ।

- ਵਿਅਕਤੀਗਤ-ਸਮਾਜਿਕ ਵਿਕਾਸ ਨੂੰ ਪ੍ਰੋਤਸਾਹਨ ਦੇਣਾ।

- ਜਾਣਨਾ ਕਿ ਉਹ ਕੀ ਕਰ ਰਹੇ ਹਨ ? ਕਿਉਂ ਕਰ ਰਹੇ ਹਨ ? ਇੱਥੋਂ ਉਨ੍ਹਾਂ ਦੇ ਕਮਜ਼ੋਰ ਪੱਖਾਂ ਨੂੰ ਪਛਾਣ ਕੇ ਸੁਧਾਰਨ ਦਾ ਮੌਕਾ ਪ੍ਰਦਾਨ ਕਰੇਗਾ।

**ਈ-2 ਵਿਦਿਆਰਥੀ ਦੇ ਵਿਦਿਅਕ ਅਤੇ ਸਹਿ ਵਿਦਿਅਕ ਖੇਤਰਾਂ ਵਿੱਚ ਉੱਨਤੀ ਦੀ ਰਿਕਾਰਡਿੰਗ ਦੀ ਪ੍ਰਕਿਰਿਆ ਦੌਰਾਨ ਨਿਮਨਲਿਖਤ ਅੰਤਰ ਦਾ ਪ੍ਰੇਖਣ ਕੀਤਾ ਗਿਆ।**

- ਵਿਦਿਆਰਥੀ ਦੇ ਵਿਭਿੰਨ ਵਿਦਿਅਕ ਖੇਤਰਾਂ ਵਿੱਚ ਸਿਖਲਾਈ ਪ੍ਰਗਤੀ ਦਾ ਰਿਕਾਰਡ ਨੰਬਰਾਂ ਜਾਂ ਗ੍ਰੇਡ ਰਾਹੀਂ ਕੀਤਾ ਜਾਂਦਾ ਹੈ। ਪਰ ਸਹਿ ਵਿਦਿਅਕ ਖੇਤਰਾਂ ਦੀ ਰਿਕਾਰਡਿੰਗ ਕਰਨ ਵਿੱਚ ਕੇਵਲ ਗ੍ਰੇਡ ਦੀ ਵਰਤੋਂ ਕੀਤੀ ਜਾਂਦੀ ਹੈ।

- ਵਿਦਿਅਕ ਖੇਤਰਾਂ ਦੀ ਸਿਖਲਾਈ ਪ੍ਰਗਤੀ ਦਾ ਰਿਕਾਰਡ ਨੰਬਰਾਂ ਜਾਂ ਗ੍ਰੇਡ ਦੇ ਮੌਖਿਕ, ਲਿਖਤੀ ਅਤੇ ਪ੍ਰਯੋਗਿਕ/ਪ੍ਰਾਜੈਕਟ/ਨਿਰਧਾਰਤ ਕਾਰਜ ਸਿਰਲੇਖ ਤਹਿਤ ਅਲੱਗ ਅਲੱਗ ਕੀਤਾ ਜਾਂਦਾ ਹੈ, ਪਰ ਸਹਿ ਵਿਦਿਅਕ ਖੇਤਰਾਂ ਦੀ ਰਿਕਾਰਡਿੰਗ ਵਿਆਪਕ ਰੂਪ ਨਾਲ ਅਲੱਗ ਅਲੱਗ ਪਹਿਲੂਆਂ ਜਿਵੇਂ ਡਰਾਇੰਗ, ਪੇਂਟਿੰਗ ਅਤੇ ਸੰਗੀਤ ਆਦਿ ਵਿੱਚ ਕੀਤੀ ਜਾਂਦੀ ਹੈ।

**ਈ-3 ਵਿਭਿੰਨ ਵਿਸ਼ਾ ਖੇਤਰਾਂ ਵਿੱਚ ਸਿਖਲਾਈ ਨਿਰਧਾਰਨ ਦੀ ਰਿਕਾਰਡਿੰਗ ਦੇ ਦੌਰਾਨ ਨਿਮਨਲਿਖਤ ਭਿੰਨਤਾਵਾਂ ਦਾ ਪ੍ਰੇਖਣ ਕੀਤਾ ਗਿਆ ਹੈ।**

- ਭਾਸ਼ਾ ਵਿੱਚ ਸਿਖਲਾਈ ਨਿਰਧਾਰਨ ਦੀ ਰਿਕਾਰਡਿੰਗ ਵਿੱਚ ਬੁਨਿਆਦੀ ਕੁਸ਼ਲ ਸ਼ਾਮਲ ਕੀਤੇ ਜਾਂਦੇ ਹਨ ਜਿਵੇਂ (1) ਸੁਣਨਾ (2) ਬੋਲਣਾ (3) ਪੜ੍ਹਨਾ (4) ਲਿਖਣਾ

- ਈਵੀਐੱਸ ਵਿੱਚ ਸਿਖਲਾਈ ਨਿਰਧਾਰਨ ਦੀ ਰਿਕਾਰਡਿੰਗ ਵਿੱਚ ਵਿਭਿੰਨ ਆਯਾਮਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਵੇਂ (1) ਪ੍ਰੇਖਣ ਅਤੇ ਰਿਕਾਰਡਿੰਗ (2) ਚਰਚਾ (3) ਪ੍ਰਗਟਾਵਾ (4) ਵਿਆਖਿਆ (5) ਵਰਗੀਕਰਨ (6) ਪ੍ਰਸ਼ਨ ਪੁੱਛਣਾ (7) ਵਿਸ਼ਲੇਸ਼ਣ (8) ਪ੍ਰਯੋਗਿਕ (9) ਨਿਆਂ ਅਤੇ ਸਮਾਨਤਾ ਦੇ ਲਈ ਨਿਸ਼ਠਾ ਅਤੇ (10) ਸਹਿਯੋਗ ਦੀ ਭਾਵਨਾ।

- ਗਣਿਤ ਵਿੱਚ ਸਿਖਲਾਈ ਨਿਰਧਾਰਨ ਦੀ ਰਿਕਾਰਡਿੰਗ ਵਿੱਚ ਕਲਾਸ ਵਿਸ਼ੇਸ਼ ਵਿੱਚ ਸਿਖਾਏ ਗਏ ਵਿਭਿੰਨ ਉਪ ਵਿਸ਼ਿਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

**ਈ-4 ਭੁੱਲ ਹੋ ਜਾਂਦੀ ਹੈ, ਪਰ ਗਲਤੀ ਕੀਤੀ ਜਾਂਦੀ ਹੈ, ਭੁੱਲ ਆਮ ਤੌਰ 'ਤੇ ਹੋ ਸਕਦੀ ਹੈ। ਪਰ ਗਲਤੀਆਂ ਵਿੱਚ ਮਨੁੱਖੀ ਕਿਰਿਆਵਾਂ ਸ਼ਾਮਲ ਹੁੰਦੀਆਂ ਹਨ। ਇੱਕ ਭੁੱਲ ਵਿੱਚ ਸਟੀਕਤਾ ਜਾਂ ਸਹੀ ਨਾਲ ਭਟਕਣ ਹੁੰਦੀ ਹੈ। ਇੱਕ ਗਲਤੀ ਇੱਕ ਭੁੱਲ ਹੈ ਜੋ ਭੁੱਲਚੁੱਕ ਰਾਹੀਂ ਹੁੰਦੀ ਹੈ। ਭੁੱਲਚੁੱਕ ਗਲਤ ਫੈਸਲਾ ਲੈਣ ਵਿੱਚ, ਅਸਾਵਧਾਨੀ ਵਿੱਚ ਜਾਂ ਭੁੱਲ ਕਾਰਨ ਹੋ ਸਕਦੀ ਹੈ।**

**ਈ-5 ਤੁਹਾਨੂੰ ਇੱਕ ਅਧਿਆਪਕ ਹੋਣ ਦੇ ਨਾਤੇ ਆਪਣੇ ਵਿਸ਼ਾ ਖੇਤਰ ਵਿੱਚ ਸਿਖਲਾਈ ਕਠਿਨਾਈਆਂ ਵਾਲੇ ਵਿਦਿਆਰਥੀਆਂ ਲਈ ਉਪਚਾਰ ਦੇ ਨਿਮਨਲਿਖਤ ਪੜਾਵਾਂ ਦਾ ਪਾਲਣ ਕਰਨਾ ਚਾਹੀਦਾ ਹੈ।**

- ਵਿਸ਼ੇ ਅਨੁਸਾਰ ਅਤੇ ਸੈਸ਼ਨ ਅਨੁਸਾਰ ਨਿਰਧਾਰਨ ਦਾ ਵਿਸ਼ਲੇਸ਼ਣ ਕਰਕੇ ਸਿਖਲਾਈ ਕਠਿਨਾਈਆਂ ਵਾਲੇ ਵਿਦਿਆਰਥੀਆਂ ਦਾ ਨਿਰਧਾਰਨ ਕਰਨਾ।

- ਨਿਦਾਨ ਰਾਹੀਂ ਸਿਖਲਾਈ ਕਠਿਨਾਈਆਂ ਨੂੰ ਵਿਸ਼ੇਸ਼ ਪ੍ਰਕਿਰਤੀ ਦਾ ਨਿਰਧਾਰਨ ਕਰਨਾ।

- ਸਿਖਲਾਈ ਕਠਿਨਾਈਆਂ ਜਿਵੇਂ ਯੋਗਤਾ, ਰੁਚੀ, ਪ੍ਰੋਤਸਾਹਨ ਅਤੇ ਪਸੰਦ ਆਦਿ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਨਿਰਧਾਰਨ ਕਰਨਾ।

- ਉਚਿੱਤ ਉਪਚਾਰਾਤਮਕ ਵਿਧੀ ਨੂੰ ਲਾਗੂ ਕਰਨਾ।

### 16.6 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

1. Government of India (1986 & 1992). National Policy on Education, Ministry

of Human Resource Development, Department of Education, New Delhi.

2. Government of India (1991). Minimum Levels of Learning at the Primary Stage: Report of the Committee Set Up by Ministry of Human Resource Development, NCERT, New Delhi.

3. Government of India (2005). National Curriculum Framework. Ministry of Human Resource Development, NCERT, New Delhi.

4. Gronlund, N.E. & Linn, R. (1990). Measurement and Evaluation in Teaching (6th Ed.). Macmillan Publishing, New York.

5. Rajput, S. et. Al. (2002). Handbook on Paper Setting. NCERT, New Delhi.

6. Shertzer, B. & Peters, H.J. (1965). Guidance Techniques for Individual Appraisal and Development. Macmillan Company, New York.

7. Singh, P. (1986). Evaluation at the Elementary Stage: A Book of Readings (Ed.), NCERT, New Delhi.

## 16.7 ਇਕਾਈ ਅੰਤ ਅਭਿਆਸ

1. ਉਹ ਕਿਹੜੇ ਵਿਭਿੰਨ ਹਿੱਤ ਧਾਰਕ ਹਨ ਜੋ ਵਿਦਿਆਰਥੀ ਦੇ ਪ੍ਰਦਰਸ਼ਨ ਨੂੰ ਰਿਕਾਰਡ ਕਰਦੇ ਹਨ ? ਉਹ ਬੱਚੇ ਦੇ ਸਿਖਲਾਈ ਪ੍ਰਦਰਸ਼ਨ ਦੇ ਸੁਧਾਰ ਵਿੱਚ ਕਿਵੇਂ ਯੋਗਦਾਨ ਪਾ ਸਕਦੇ ਹਨ ? ਵਰਣਨ ਕਰੋ।
2. ਰਿਕਾਰਡਿੰਗ ਲਈ ਮਾਰਗਦਰਸ਼ਨ ਸੂਚੀ ਅਧਿਆਪਕ ਲਈ ਕਿਵੇਂ ਸਹਾਈ ਹੈ ? ਚਰਚਾ ਕਰੋ।
3. ਸਿਖਲਾਈ 'ਤੇ ਆਧਾਰਿਤ ਨਿਰਧਾਰਨ ਦੇ ਨਤੀਜੇ ਵਿੱਚ ਸੁਧਾਰ ਲਈ ਅਧਿਆਪਕ ਵੱਲੋਂ ਚੁੱਕੇ ਗਏ ਕਦਮਾਂ ਦੀ ਵਿਆਖਿਆ ਕਰੋ।
4. ਕਾਰਜਕੁਸ਼ਲਤਾ ਟੈਸਟ ਦੀ ਸੰਰਚਨਾ ਕਰਨ ਦੇ ਪੜਾਵਾਂ ਦੀ ਵਿਆਖਿਆ ਕਰੋ ਅਤੇ ਤੁਹਾਡੇ ਵਿਸ਼ੇ ਵਿੱਚ ਵਿਦਿਆਰਥੀਆਂ ਨੂੰ ਹੋਣ ਵਾਲੀਆਂ ਸਿਖਲਾਈ ਕਠਿਨਾਈਆਂ ਦਾ ਨਿਦਾਨ ਕਰਨ ਲਈ ਟੈਸਟ ਮਦਾਂ ਦਾ ਵਿਕਾਸ ਕਰੋ।